New Location
Punjab Insurance Agency Inc.
Super Visa Insurance
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
• ਲਾਈਫ਼ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਕਿਸੇ ਪ੍ਰਕਾਰ ਦੀ ਵੀ ਇੰਸ਼ੋਰੈਂਸ ਸਬੰਧੀ ਜਾਣਕਾਰੀ ਲਵੋ।
ਸੁਪਰ ਵੀਜ਼ਾ ਇੰਸ਼ੋਰੈਂਸ ਲਈ ਵੀ ਫੋਨ ਕਰ ਸਕਦੇ ਹੋ।
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.

ਕੈਨੇਡੀਅਨ
# ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
Funded by the Government of Canada | Financé par le gouvernement du Canada | Canada
SINCE : 2007
: www.thepunjabtimes.ca
: canadianpunjabtimes@gmail.com
Vol - 18 | 22 November, 2024 | ੭ ਮੱਘਰ ਨਾਨਕਸ਼ਾਹੀ ਸੰਮਤ ਪ੫੬ | Ph.: 604-338-7310 | FAX : 604-572-3638 | /canadianpunjabtimes

ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar
(Pasla)
604-597-0991
778-895-7444
: icc.accounting@yahoo.ca
: 8740 - 140A St., Surrey, BC V3W 0M4

# ਐਨ.ਡੀ.ਪੀ. ਵਲੋਂ ਨਵੇਂ ਮੰਤਰੀ ਮੰਡਲ ਦਾ ਗਠਨ

### ਨਿੱਕੀ ਸ਼ਰਮਾ ਨੂੰ ਬਣਾਇਆ ਅਟਾਰਨੀ ਆਫ਼ ਜਨਰਲ, ਰਵੀ ਕਾਹਲੋਂ, ਜਗਰੂਪ ਬਰਾੜ ਅਤੇ ਰਵੀ ਪਰਮਾਰ ਵੀ ਬਣੇ ਮੰਤਰੀ



ਸਰੀ, (ਸਿਮਰਨਜੀਤ ਸਿੰਘ): ਪਿਛਲੇ ਮਹੀਨੇ ਬ੍ਰਿਟਿਸ਼ ਕੋਲੰਬੀਆ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਬੀ.ਸੀ. ਸੂਬੇ ਦਾ ਰਾਜਨੀਤਿਕ ਦ੍ਰਿਸ਼ ਪੂਰੀ ਤਰ੍ਹਾਂ ਬਦਲ ਗਿਆ ਹੈ ਹਲਾਂਕਿ ਕੁਝ ਹਲਕਿਆਂ ਵਿੱਚ ਜਿੱਤ-ਹਾਰ ਦਾ ਫਰਕ 100 ਤੋਂ ਵੀ ਘੱਟ ਹੋਣ ਕਰਕੇ ਵੋਟਾਂ ਦੀ ਦੁਬਾਰਾ ਗਿਣਤੀ ਹੋਈ। ਦੁਬਾਰਾ ਗਿਣਤੀ ਤੋਂ ਬਾਅਦ ਐਨਡੀਪੀ ਨੇ ਮੁੜ ਸੱਤਾ ਵਿੱਚ ਵਾਪਸੀ ਕੀਤੀ। ਪ੍ਰੀਮੀਅਰ ਡੇਵਿਡ ਈਬੀ ਨੇ 27 ਮੰਤਰੀਆਂ ਅਤੇ ਚਾਰ ਰਾਜ ਮੰਤਰੀਆਂ ਦੇ ਨਾਲ ਨਵਾਂ ਮੰਤਰੀ ਮੰਡਲ ਘੋਸ਼ਿਤ ਕੀਤਾ।

ਨਵੀਂ ਟੀਮ ਵਿੱਚ ਪੰਜਾਬੀ ਮੂਲ ਦੇ ਚਾਰ ਐਮਐਲਏ ਮੰਤਰੀ ਬਣੇ ਹਨ। ਪੰਜਾਬੀ ਮੂਲ ਦੀ ਨਿੱਕੀ ਸ਼ਰਮਾ ਨੂੰ ਅਟਾਰਨੀ ਜਨਰਲ ਬਣਾਇਆ ਗਿਆ। ਜਗਰੂਪ ਬਰਾੜ, ਜੋ ਸਰੀ-ਫਲੀਟਵੁੱਡ ਹਲਕੇ ਤੋਂ ਜਿੱਤਦੇ ਆ ਰਹੇ ਹਨ, ਨੂੰ ਖਣਿਜ ਵਿਭਾਗ ਦੀ ਜ਼ਿੰਮੇਵਾਰੀ ਦਿੱਤੀ ਗਈ। ਬਰਾੜ ਨੇ ਕਿਹਾ, "ਸੂਬੇ ਦੇ ਕੁਦਰਤੀ ਸਰੋਤਾਂ ਦੀ ਸੁਚੱਜੀ ਵਰਤੋਂ ਕਰਦਿਆਂ ਨਵੀਆਂ ਨੌਕਰੀਆਂ ਪੈਦਾ ਕਰਨ ਲਈ ਕੰਮ ਕੀਤਾ ਜਾਵੇਗਾ।"

ਡੈਲਟਾ ਨੌਰਥ ਤੋਂ ਚੋਣ ਜਿੱਤਣ ਵਾਲੇ ਰਵੀ ਕਾਹਲੋਂ ਨੂੰ ਹਾਊਸਿੰਗ ਅਤੇ ਮਿਉਂਸਿਪਲ ਸੇਵਾਵਾਂ ਦਾ ਦੋਹਰਾ ਵਿਭਾਗ ਦਿੱਤਾ ਗਿਆ ਹੈ। ਰਵੀ ਪਰਮਾਰ ਨੂੰ ਜੰਗਲਾਤ ਵਿਭਾਗ ਦੀ ਕਮਾਨ ਸੌਂਪੀ ਗਈ। ਇਹ ਪਹਿਲੀ ਵਾਰ ਹੈ ਕਿ ਪਰਮਾਰ ਨੂੰ ਮੰਤਰੀ ਮੰਡਲ ਦਾ ਹਿੱਸਾ ਬਣਨ ਦਾ ਮੌਕਾ ਮਿਲਿਆ।

ਪਾਰਲੀਮਾਨੀ ਸਕੱਤਰਾਂ ਦੀ ਸੂਚੀ ਵਿੱਚ ਵੀ ☛ ਬਾਕੀ ਸਫ਼ਾ 2 'ਤੇ

# ਕੈਨੇਡਾ ਪੋਸਟ ਦੇ ਵਰਕਰਾਂ ਦੀ ਹੜ੍ਹਤਾਲ ਕਾਰਨ ਲੋਕ ਪਰੇਸ਼ਾਨ




ਸਰੀ, (ਸਿਮਰਨਜੀਤ ਸਿੰਘ): ਕੈਨੇਡਾ ਪੋਸਟ ਦੇ ਵਰਕਰ ਰਾਸ਼ਟਰੀ ਪੱਧਰ 'ਤੇ ਹੜ੍ਹਤਾਲ 'ਤੇ ਹਨ ਜਿਸ ਕਾਰਨ ਦੇਸ਼ ਭਰ ਦੀ ਸਾਰੀ ਡਾਕ ਪ੍ਰਣਾਲੀ ਪ੍ਰਭਾਵਿਤ ਹੈ, ਦੇਸ਼ ਵਿਆਪੀ ਡਾਕ ਸੇਵਾਵਾਂ ਅਤੇ ਨਿੱਜੀ ਪਾਰਸਲਾਂ ਸਬੰਧੀ ਸੇਵਾਵਾਂ ਠੱਪ ਪਈਆਂ ਹਨ ਜਿਸ ਕਾਰਨ ਲੋਕਾਂ ਨੂੰ ਵੱਡੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਹੜ੍ਹਤਾਲ ਕਾਰਨ ਕੈਨੇਡਾ ਦੀ ਅਰਥਵਿਵਸਥਾ ਤੇ ਵੀ ਇਸਦਾ ਡੂੰਘਾ ਅਸਰ ਪੈ ਰਿਹਾ ਹੈ।

ਇਸ ਦਾ ਸਭ ਤੋਂ ਵੱਡਾ ਅਸਰ ਪਾਸਪੋਰਟ ਸੇਵਾਵਾਂ 'ਤੇ ਪਿਆ ਹੈ। ਇੰਪਲੋਇਮੈਂਟ ਐਂਡ ਸੋਸ਼ਲ ਡਿਵੈਲਪਮੈਂਟ ਕੈਨੇਡਾ ਨੇ ਸਪੱਸ਼ਟ ਕੀਤਾ ਹੈ ਕਿ ਹੜਤਾਲ ਦੇ ਚਲਦਿਆਂ 85,000 ਪਾਸਪੋਰਟਾਂ ਨੂੰ ਡਾਕ ਰਾਹੀਂ ਭੇਜਣ ਦੀ ਪ੍ਰਕਿਰਿਆ ਰੋਕ ਦਿੱਤੀ ਗਈ ਹੈ।

ਕੈਨੇਡਾ ਪੋਸਟ ਦੇ ਕਰਮਚਾਰੀ ਆਪਣੇ ਕੰਮ ਦੀ ਮਹਿੰਗਾਈ ਅਤੇ ਦਬਾਅ ਦੇ ਮੱਦੇਨਜ਼ਰ ਉੱਚ ਤਨਖਾਹਾਂ ਦੀ ਮੰਗ ਕਰ ਰਹੇ ਹਨ। ਉਹ ਕਹਿੰਦੇ ਹਨ ਕਿ ਮੌਜੂਦਾ ਤਨਖਾਹ ਮਹਿੰਗਾਈ ਦੀ ਰਫ਼ਤਾਰ ਨਾਲ ਮੇਲ ਨਹੀਂ ਖਾਂਦੀ।

ਡਾਕ ਅਤੇ ਪਾਰਸਲ ਦੀ ਵਧ ਰਹੀ ਮੰਗ ਕਾਰਨ ਕਰਮਚਾਰੀਆਂ ਨੂੰ ਵਾਧੂ ਕੰਮ ਕਰਨਾ ਪੈਂਦਾ ਹੈ। ਉਹ ਵਧੇਰੇ ਘੰਟਿਆਂ ਅਤੇ ਸੁਰੱਖਿਆ ਮਾਪਦੰਡਾਂ ਵਿੱਚ ਸੁਧਾਰ ਦੀ ਮੰਗ ਕਰ ਰਹੇ ਹਨ।

ਯੂਨੀਅਨ ਨੇ ਪੈਨਸ਼ਨ ਅਤੇ ਹੋਰ ਸਹੂਲਤਾਂ ਦੇ ਕਟੌਤੀ ਖਿਲਾਫ਼ ਸਖ਼ਤ ਵਿਰੋਧ ਕੀਤਾ ਹੈ। ਕਰਮਚਾਰੀਆਂ ਦੀ ਮੰਗ ਹੈ ਕਿ ਪੈਨਸ਼ਨ ਪ੍ਰਣਾਲੀ ਅਤੇ ਰਿਟਾਇਰਮੈਂਟ ਫੰਡ ਨੂੰ ਮੁਕੰਮਲ ਸੁਰੱਖਿਆ ਦਿੱਤੀ ਜਾਵੇ।

ਕਈ ਕੰਟਰੈਕਟ ਕਰਮਚਾਰੀਆਂ ਨੂੰ ਸਥਾਈ ਕਰਮਚਾਰੀ ਬਣਾਉਣ ਦੀ ਮੰਗ ਕੀਤੀ ਗਈ ਹੈ ਤਾਂ ਕਿ ਵਰਕਰਾਂ ਨੂੰ ਰੋਜ਼ਗਾਰ ਸੁਰੱਖਿਆ ਮਿਲ ਸਕੇ।

ਜ਼ਿਕਰਯੋਗ ਹੈ ਕਿ ਕੈਨੇਡਾ ਪੋਸਟ ਦੀ ਹੜਤਾਲ ☛ ਬਾਕੀ ਸਫ਼ਾ 2 'ਤੇ

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ
ZIRA
CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ
ਬਖ਼ਸ਼ੀਸ਼ ਸਿੰਘ ਜ਼ੀਰਾ
604-562-7000, 604-314-0000
#397-8148-128 ST.
(PAYAL BUSINESS CENTRE) SURREY

HOMELAND MORTGAGE CORP.
ਜੇ ਮੋਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਘੱਟ ਰੇਟ 'ਤੇ ਕਰਦੇ ਹਾਂ।
Kuldip Singh Panesar
Mortgage Consultant
Cell : 604-308-6839
204-7928-128, Street York Business Centre, Surrey BC V3W4E8

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

JAS ARORA NOTARY CORPORATION
ਅਸੀਂ ਲਾਈਫ਼ ਸਰਟੀਫਿਕੇਟ ਦੀਆਂ ਸੇਵਾਵਾਂ ਮੁਫ਼ਤ ਦਿੰਦੇ ਹਾਂ।
OUR SERVICES
- Affidavits
- Invitation Letters
- Sale/ Purchase / Mortgage
- Travels Consent Letters
- Statutory Declarations
- Power of Attorney
- Sponsorship Letters
Jaswant K. Arora
Notary Public, MA (ALS), MA (Eng.Punjabi)
778-386-9189
#109A-12888 80 Avenue Surrey BC
Email : jas@jasaroranotary.com | Website : jasaroranotary.com

S&S INSURANCE SERVICE
FAST SERVICE AND COMPETITIVE RATES
EXPERT IN
» Construction Insurance » Business Insurance » Home Insurance
» Contractor Insurance » Hard To Place Insurance » Rental House Insurance
CALL NOW
604-319-1000
www.sandsinsurance.ca
6607 Main St, Vancouver 604-324-5711 | 2-8195 120th, Delta 604-635-0890
ICBC

IATA Accredited Agent
SIDHU TRAVEL LTD.
Email : sidhutravel13@gmail.com
ਇੰਡੀਆ ਜਾਂ ਦੁਨੀਆਂ ਵਿੱਚ ਕਿਤੇ ਵੀ ਯਾਤਰਾ ਕਰਨ ਲਈ, ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ। ਆਪਣੀ ਯਾਤਰਾ ਦੇ ਹਰ ਪਲ ਨੂੰ ਬਿਹਤਰ ਬਣਾਉ।
RANI SIDHU : 604-504-3400, AMAN SANDHU : 604-800-3003
3497 Nightingale Dr. Abbotsford, B.C.
Unit 109-12830 80 Ave, York Centre Surrey

ਭਾਰਤ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਸੰਪਰਕ ਕਰੋ
BESTWAY Foreign Exchange Ltd.
ਬੈਸਟਵੇ ਫੌਰਨ ਐਕਸਚੇਂਜ
www.bestwayforeignexchange.com
Sony Sidhu (Zira)
Ph: 778-246-2500 (Abbotsford)
604-592-2676 (Surrey)
Unit 109-12830 80 Ave, York Centre Surrey

PEST CONTROL
RESIDENTIAL & COMMERCIALS
SAFE EFFECTIVE SOLUTIONS
Rats, Mice
Ant, Fire Brats
House Flies
Termites
Spider | Fleas
Bed Bugs
Cockroaches
Silver Fish
ALL SERVICES GUARANTEED
ਅਸੀਂ ਘਰਾਂ ਅਤੇ ਕਮਰਸ਼ੀਅਲ ਥਾਵਾਂ 'ਤੇ ਬਹੁਤ ਹੀ ਵਾਜਿਬ ਕੀਮਤਾਂ 'ਤੇ ਸਰਵਿਸ ਦਿੰਦੇ ਹਾਂ।
Randhir (Randy)
nppestcontrol05@gmail.com
778-683-8964, 778-895-6655

ਹੁਣ ਚਿਲੀਵੈਕ ਵਿਚ ਸਾਡੀ ਦੂਜੀ ਲੋਕੇਸ਼ਨ ਖੁੱਲ ਚੁੱਕੀ ਹੈ
GABA TIRE
All TIRES AVAILABLE (AS, AT & MT)
WHOLESALE TIRES
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
604-897-3235 ABBOTSFORD
604-746-4222 31324 - 107 Peardonville Rd
604-316-3643 CHILLIWACK
BACK SIDE OF CHILLIWACK TAXI : 45877-HOCKING AVE

ਸਫ਼ਾ 1 ਦਾ ਬਾਕੀ..

## ਐਨ.ਡੀ.ਪੀ. ਵਲੋਂ ਨਵੇਂ ਮੰਤਰੀ ...

ਪੰਜਾਬੀ ਮੂਲ ਦੇ ਉਮੀਦਵਾਰਾਂ ਨੇ ਆਪਣਾ ਦਬਦਬਾ ਬਣਾਇਆ। ਹਰਵਿੰਦਰ ਸੰਧੂ, ਜੋ ਵਰਨਨ-ਲੁਬੀ ਹਲਕੇ ਤੋਂ ਲਗਾਤਾਰ ਦੂਜੀ ਵਾਰ ਜਿੱਤੇ ਹਨ, ਨੂੰ ਖੇਤੀਬਾੜੀ ਲਈ ਪਾਰਲੀਮਾਨੀ ਸਕੱਤਰ ਬਣਾਇਆ ਗਿਆ। ਜੈਸੀ ਸੁੰਨੜ, ਜੋ ਸਰੀ ਨਿਊਟਨ ਤੋਂ ਚੁਣੀ ਗਈਆਂ ਹਨ, ਨੂੰ ਐਂਟੀ-ਰੇਸਿਸਮ ਇਨੀਸ਼ੀਏਟਿਵ ਲਈ ਪਾਰਲੀਮਾਨੀ ਸਕੱਤਰ ਬਣਾਇਆ ਗਿਆ। ਵੈਨਕੂਵਰ-ਲੰਗਾਰਾ ਹਲਕੇ ਤੋਂ ਪਹਿਲੀ ਵਾਰ ਐਮਐਲਏ ਚੁਣੇ ਗਏ ਸੁਨੀਤਾ ਧੀਰ ਨੂੰ ਇੰਟਰਨੈਸ਼ਨਲ ਕਰੀਡੈਂਸ਼ੀਅਲਜ਼ ਦਾ ਜ਼ਿੰਮੇਵਾਰ ਬਣਾਇਆ ਗਿਆ।

ਪਿਛਲੇ ਮੰਤਰੀ ਮੰਡਲ ਵਿੱਚ ਸਿਹਤ ਮੰਤਰੀ ਰਹੇ ਐਂਡਰੀਅਨ ਡਿਕਸ ਨੂੰ ਇਸ ਵਾਰ ਊਰਜਾ ਵਿਭਾਗ ਦੀ ਜ਼ਿੰਮੇਵਾਰੀ ਦਿੱਤੀ ਗਈ। ਖੇਤੀਬਾੜੀ ਮੰਤਰੀ ਲੈਨਾ ਪੌਪਮ ਅਤੇ ਚਿਲਡਰਨ ਐਂਡ ਫੈਮਿਲੀ ਡਿਵਲਪਮੈਂਟ ਮੰਤਰੀ ਗ੍ਰੇਸ ਲੋਰ ਆਪਣੀਆਂ ਜ਼ਿੰਮੇਵਾਰੀਆਂ ਬਣਾਈ ਰੱਖਣਗੇ। ਜਾਰਜ ਚੋਅ ਅਤੇ ਸ਼ੀਲਾ ਮੈਲਕਮਸਨ ਨੂੰ ਵੀ ਪੁਰਾਣੇ ਮਹਿਕਮੇ ਹੀ ਸੌਂਪੇ ਗਏ ਹਨ।

ਪ੍ਰੀਮੀਅਰ ਡੇਵਿਡ ਈਬੀ ਨੇ ਕਿਹਾ ਕਿ ਉਨ੍ਹਾਂ ਦੀ ਟੀਮ ਸੂਬੇ ਦੇ ਹਰੇਕ ਭਾਈਚਾਰੇ ਦੀ ਹੋਂਦ ਨੂੰ ਧਿਆਨ ਵਿੱਚ ਰੱਖਕੇ ਕੰਮ ਕਰੇਗੀ। ਔਰਤਾਂ ਨੂੰ ਮੰਤਰੀ ਮੰਡਲ ਵਿੱਚ ਬਰਾਬਰਤਾ ਦੇ ਨਾਲ ਨਿਵਾਜ਼ਣ 'ਤੇ ਵੀ ਜ਼ੋਰ ਦਿੱਤਾ ਗਿਆ ਹੈ।

ਚੋਣਾਂ ਦੌਰਾਨ 12 ਤੋਂ ਵਧੇਰੇ ਦੱਖਣੀ ਏਸ਼ੀਆਈ ਮੂਲ ਦੇ ਉਮੀਦਵਾਰ ਚੋਣ ਜਿੱਤਣ ਵਿੱਚ ਕਾਮਯਾਬ ਰਹੇ, ਜਿਹਨਾਂ ਵਿੱਚੋਂ ਤਿੰਨ ਦਰਜਨ ਉਮੀਦਵਾਰਾਂ ਨੇ ਆਪਣੀ ਕਿਸਮਤ ਅਜ਼ਮਾਈ ਸੀ।

ਨਵਾਂ ਮੰਤਰੀ ਮੰਡਲ ਸੂਬੇ ਦੇ ਵਿਕਾਸ, ਕੁਦਰਤੀ ਸਰੋਤਾਂ ਦੇ ਸੁਚੱਜੇ ਪ੍ਰਬੰਧ ਅਤੇ ਭਾਈਚਾਰੇ ਵਿੱਚ ਸਾਂਝ ਪੈਦਾ ਕਰਨ ਲਈ ਕਮਰ ਕਸ ਚੁੱਕਾ ਹੈ। ਇਹ ਬ੍ਰਿਟਿਸ਼ ਕੋਲੰਬੀਆ ਦੀਆਂ ਜਨਤਕ ਅਸਹਮਤੀਆਂ ਨੂੰ ਪਾਰ ਕਰਕੇ ਇੱਕਤਾ ਅਤੇ ਵਿਕਾਸ ਵੱਲ ਅੱਗੇ ਵਧਣ ਦੀ ਦਿਸ਼ਾ ਵਿੱਚ ਨਵੀਂ ਸ਼ੁਰੂਆਤ ਹੈ।

## ਕੈਨੇਡਾ ਪੋਸਟ ਦੇ ਵਰਕਰਾਂ ਦੀ...

ਨੇ ਸਾਰੇ ਕਾਰੋਬਾਰਾਂ ਅਤੇ ਲੋਕਾਂ ਦੀ ਜ਼ਿੰਦਗੀ 'ਤੇ ਗਹਿਰਾ ਪ੍ਰਭਾਵ ਪਾਇਆ ਹੈ। ਆਨਲਾਈਨ ਸ਼ਾਪਿੰਗ ਤੋਂ ਲੈ ਕੇ ਕਈ ਗਾਹਕਾਂ ਦੇ ਪਾਰਸਲ ਪਿਛਲੇ ਕਈ ਦਿਨਾਂ ਤੋਂ ਰੁਕੇ ਹੋਏ ਹਨ।

ਛੋਟੇ ਵਪਾਰੀ, ਜੋ ਆਪਣੀਆਂ ਸੇਵਾਵਾਂ ਲਈ ਕੈਨੇਡਾ ਪੋਸਟ 'ਤੇ ਨਿਰਭਰ ਕਰਦੇ ਹਨ, ਇਸ ਹੜਤਾਲ ਦੇ ਕਾਰਨ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਇਸ ਤੋਂ ਇਲਾਵਾ ਅੰਤਰਰਾਸ਼ਟਰੀ ਡਾਕ ਸੇਵਾਵਾਂ ਵਿੱਚ ਵੀ ਦੇਰੀ ਹੋ ਰਹੀ ਹੈ, ਜਿਸ ਨਾਲ ਵਿਦੇਸ਼ੀ ਵਪਾਰ ਵਿੱਚ ਰੁਕਾਵਟ ਆ ਰਹੀ ਹੈ।

ਇੰਪਲੋਇਮੈਂਟ ਐਂਡ ਸੋਸ਼ਲ ਡਿਵੈਲਪਮੈਂਟ ਕੈਨੇਡਾ ਦੀ ਬੁਲਾਰਨ, ਮੀਲਾ ਰੌਏ ਨੇ ਦੱਸਿਆ ਕਿ ਕੈਨੇਡਾ ਪੋਸਟ ਦੇ ਡਾਕ ਵਰਕਰਾਂ ਦੀ ਹੜਤਾਲ 15 ਨਵੰਬਰ ਤੋਂ ਸ਼ੁਰੂ ਹੋਈ, ਪਰ 8 ਨਵੰਬਰ ਤੋਂ ਹੀ ਪਾਸਪੋਰਟ ਦੇ ਪੈਕੇਜ ਭੇਜਣ ਬੰਦ ਕਰ ਦਿੱਤੇ ਗਏ ਸਨ। ਇਹ ਫੈਸਲਾ ਇਸ ਲਈ ਕੀਤਾ ਗਿਆ ਸੀ ਕਿ "ਸੰਭਾਵੀ ਲੇਬਰਲ ਵਿਘਨ" ਤੋਂ ਬਚਿਆ ਜਾ ਸਕੇ। ਡਾਕ ਸੇਵਾ ਠੱਪ ਹੋਣ ਕਾਰਨ ਪਾਸਪੋਰਟ ਸੈਂਟਰਾਂ ਵਿੱਚ ਪੈਕੇਜ ਫਸਣ ਦੀ ਸੰਭਾਵਨਾ ਬਹੁਤ ਵੱਧ ਗਈ ਸੀ।

ਕੈਨੇਡਾ ਪੋਸਟ ਦੇ ਡਾਕ ਵਰਕਰਾਂ ਨੇ ਹੜਤਾਲ ਤਨਖਾਹਾਂ, ਕੰਮਕਾਜੀ ਸਥਿਤੀਆਂ ਅਤੇ ਨੌਕਰੀ ਸੁਰੱਖਿਆ ਨੂੰ ਲੈ ਕੇ ਕੀਤੀ ਹੈ। ਇਹ ਹੜਤਾਲ ਬਲੈਕ ਫ੍ਰਾਈਡੇ ਅਤੇ ਛੁੱਟੀਆਂ ਦੇ ਸੀਜ਼ਨ ਤੋਂ ਠੀਕ ਪਹਿਲਾਂ ਹੋਈ ਹੈ, ਜਿਸ ਨਾਲ ਲੱਖਾਂ ਲੋਕਾਂ ਦੀਆਂ ਕਾਰੋਬਾਰੀ ਅਤੇ ਨਿੱਜੀ ਸੇਵਾਵਾਂ ਪ੍ਰਭਾਵਿਤ ਹੋਈਆਂ ਹਨ।

ਕੈਨੇਡਾ ਪੋਸਟ ਪ੍ਰਬੰਧਨ ਨੇ ਕਿਹਾ ਹੈ ਕਿ ਉਹ ਯੂਨੀਅਨ ਨਾਲ ਗੱਲਬਾਤ ਕਰ ਰਹੇ ਹਨ ਅਤੇ ਸੰਭਾਵੀ ਸਮਾਧਾਨ ਦੀ ਭਾਲ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸਰਵਿਸਜ਼ ਦੀ ਬਹਾਲੀ ਲਈ ਛੇਤੀ ਹੱਲ ਲੱਭ ਲਿਆ ਜਾਵੇਗਾ।

# ਕੈਨੇਡਾ ਵਿੱਚ ਭਾਰਤ ਤੋਂ ਆਉਂਦੀ ਮਠਿਆਈ ਨਾਲ ਲੋਕਾਂ ਦੀ ਸਿਹਤ ਅਤੇ ਲੋਕਲ ਬਜ਼ਾਰ 'ਤੇ ਪੈ ਰਿਹਾ ਮਾੜਾ ਪ੍ਰਭਾਵ




ਸਰੀ : ਕੈਨੇਡਾ ਵਿੱਚ ਇੱਕ ਨਵਾਂ ਰੁਝਾਨ ਵੇਖ ਨੂੰ ਮਿਲ ਰਿਹਾ ਹੈ ਜਿਸ ਨਾਲ ਲੋਕ ਦੀ ਸਿਹਤ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ ਉਥੇ ਹੀ ਇਸ ਦਾ ਲੋਕਲ ਬਜ਼ਾਰ 'ਤੇ ਵੀ ਮਾੜਾ ਪ੍ਰਭਾਵ ਪੈ ਰਿਹਾ ਹੈ। ਪਹਿਲਾਂ ਮਿਠਿਆਈ ਅਤੇ ਹੋਰ ਪਕਵਾਨ ਲੋਕਲ ਪੱਧਰ 'ਤੇ ਬਣਦੇ ਸਨ ਅਤੇ ਹੁਣ ਜ਼ਿਆਦਾਤਰ ਮਠਿਆਈ ਭਾਰਤ ਤੋਂ ਬਣੀ ਬਣਾਈ ਆਉਂਦੀ ਹੈ। ਇਹ ਮਠਿਆਈ ਫਰੀਜ਼ ਕੀਤੀ ਗਰੀਵੀ, ਸਮੋਸੇ, ਟਿੱਕੀਆਂ, ਪਰੌਂਠੇ, ਅਤੇ ਹੋਰ ਪਦਾਰਥ ਭਾਰਤ ਤੋਂ ਰੈਫਰੀਜੇਟਰ ਕੰਟੇਨਰਾਂ ਰਾਹੀਂ ਇਮਪੋਰਟ ਕੀਤੇ ਜਾ ਰਹੇ ਹਨ। ਇਹ ਸਥਿਤੀ ਸਿਰਫ ਕੈਨੇਡਾ ਮੁੱਖ ਸੂਬਿਆਂ ਜਿਵੇਂ ਕਿ ਬੀਸੀ, ਅਲਬਰਟਾ, ਅਤੇ ਓਨਟਾਰੀਓ ਵਿੱਚ ਹੀ ਨਹੀਂ, ਸਗੋਂ ਪੂਰੇ ਦੇਸ਼ ਵਿੱਚ ਦੇਖੀ ਜਾ ਰਹੀ ਹੈ।

ਭਾਰਤ ਤੋਂ ਰੈਫਰੀਜੇਟਰ ਕੰਟੇਨਰਾਂ ਰਾਹੀਂ ਇਮਪੋਰਟ ਕੀਤੀ ਮਠਿਆਈ ਲੰਬੇ ਸਮੇਂ ਲਈ ਸਟੋਰ ਕੀਤੀ ਜਾ ਰਹੀ ਹੈ ਅਤੇ ਇਸ ਇੰਡਸਟਰੀ ਨਾਲ ਜੁੜੇ ਲੋਕਾਂ ਦਾ ਮੰਨਣਾ ਹੈ ਕਿ ਇਹ ਮਠਿਆਈ ਅਕਸਰ ਰਸਾਇਣਾਂ ਨਾਲ ਪੈਕ ਕੀਤੀ ਜਾਂਦੀ ਹੈ, ਜੋ ਇਸਨੂੰ ਜਿਆਦਾ ਸਮੇਂ ਤੱਕ ਤਾਜ਼ਾ ਦਿਖਾਉਣ ਵਿੱਚ ਸਹਾਇਕ ਹੁੰਦੇ ਹਨ। ਕਈ ਬਾਰ ਇਨ੍ਹਾਂ ਰਸਾਇਣਾਂ ਦੇ ਚਲਦੇ ਇਹ ਮਠਿਆਈ ਬਿਨਾਂ ਫਰਿਜ 'ਚ ਰੱਖੇ ਵੀ ਕਈ ਦਿਨਾਂ ਤੱਕ ਖਰਾਬ ਨਹੀਂ ਹੁੰਦੀ। ਇਸ ਕਾਰਨ ਸਿਹਤ ਮਾਹਿਰਾਂ ਦੇ ਵਿੱਚ ਚਿੰਤਾ ਦਾ ਮਾਹੌਲ ਪੈਦਾ ਹੋਇਆ ਹੈ।

ਭਾਰਤ ਤੋਂ ਮਠਿਆਈ ਆਉਣ ਕਾਰਨ ਕੈਨੇਡਾ ਦੇ ਸਥਾਨਕ ਹਲਵਾਈ ਬਹੁਤ ਪ੍ਰਭਾਵਿਤ ਹੋਏ ਹਨ। ਜਿੱਥੇ ਪਹਿਲਾਂ ਸਾਰੇ ਪਕਵਾਨ ਅਤੇ ਮਠਿਆਈ ਲੋਕਲ ਪੱਧਰ 'ਤੇ ਤਿਆਰ ਕੀਤੇ ਜਾਂਦੇ ਸਨ, ਹੁਣ ਆਮ ਦੁਕਾਨਦਾਰ ਅਤੇ ਕੇਟਰਿੰਗ ਸਰਵਿਸ ਵਾਲੇ ਬਾਹਰੋਂ ਆਏ ਸਮਾਨ ਨੂੰ ਗਰਮ ਕਰਕੇ ਜਾਂ ਹਲਕੇ ਬਦਲਾਵ ਕਰਕੇ ਗਾਹਕਾਂ ਨੂੰ ਵੇਚ ਰਹੇ ਹਨ। ਜਿਸ ਨਾਲ ਲੋਕਲ ਹਲਵਾਈਆਂ ਦੀ ਮੰਗ ਘੱਟ ਹੋ ਰਹੀ ਹੈ। ਬਜ਼ਾਰ ਵਿੱਚ ਮਿਲਦੀ ਮਠਿਆਈ ਦੀ ਗੁਣਵੱਤਾ ਉੱਤੇ ਸਵਾਲ ਖੜ੍ਹੇ ਹੋ ਰਹੇ ਹਨ। ਪਹਿਲਾਂ ਲੋਕਲ ਮਠਿਆਈ ਲਈ ਵੱਧ ਮਾਤਰਾ ਵਿੱਚ ਖੰਡ ਦੀ ਲੋੜ ਹੁੰਦੀ ਸੀ, ਹੁਣ ਇਸਦੀ ਮੰਗ ਘੱਟ ਗਈ ਹੈ। ਜਿਸ ਕਾਰਨ ਇਸ ਸਾਰੇ ਮਾਮਲੇ ਦੀ ਪੋਲ ਖੁੱਲ੍ਹੀ ਹੈ।

ਕਈ ਲੋਕਾਂ ਨੇ ਇਸ ਗੱਲ ਉੱਤੇ ਵੀ ਚਿੰਤਾ ਪ੍ਰਗਟ ਕੀਤੀ ਹੈ ਕਿ ਭਾਰਤ ਵਿੱਚ ਬਹੁਤ ਸਾਰੀਆਂ ਖਬਰਾਂ ਦੁੱਧ, ਖੋਆ, ਅਤੇ ਪਨੀਰ ਦੀ ਮਿਲਾਵਟ ਬਾਰੇ ਆਈਆਂ ਹਨ। ਜੇਕਰ ਇਹ ਸਮਾਨ ਮਠਿਆਈ ਵਿੱਚ ਵਰਤਿਆ ਜਾ ਰਿਹਾ ਹੈ ਅਤੇ ਇਹ ਸਾਮਾਨ ਕੈਨੇਡਾ ਆ ਰਿਹਾ ਹੈ, ਤਾਂ ਇਹ ਸਿਹਤ ਲਈ ਵੱਡਾ ਖਤਰਾ ਬਣ ਰਿਹਾ ਹੈ।

ਸਰੀ ਦੇ ਇੱਕ ਹਲਵਾਈ ਨੇ ਦੱਸਿਆ ਕਿ ਜਦੋਂ ਗਾਹਕ ਮਠਿਆਈ ਜਾਂ ਹੋਰ ਪਕਵਾਨ ਖਰੀਦਣ ਆਉਣ, ਤਾਂ ਉਹਨਾਂ ਨੂੰ ਇਸ ਗੱਲ ਦੀ ਪੁਸ਼ਟੀ ਜ਼ਰੂਰ ਕਰਨੀ ਚਾਹੀਦੀ ਹੈ ਕਿ ਮਠਿਆਈ ਇਥੇ ਬਣੀ ਹੈ ਜਾਂ ਬਾਹਰੋਂ ਆਈ ਹੈ। ਇਸ ਨਾਲ ਉਹ ਇਹ ਯਕੀਨੀ ਬਣਾ ਸਕਦੇ ਹਨ ਕਿ ਉਹਨਾਂ ਨੂੰ ਸਹੀ ਅਤੇ ਸੁਰੱਖਿਅਤ ਸਮਾਨ ਮਿਲੇ।

ਇਸ ਤੋਂ ਇਲਾਵਾ ਲੋਕਾਂ ਨੇ ਮੰਗ ਚੁੱਕੀ ਹੈ ਕਿ ਕੈਨੇਡੀਅਨ ਹੈਲਥ ਅਥਾਰਟੀ ਨੂੰ ਭਾਰਤ ਤੋਂ ਆਉਂਦੀ ਮਠਿਆਈ ਅਤੇ ਹੋਰ ਪਦਾਰਥਾਂ ਦੀ ਸਖ਼ਤ ਜ਼ਾਂਚ ਕਰੇ। ਸਥਾਨਕ ਵਪਾਰੀਆਂ ਨੂੰ ਪ੍ਰੋਮੋਸ਼ਨ ਮਿਲਣੀ ਚਾਹੀਦੀ ਹੈ ਤਾਂ ਜੋ ਉਹ ਲੋਕਲ ਪੱਧਰ 'ਤੇ ਬਣੇ ਸੁਰੱਖਿਅਤ ਸਮਾਨ ਨੂੰ ਵਧੇਰੇ ਗਾਹਕਾਂ ਤੱਕ ਪਹੁੰਚਾ ਸਕਣ। This report was written by Simranjit Singh as part of the Local Journalism Initiative.

# "ਬਰੇਕਿੰਗ ਬੈਰੀਅਰ" ਡਾਕੂਮੈਂਟਰੀ, ਸਿੱਖਾਂ ਦੇ ਕਨੇਡਾ ਪਰਵਾਸ ਦੀ ਗਾਥਾ








ਸਰੀ, (ਕਰਮਜੀਤ ਸਿੰਘ ਬੁੱਟਰ): ਤਾਜ ਬੈਂਕੁਅਟ ਹਾਲ ਚ ਮਹਿਮਾਨ ਦਰਸ਼ਕਾਂ ਦਾ ਮੰਤਰ ਮੁਘਦ ਹੋ ਜਾਣਾ ਤੇ ਹਾਲ ਚ ਪਸਰੀ ਖਾਮੋਸ਼ੀ "ਬਰੇਕਿੰਗ ਬੈਰੀਅਰ" ਡਾਕੂਮੈਂਟਰੀ ਦੀ ਸਫਲਤਾ ਦੀ ਗਵਾਹੀ ਹੈ। ਨਿਰਦੇਸ਼ਕ ਵਿੱਕੀ ਢਿਲੋਂ ਆਪਣੇ ਮਨੋਰਥ ਤੇ ਵਿਸ਼ੇ ਦੀ ਪੇਸ਼ਕਾਰੀ ਚ ਸਫਲ ਰਿਹਾ ਹੈ।ਇਹ ਇਸਦੀ ਪਹਿਲੀ ਕਿਸ਼ਤ ਸੀ ਤੇ ਭਵਿੱਖ ਚ ਬਾਕੀ ਕਿਸ਼ਤਾਂ ਲੈ ਕੇ ਵੀ ਦਰਸ਼ਕਾਂ ਦੇ ਜੱਲਦੀ ਰੂਬਰੂ ਹੋਵੇਗਾ। ਇਹ ਡਾਕੂਮੈਂਟਰੀ ਸ੍ਰ ਟੌਮ ਬਹਾਦਰ ਸਿੰਘ ਸੰਧੜ ਦੇ ਪਰਿਵਾਰ ਦੀ ਹੈ ਤੇ ਉੱਨਾਂ ਦੁਆਰਾ ਹੀ ਪ੍ਰਡਿਊਸ ਕੀਤੀ ਗਈ ਹੈ। ਸਾਡੇ ਵਡੇਰਿਆਂ ਦੇ ਸਿਰੜ, ਸਿਦਕ ਤੇ ਹਿੰਮਤ ਹੌਸਲੇ ਨਾਲ ਕੀਤੇ ਸੰਘਰਸ਼ ਦੀ ਕਹਾਣੀ ਹੈ।

ਅਫਰੀਕਨ ਮੂਲ ਦੀ ਅੰਗਰੇਜ਼ੀ ਚ ਲਿਖਣ ਵਾਲੀ ਕਵਿੱਤਰੀ "ਵਾਰਸਨ ਸ਼ਾਇਰ" (Warsan Shire) ਪ੍ਰਵਾਸ ਵਾਰੇ ਲਿਖਦੀ ਹੈ ਕਿ"ਕੋਈ ਆਪਣਾ ਘਰ ਉੱਨਾਂ ਚਿਰ ਨਹੀ ਛੱਡਦਾ ਬਾਸ਼ਰਤੇ ਕਿ ਉਹ ਮੌਤ ਦਾ ਮੂੰਹ ਬਣ ਜਾਵੇ" ਉੱਨੀਵੀਂ ਸਦੀ ਦਾ ਅਖੀਰਲਾ ਦਹਾਕਾ ਤੇ ਵੀਹਵੀਂ ਸਦੀ ਦਾ ਪਹਿਲਾ ਦਹਾਕਾ ਚ ਸਿੱਖਾਂ ਦੇ ਕਨੇਡਾ ਪ੍ਰਵਾਸ ਦਾ ਮੁੱਡ ਬੱਝਦਾ ਹੈ ਤੇ 1906 ਤੱਕ ਕਨੇਡਾ ਚ ਸਿੱਖਾਂ ਦੀ ਗਿਣਤੀ ਦੱਸ ਹਜ਼ਾਰ ਦੇ ਲੱਗਭੱਗ ਹੋ ਚੁੱਕੀ ਸੀ। ਗੋਰਿਆਂ ਦੇ ਅਖਬਾਰਾਂ ਚ ਇਸ ਵਾਰੇ "ਪੱਗਾਂ ਦਾ ਹੜ" (Flood of Turbans) ਨਾਲ ਮੁੱਖ ਪੰਨਿਆਂ ਤੇ ਸੁਰਖ਼ੀਆਂ ਨਾਲ ਬਾਕਾਇਦਾ ਲੇਖ ਛੱਪਦੇ ਹਨ। ਸਿੱਖ ਮਾਨਸਿਕਤਾ ਸਿੱਖ ਰਾਜ ਖੁੱਸਣ ਕਰਕੇ ਕਾਫੀ ਆਹਤ ਸੀ।ਪੰਜਾਬ ਤੇ ਅੰਗਰੇਜ਼ਾਂ ਦੇ ਕਬਜ਼ੇ ਤੋਂ ਬਾਦ ਅਜੇ ਸਿੱਖਾਂ ਦਾ ਦਮਨ ਜਾਰੀ ਸੀ। ਸਿੱਖਾਂ ਦੀ ਨਿਸਬਤ ਪੂਰਬੀਆ ਨੂੰ ਸਰਕਾਰੀ ਅਦਾਰਿਆਂ ਚ ਨੌਕਰੀਆਂ ਦਿੱਤੀਆਂ ਜਾ ਰਹੀਆਂ ਸਨ। ਜਿਵੇਂ ਕਿ ਅੱਜਕਲ ਪੰਜਾਬ ਚ ਹੋ ਰਿਹਾ ਹੈ।

"ਬਰੇਕਿੰਗ ਬੈਰੀਅਰ" ਡਾਕੂਮੈਂਟਰੀ ਦੇ ਪ੍ਰਡਿਊਸਰ ਤੇ ਮੇਨ ਵੱਕਤਾ ਸ੍ਰ ਟੌਮ ਬਹਾਦਰ ਸਿੰਘ ਸੁੰਧੜ ਦਾ ਦਾਦਾ ਸ੍ਰ ਭਾਨ ਸਿੰਘ ਵੀ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਦੋਆਬੇ ਦੇ ਪਿੰਡ ਕੋਟਲੀ ਥਾਨ ਸਿੰਘ ਤੋ ਕਨੇਡਾ ਦਾ ਸਫ਼ਰ ਸ਼ੁਰੂ ਕਰਦਾ ਹੈ। ਮਹੀਨਿਆਂ ਵੱਧੀ ਸੰਮੁੰਦਰੀ ਸਫ਼ਰ ਕਰਨ ਤੋਂ ਬਾਦ ਵੈਨਕੋਵਰ ਬੰਦਰਗਾਹ ਤੇ ਜਹਾਜ ਪੁੱਜਦਾ ਹੈ। ਮਾਲ ਸਮਾਨ ਉਤਾਰ ਲਿਆ ਜਾਂਦਾ ਹੈ ਪਰ ਯਾਤਰੀਆਂ ਨੂੰ ਉਤਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ। ਸ੍ਰ ਭਾਨ ਸਿੰਘ ਹੋਰੀਂ ਵਿਕਟੋਰੀਆ ਜਾ ਉੱਤਰਦੇ ਹਨ। ਓਪਰੀ ਧਰਤੀ ਓਪਰੇ ਲੋਕ ਅਣਸੁਖਾਵਾਂ ਮੌਸਮ ਓਪਰਾ ਰਹਿਣ ਸਹਿਣ,ਬੈਠਣ ਉੱਠਣਾ ਤੇ ਖਾਣ ਪੀਣ ਵੀ ਬਿਲਕੁੱਲ ਵੱਖਰਾ। ਉਸਤੋਂ ਬਾਦ ਪੋਰਟ ਅਲਬਰਨੀ ਸੈਟ ਹੁੰਦੇ ਹਨ ਤੇ ਹੌਲੀ ਹੌਲੀ ਆਪਣਾ ਕਾਰੋਬਾਰ ਸਥਾਪਤ ਕਰਦੇ ਹਨ ਤੇ ਉਸ ਦਾ ਅਗਾਂਹ ਹੋਰ ਪਸਾਰ ਵੀ ਕਰਦੇ ਹਨ। ਬੱਚਿਆਂ ਨੂੰ ਵਧੀਆ ਸਕੂਲਾਂ ਯੂਨੀਵਰਸਿਟੀਆਂ ਚ ਪੜਾਉਂਦੇ ਹਨ। ਅੱਜ ਜਿਹੜੇ ਸਿੱਖਾਂ ਦੇ ਕਨੇਡਾ ਵੱਡੇ ਵੱਡੇ ਕਾਰੋਬਾਰ ਵਪਾਰ ਤੇ ਵੱਡੀਆਂ ਵੱਡੀਆਂ ਮਾਲਕੀਅਤਾਂ ਹਨ ਉੱਨਾਂ ਸਾਰਿਆਂ ਦੇ ਪਿੱਛੇ ਅਜਿਹੀ ਹੀ ਕੋਈ ਨਾ ਕੋਈ ਕਹਾਣੀ ਹੈ, ਅਜਿਹੀ ਕੋਈ ਘਾਲਣਾ ਹੈ ਸੰਘਰਸ਼ ਹੈ।

"ਬਰੇਕਿੰਗ ਬੈਰੀਅਰ" ਡਾਕੂਮੈਂਟਰੀ ਦੇਖਦੇ ਹੋਏ ਮੇਰਾ ਧਿਆਨ ਅੰਗਰੇਜੀ ਦੇ ਕਲਾਸਿਕ ਨਾਵਲ "ਅੰਕਲ ਟੌਮ ਦੀ ਝੌਂਪੜੀ"(Uncle Tom's Cabin) ਯਾਦ ਆ ਗਿਆ ਉਹ ਇੱਕ ਅਫਰੀਕਨ ਗੁਲਾਮ ਦੀ ਕਹਾਣੀ। ਟੌਮ ਸੰਧੜ ਦੇ ਦਾਦੇ ਸ੍ਰ ਭਾਨ ਸਿੰਘ ਤੇ ਅੰਕਲ ਟੌਮ ਦੀ ਹੋਣੀ ਤੇ ਹਾਲਾਤ ਕੋਈ ਜ਼ਿਆਦਾ ਵੱਖਰੇ ਨਹੀਂ ਹਨ। ਸਾਡੇ ਵਡੇਰਿਆਂ ਦੀਆਂ ਕਹਾਣੀਆਂ,ਬਿਰਤਾਂਤ ਤੇ ਸੰਘਰਸ਼ ਮਹਾਂਕਾਵਿਕ ਹਨ ਪਰ ਸਾਡੇ ਕੋਲ ਉੱਨਾਂ ਬਿਰਤਾਂਤਾਂ ਨੂੰ ਸਾਡਾ ਕੋਈ ਲੇਖਕ ਜਾਂ ਬਿਰਤਾਂਤਕਾਰ ਜਾਂ ਕਵੀ ਉਸ ਪੱਧਰ ਤੇ ਉਸ ਕੈਨਵਸ ਤੇ ਲਿਖ ਜਾਂ ਪੇਸ਼ ਨਹੀ ਕਰ ਸਕਿਆ। ਜਿਸ ਪੱਧਰ ਤੇ "ਅੰਕਲ ਟੌਮ ਦੀ ਝੌਂਪੜੀ" ਦੀ ਲੇਖਕਾ ਹੈਰੀਅਟ ਵੀਚਰ ਸਟੋ (Hariret Beecher Stowe) ਪੇਸ਼ ਕਰਦੀ ਹੈ ਤੇ ਇਹ ਨਾਵਲ ਕਰੋੜਾਂ ਦੀ ਗਿਣਤੀ ਚ ਵਿੱਕਦਾ ਹੈ ਤੇ ਕਈ ਭਸ਼ਾਵਾਂ ਚ ਅਨੁਵਾਦ ਹੁੰਦਾ ਹੈ। "ਬਰੇਕਿੰਗ ਬੈਰੀਅਰ" ਉਸ ਕਮੀ ਦੀ ਇੱਕ ਭਰਪਾਈ ਹੈ। ਟੌਮ ਸੰਧੜ ਭਾਂਵੇ ਕੋਈ ਪਿਸ਼ਾਵਰ ਕਲਾਕਾਰ ਨਹੀ ਪਰ ਉਸਦੀ ਅਦਾਕਾਰੀ ਤੇ ਸੰਵਾਦਾਂ ਦਾ ਨਿਭਾ ਕਿਸੇ ਪੇਸ਼ਾਵਰ ਕਲਾਕਾਰ ਤੋ ਘੱਟ ਨਹੀ। ਆਪਣੇ ਇਸ ਯਤਨ ਵਿੱਚ ਰਵੀ ਢਿਲੋਂ ਕਾਮਯਾਬ ਹੈ ਤੇ ਵਧਾਈ ਦਾ ਪਾਤਰ ਹੈ। ਹੋ ਸਕੇ ਤਾਂ ਇਸ ਡਾਕੂਮੈਂਟਰੀ ਨੂੰ ਪੰਜਾਬੀ ਵਿੱਚ ਵੀ ਡੱਬ ਕੀਤਾ ਜਾਵੇ।

# ਕੈਨੇਡਾ ਵਿੱਚ ਮਹਿੰਗਾਈ ਦਰ ਫਿਰ ਵੱਧ ਕੇ 2 ਪ੍ਰਤੀਸ਼ਤ ਤੇ ਪਹੁੰਚੀ

## ਦਸੰਬਰ ਮਹੀਨੇ ਵਿਆਜ਼ ਦਰਾਂ 'ਚ 50 ਅੰਕਾਂ ਦੀ ਥਾਂ 25 ਅੰਕਾਂ ਦੀ ਕਟੌਤੀ ਕੀਤੇ ਜਾਣ ਦੀ ਸੰਭਾਵਨਾ ਬਣੀ

ਸਰੀ, (ਸਿਮਰਨਜੀਤ ਸਿੰਘ): ਕੈਨੇਡਾ ਦੀ ਮਹਿੰਗਾਈ ਦਰ ਅਕਤੂਬਰ ਮਹੀਨੇ ਵਿੱਚ ਵਧ ਕੇ 2 ਪ੍ਰਤੀਸ਼ਤ ਹੋ ਗਈ, ਜਦਕਿ ਸਤੰਬਰ ਵਿੱਚ ਇਹ 1.6 ਪ੍ਰਤੀਸ਼ਤ ਸੀ। ਸਟੈਟਿਸਟਿਕਸ ਕੈਨੇਡਾ ਦੀ ਤਾਜ਼ਾ ਰਿਪੋਰਟ ਮੁਤਾਬਕ, ਇਹ ਵਾਧਾ ਖਾਸ ਤੌਰ 'ਤੇ ਗੈਸੋਲਿਨ ਕੀਮਤਾਂ ਕਾਰਨ ਹੋਇਆ ਹੈ। ਕਨਜ਼ਯੂਮਰ ਪ੍ਰਾਈਸ ਇੰਡੈਕਸ ਦੇ 8 ਮੁੱਖ ਤੱਤਾਂ ਵਿੱਚੋਂ 5 ਵਿੱਚ ਕੀਮਤਾਂ ਵਧਣ ਦੀ ਰਫ਼ਤਾਰ ਵਿੱਚ ਵਾਧਾ ਹੋਇਆ। ਅਕਤੂਬਰ ਵਿੱਚ ਗੈਸੋਲਿਨ ਦੀ ਕੀਮਤ ਸਾਲਾਨਾ ਮਿਆਦ ਵਿੱਚ ਸਤੰਬਰ ਦੀ ਤੁਲਨਾ ਵਿੱਚ ਘੱਟ ਗਿਰਾਵਟ ਦਰਸਾਉਂਦੀ ਹੈ, ਜੋ ਮਹਿੰਗਾਈ ਦੀ ਦਰ ਨੂੰ ਉੱਚਾ ਕਰਨ ਦਾ ਇੱਕ ਮੁੱਖ ਕਾਰਣ ਬਣੀ।

ਬੈਂਕ ਆਫ ਕੈਨੇਡਾ ਮਹਿੰਗਾਈ ਦੀ ਦਰ ਨੂੰ 2 ਪ੍ਰਤੀਸ਼ਤ 'ਤੇ ਲਿਆਉਣ ਦਾ ਹੀ ਟੀਚਾ ਮਿੱਥਿਆ ਗਿਆ ਸੀ ਜਿਸ ਤੋਂ ਬਾਅਦ ਇਹ ਸੰਭਾਵਨਾ ਅਜੇ ਵੀ ਜਾਰੀ ਰਹੇਗੀ ਕਿ ਆਉਣ ਵਾਲੇ ਮਹੀਨਿਆਂ ਵਿੱਚ ਵਿਆਜ ਦਰਾਂ ਵਿੱਚ ਕਟੌਤੀ ਹੋ ਸਕਦੀ ਹੈ। ਜ਼ਿਕਰਯੋਗ ਹੈ ਕਿ ਬੈਂਕ ਆਫ਼ ਕੈਨੇਡਾ ਵਲੋਂ ਵਿਆਜ਼ ਦਰਾਂ ਸਬੰਧੀ ਅਗਲਾ ਫੈਸਲਾ ਦਸੰਬਰ ਮਹੀਨੇ ਲਿਆ ਜਾਣਾ ਹੈ ਉਮੀਦ ਕੀਤੀ ਜਾ ਰਹੀ ਹੈ ਵਿਆਜ਼ ਦਰਾਂ 'ਚ ਇੱਕ ਹੋਰ ਕਟੌਤੀ ਵੇਖਣ ਨੂੰ ਮਿਲੇਗੀ। ਬੀਐਮਓ ਦੇ ਮੁੱਖ ਅਰਥਸ਼ਾਸਤਰੀ ਡਗ ਪੋਰਟਰ ਨੇ ਕਿਹਾ ਕਿ, "ਇਹ ਨਤੀਜੇ ਦਰਸਾਉਂਦੇ ਹਨ ਕਿ ਦਸੰਬਰ ਵਿੱਚ 50 ਬੇਸਿਸ ਪੌਇੰਟ ਦੀ ਕਟੌਤੀ ਦੀ ਉਮੀਦ ਘਟਦੀ ਜਾ ਰਹੀ ਹੈ। ਅਸੀਂ ਸਿਰਫ 25 ਬੇਸਿਸ ਪੌਇੰਟ ਦੀ ਕਟੌਤੀ ਦੀ ਉਮੀਦ ਕਰਦੇ ਸਕਦੇ ਹਾਂ ਅਤੇ ਇਹ ਰਿਪੋਰਟ ਇਸ ਉਮੀਦ ਨੂੰ ਹੋਰ ਮਜ਼ਬੂਤੀ ਦੇ ਰਹੀ ਹੈ।" ਬੈਂਕ ਆਫ ਕੈਨੇਡਾ 11 ਦਸੰਬਰ ਨੂੰ ਆਪਣੀ ਅਗਲੀ ਐਲਾਨੀਕ ਬੈਠਕ ਵਿੱਚ ਅਕਤੂਬਰ ਦੇ ਮਹਿੰਗਾਈ ਅੰਕੜੇ, ਨਵੰਬਰ ਦੀ ਰੋਜ਼ਗਾਰ ਰਿਪੋਰਟ, ਅਤੇ ਜੀ.ਡੀ.ਪੀ. ਦੇ ਤਾਜ਼ਾ ਅੰਕੜਿਆਂ ਨੂੰ ਧਿਆਨ ਵਿੱਚ ਰੱਖੇਗਾ।




ਵਿਆਜ਼ ਦਰਾਂ ਵਿੱਚ ਕਟੌਤੀਆਂ ਦੇ ਨਤੀਜੇ ਵਜੋਂ ਮਾਰਗੇਜ ਵਿਆਜ਼ ਖਰਚੇ ਵਿਚ ਕੁਝ ਰਾਹਤ ਜ਼ਰੂਰ ਮਿਲੀ ਹੈ ਅਤੇ ਮਕਾਨਾਂ ਦੀ ਕੀਮਤਾਂ 'ਤੇ ਦਬਾਅ ਘਟਿਆ ਹੈ। ਕਿਰਾਏ ਦੀਆਂ ਦਰਾਂ ਦੀ ਰਫ਼ਤਾਰ ਵੀ ਘਟੀ ਹੈ। ਅਕਤੂਬਰ ਵਿੱਚ ਸਾਲਾਨਾ ਆਧਾਰ 'ਤੇ ਕਿਰਾਇਆ ਦਰ 7.3 ਪ੍ਰਤੀਸ਼ਤ ਵਧਿਆ, ਜੋ ਸਤੰਬਰ ਦੇ 8.2 ਪ੍ਰਤੀਸ਼ਤ ਦੇ ਵਾਧੇ ਨਾਲੋਂ ਘੱਟ ਹੈ। ਅਕਤੂਬਰ ਵਿੱਚ ਕਰਿਆਨੇ ਦੀਆਂ ਕੀਮਤਾਂ 2.7 ਪ੍ਰਤੀਸ਼ਤ ਵਧੀਆ, ਜਦਕਿ ਜਾਇਦਾਦ ਟੈਕਸ ਅਤੇ ਹੋਰ ਵਿਸ਼ੇਸ਼ ਖਰਚਿਆਂ ਵਿੱਚ ਸਾਲਾਨਾ 6 ਪ੍ਰਤੀਸ਼ਤ ਵਾਧਾ ਹੋਇਆ, ਜੋ 1992 ਤੋਂ ਲੈ ਕੇ ਸਭ ਤੋਂ ਤੇਜ਼ ਵਾਧਾ ਹੈ। This report was written by Simranjit Singh as part of the Local Journalism Initiative.

# ਕੈਨੇਡਾ ਵਿੱਚ 14 ਲੱਖ ਬੱਚੇ ਗਰੀਬੀ ਰੇਖਾ ਤੋਂ ਹੇਠ ਬਤੀਤ ਕਰ ਰਹੇ ਹਨ ਜੀਵਨ

## 2020 ਤੋਂ 2022 ਤੱਕ ਇਨ੍ਹਾਂ ਬੱਚਿਆਂ ਦੀ ਗਿਣਤੀ 3,60,000 ਵਧੀ

ਸਰੀ, (ਸਿਮਰਨਜੀਤ ਸਿੰਘ): ਕੈਂਪੇਨ 2000: ਐਂਡ ਚਾਈਲਡ ਅਤੇ ਫੈਮਲੀ ਪਾਵਰਟੀ ਦੀ ਤਾਜਾ ਰਿਪੋਰਟ ਦੇ ਅਨੁਸਾਰ, ਕੈਨੇਡਾ ਵਿੱਚ ਗਰੀਬੀ ਦੀ ਰੇਖਾ ਦੇ ਥੱਲੇ ਜੀਅ ਰਹੇ ਬੱਚਿਆਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ ਅਤੇ ਇਹ ਵਾਧਾ ਦਰ ਪਹਿਲਾਂ ਕਦੇ ਵੀ ਇੰਨੀ ਤੇਜ਼ੀ ਨਾਲ ਵਧਿਆ ਸੀ।

ਰਿਪੋਰਟ ਅਨੁਸਾਰ 2020 ਤੋਂ 2022 ਤੱਕ 3,60,000 ਬੱਚੇ ਗਰੀਬੀ ਗਰੀਬੀ ਰੇਖਾ ਤੋਂ ਹੇਠਾਂ ਜੀਵਨ ਬਤੀਤ ਕਰਨ ਲਈ ਮਜ਼ਬੂਰ ਹੋਏ ਹਨ ਅਤੇ ਹੁਣ ਕੈਨੇਡਾ ਵਿੱਚ ਕੁੱਲ ਗਰੀਬ ਬੱਚਿਆਂ ਦੀ ਗਿਣਤੀ 14 ਲੱਖ ਹੋ ਗਈ ਹੈ।

ਇਹ ਵਾਧਾ ਕੈਨੇਡਾ ਵਿੱਚ ਬੱਚਿਆਂ ਦੀ ਗਰੀਬੀ ਦਰ ਵਿੱਚ ਪੰਜ ਪ੍ਰਤੀਸ਼ਤ ਦਾ ਵਾਧਾ ਦਰਸਾਉਂਦਾ ਹੈ, ਜੋ ਕਿ ਹੁਣ ਤੱਕ ਦੇਖੀ ਗਈ ਸਭ ਤੋਂ ਵੱਧ ਵਾਧਾ ਦਰ ਹੈ।

ਹਰ ਸੂਬੇ, ਖੇਤਰ ਅਤੇ ਟੋਰਾਂਟੋ ਸ਼ਹਿਰ ਵਿੱਚ ਪਿਛਲੇ ਦੋ ਸਾਲਾਂ ਵਿੱਚ ਬੱਚਿਆਂ ਦੀ ਗਰੀਬੀ ਦੀ ਦਰ ਵਿੱਚ ਸਭ ਤੋਂ ਵੱਧ ਸਾਲਾਨਾ ਵਾਧਾ ਹੋਇਆ ਹੈ। ਕੁਝ ਸਮੂਹਾਂ, ਜੋ ਸਾਡੀ ਕਮਿਊਨਿਟੀ ਵਿੱਚ ਪ੍ਰਣਾਲੀਕ ਇਮੀਗ੍ਰੇਸ਼ਨ ਦਾ ਸਾਹਮਣਾ ਕਰਦੇ ਹਨ, ਉਹ ਇਸ ਵਾਧੇ ਤੋਂ ਜਿਆਦਾ ਪ੍ਰਭਾਵਿਤ ਹੋ ਰਹੇ ਹਨ।

ਕੈਂਪੇਨ 2000: ਐਂਡ ਚਾਈਲਡ ਅਤੇ ਫੈਮਲੀ ਪਾਵਰਟੀ ਨੁ ਇਸ ਵਾਧੇ ਨੂੰ ਚੇਤਾਵਨੀ ਦੇ ਤੌਰ 'ਤੇ ਦਰਸਾਇਆ ਹੈ ਅਤੇ ਫੈਡਰਲ ਸਰਕਾਰ ਤੋਂ ਕਾਰਵਾਈ ਦੀ ਮੰਗ ਵੀ ਕੀਤੀ ਹੈ।

ਉਨ੍ਹਾਂ ਕਿਹਾਕਿ "ਪੰਜ ਸਾਲ ਹੋ ਗਏ ਹਨ ਜਦੋਂ ਫੈਡਰਲ ਸਰਕਾਰ ਨੇ ਆਪਣੀ ਗਰੀਬੀ ਘਟਾਉਣੀ ਰਣਨੀਤੀ ਕਾਨੂੰਨੀ ਰੂਪ ਵਿੱਚ ਲਾਗੂ ਕੀਤੀ, ਪਰ ਪਰਿਵਾਰ 2015 ਵਿੱਚ ਉਨਾਂ ਨਾਲੋਂ ਗਹਿਰੇ ਗਰੀਬੀ ਵਿੱਚ ਜੀਅ ਰਹੇ ਹਨ, ਜਦੋਂ ਤੋਂ ਸਰਕਾਰ ਨੇ ਮਾਪਦੰਡ ਕਾਇਮ ਕੀਤਾ ਸੀ। 2022 ਵਿੱਚ, ਕੈਨੇਡਾ ਨੇ ਬੱਚਿਆਂ ਦੀ ਗਰੀਬੀ ਦੀ ਦਰ ਨੂੰ 2019 ਨਾਲੋਂ ਉੱਚਾ ਦੇਖਿਆ, ਜਦੋਂ ਸਰਕਾਰ ਦੀ ਗਰੀਬੀ ਘਟਾਉਣੀ ਰਣਨੀਤੀ ਲਾਗੂ ਹੋਈ ਸੀ।"

ਸਥਾਨਕ ਤੌਰ 'ਤੇ, ਗ੍ਰੇਟਰ ਵੈਨਕੂਵਰ ਫੂਡ ਬੈਂਕ ਵੀ ਨੌਜਵਾਨਾਂ ਅਤੇ ਵਰਧੀਕ ਲੋਕਾਂ ਵਿੱਚ ਵੱਧ ਰਹੀ ਗਿਣਤੀ ਨੂੰ ਦੇਖ ਰਿਹਾ ਹੈ।

ਇਸ ਦੀ 2024 ਦੀ ਪ੍ਰਭਾਵ ਰਿਪੋਰਟ ਅਨੁਸਾਰ, ਇਸ ਸਾਲ ਬੱਚਿਆਂ ਅਤੇ ਨੌਜਵਾਨਾਂ ਦੀ ਗਿਣਤੀ ਵਿੱਚ 9.9 ਪ੍ਰਤੀਸ਼ਤ ਤੋਂ 10.7 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। This report was written by Simranjit Singh as part of the Local Journalism Initiative.







# ਹਾਈਵੇ 99 'ਤੇ ਵਾਪਰੇ ਭਿਆਨ ਸੜਕ ਹਾਦਸੇ 'ਚ 2 ਨੌਜਵਾਨਾਂ ਦੀ ਮੌਤ



ਸਰੀ: ਹਾਈਵੇ 99 'ਤੇ ਬੀਤੇ ਦਿਨੀਂ ਵਾਪਰੇ ਭਿਆਨਕ ਸੜਕ ਹਾਦਸੇ 'ਚ 2 ਨੌਜਵਾਨਾਂ ਦੀ ਮੌਤ ਹੋ ਗਈ। ਦੋਵੇ ਨੌਜਵਾਨਾਂ ਦੀ ਪਹਿਚਾਣ ਬੁੱਧਵਾਰ ਨੂੰ ਪੁਲਿਸ ਵੱਲੋਂ ਜਾਰੀ ਕੀਤੀ ਗਈ। ਇਹ ਦੋਨੋਂ ਨੌਜਵਾਨ 'ਚੋਂ ਇੱਕ 18 ਸਾਲਾਂ ਮੁੰਡਾ ਰਿਚਮੰਡ ਦਾ ਅਤੇ ਦੂਜੀ 15 ਸਾਲਾਂ ਕੁੜੀ ਸਰੀ ਦੀ ਰਹਿਣ ਵਾਲੀ ਸੀ।

ਆਰਸੀਐਮਪੀ ਸਾਰਜੈਂਟ ਜੇਮਜ਼ ਮੇਸਨ ਨੇ ਦੱਸਿਆ ਕਿ, "ਹਾਦਸੇ ਦੇ ਕਾਰਨਾਂ ਦੀ ਜਾਂਚ ਜਾਰੀ ਹੈ, ਪਰ ਰਫ਼ਤਾਰ ਮੁੱਖ ਤੌਰ 'ਤੇ ਇੱਕ ਪ੍ਰਮੁੱਖ ਕਾਰਕ ਬਣ ਸਕਦੀ ਹੈ।"

ਜਾਣਕਾਰੀ ਅਨੁਸਾਰ ਪੁਲਿਸ ਨੂੰ ਸੋਮਵਾਰ ਸਵੇਰੇ 3:40 ਵਜੇ ਹਾਈਵੇ 99 ਦੇ ਉੱਤਰੀ ਲੇਨ ਵਿੱਚ 16ਵੇਂ ਅਤੇ 32ਵੇਂ ਐਵਨਿਊਜ਼ ਦੇ ਵਿਚਕਾਰ ਹਾਦਸੇ ਦੀ ਸੂਚਨਾ ਮਿਲੀ। ਜਦੋਂ ਸਰੀ ਪੁਲਿਸ ਅਤੇ ਸਰੀ ਫਾਇਰ ਸਰਵਿਸ ਮੌਕੇ 'ਤੇ ਪਹੁੰਚੇ, ਤਾਂ ਗੱਡੀ ਅੱਗ ਦੀ ਲਪੇਟ ਵਿੱਚ ਸੀ।

ਸਾਰਜੈਂਟ ਟੈਮੀ ਲੌਬ ਨੇ ਦੱਸਿਆ, "ਗੱਡੀ ਦੇ ਅੰਦਰੋਂ ਡਰਾਈਵਰ ਅਤੇ ਯਾਤਰੀ ਨੂੰ ਮ੍ਰਿਤ ਅਵਸਥਾ ਵਿੱਚ ਮਿਲੇ।

ਇਹ ਹਾਦਸਾ ਇੰਨਾ ਗੰਭੀਰ ਸੀ ਕਿ ਹਾਈਵੇ 99 ਨੂੰ ਉੱਤਰੀ ਲੇਨ ਵਿੱਚ ਬੰਦ ਰੱਖਣਾ ਪਿਆ। ਇਸ ਦੌਰਾਨ ਪੁਲਿਸ ਅਤੇ ਇੰਟੀਗਰੇਟਿਡ ਕੋਲਿਜ਼ਨ ਐਨਾਲਿਸਿਸ ਐਂਡ ਰੀਕੰਸਟਰੱਕਸ਼ਨ ਸਰਵਿਸ ਨੇ ਘਟਨਾ ਦੀ ਜਾਂਚ ਕੀਤੀ।

ਪੁਲਿਸ ਵੱਲੋਂ ਇਸ ਮਾਮਲੇ ਦੀ ਪੂਰੀ ਜਾਂਚ ਜਾਰੀ ਹੈ, ਅਤੇ ਉਮੀਦ ਹੈ ਕਿ ਹਾਦਸੇ ਦੇ ਪਿੱਛੇ ਦੇ ਕਾਰਕ ਸਪਸ਼ਟ ਕੀਤੇ ਜਾਣਗੇ।

# ਮੈਟਰੋ ਵੈਨਕੂਵਰ ਵਿੱਚ ਲਿਵਿੰਗ ਵੇਜ (ਮਜ਼ਦੂਰੀ ਦੀ ਦਰ) ਵਿੱਚ 5 ਫ਼ੀਸਦੀ ਵਾਧਾ




ਸਰੀ, (ਸਿਮਰਨਜੀਤ ਸਿੰਘ): ਮੈਟਰੋ ਵੈਨਕੂਵਰ ਵਿੱਚ ਜੀਵਨ-ਯੋਗ ਮਜ਼ਦੂਰੀ ਦੀ ਦਰ (ਲਿਵਿੰਗ ਵੇਜ) 2024 ਲਈ ਵਾਧਾ ਕਰਕੇ $27.05 ਪ੍ਰਤੀ ਘੰਟਾ ਹੋ ਗਈ ਹੈ, ਜਦੋਂ ਕਿ 2023 ਵਿੱਚ ਇਹ $25.68 ਸੀ। ਇਹ ਵਾਧਾ 5 ਫ਼ੀਸਦੀ ਹੈ। ਇਸ ਬਦਲਾਅ ਦਾ ਐਲਾਨ ਬੁੱਧਵਾਰ ਨੂੰ ਲਿਵਿੰਗ ਵੇਜ ਬੀਸੀ ਅਤੇ ਕੈਨੇਡੀਅਨ ਸੈਂਟਰ ਫਾਰ ਪਾਲਿਸੀ ਆਲਟਰਨੇਟਿਵਜ਼ ਵੱਲੋਂ ਕੀਤਾ ਗਿਆ। ਇਹ ਸੰਸਥਾਵਾਂ ਸੂਬੇ ਭਰ ਵਿੱਚ ਕੁਮਿਊਨਿਟੀਆਂ ਨਾਲ ਮਿਲ ਕੇ ਇਹ ਗਣਨਾ ਕਰਦੀਆਂ ਹਨ ਕਿ ਮਜਦੂਰਾਂ ਨੂੰ ਆਪਣੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਨ ਲਈ ਘੱਟੋ-ਘੱਟ ਕਿੰਨਾ ਕਮਾਉਣਾ ਚਾਹੀਦਾ ਹੈ।

ਲਿਵਿੰਗ ਵੇਜ ਬੀਸੀ ਦੀ ਪ੍ਰੋਵਿੰਸ਼ੀਅਲ ਮੈਨੇਜਰ, ਅਨਾਸਤਾਸਿਆ ਫ੍ਰੈਂਚ, ਨੇ ਦੱਸਿਆ ਕਿ ਇਸ ਵਾਧੇ ਦੇ ਪਿੱਛੇ ਮੁੱਖ ਕਾਰਕ ਘਰ ਕਿਰਾਏ ਅਤੇ ਖਾਣ-ਪੀਣ ਦੀਆਂ ਕੀਮਤਾਂ ਹਨ।

ਫ੍ਰੈਂਚ ਨੇ ਕਿਹਾ ਕਿ, "ਲਿਵਿੰਗ ਵੇਜ ਪਰਿਵਾਰ ਲਈ ਰੈਂਟ ਬਜਟ ਪਿਛਲੇ ਸਾਲ ਦੇ ਮੁਕਾਬਲੇ 9.5 ਫ਼ੀਸਦੀ ਵੱਧ ਗਿਆ ਹੈ। ਇਹ ਸਿਰਫ ਵੱਡੀ ਵਾਧੂ ਰਕਮ ਹੀ ਨਹੀਂ ਹੈ, ਸਗੋਂ ਇਹ ਸਮੁੱਚੇ ਬਜਟ ਦਾ ਸਭ ਤੋਂ ਵੱਡਾ ਹਿੱਸਾ ਵੀ ਹੈ। ਲੋਕ ਆਪਣੀ ਆਮਦਨੀ ਦਾ 30 ਫ਼ੀਸਦੀ ਹਿੱਸਾ ਘਰ ਕਿਰਾਏ ਤੇ ਖਰਚ ਰਹੇ ਹਨ। ਇਸ ਲਈ, ਰਿਹਾਇਸ਼ ਦੀ ਆਫ਼ਰਡਬਿਲਟੀ ਨੂੰ ਸਹੀ ਕਰਨਾ ਬਹੁਤ ਜ਼ਰੂਰੀ ਹੈ। ਜੇ ਅਸੀਂ ਰਿਹਾਇਸ਼ ਦੇ ਖਰਚੇ ਘਟਾ ਸਕੀਏ, ਤਾਂ ਇਹ ਲਿਵਿੰਗ ਵੇਜ ਨੂੰ ਵੀ ਘਟਾ ਸਕੇਗਾ।"

ਫ੍ਰੈਂਚ ਨੇ ਕਿਹਾ ਕਿ ਭਾਵੇਂ ਇਹ ਦਰ ਉੱਚੀ ਲੱਗ ਸਕਦੀ ਹੈ, ਪਰ ਬ੍ਰਿਟਿਸ਼ ਕੋਲੰਬੀਆ ਵਿੱਚ 450 ਕਾਰੋਬਾਰੀ ਮਾਲਕ ਆਪਣੇ ਕਰਮਚਾਰੀਆਂ ਨੂੰ ਲਿਵਿੰਗ ਵੇਜ ਦੇਣ ਦਾ ਵਚਨ ਦੇ ਚੁੱਕੇ ਹਨ। ਇਹ ਵਚਨ ਸਿਰਫ ਨੈਤਿਕ ਹੀ ਨਹੀਂ, ਸਗੋਂ ਆਰਥਿਕ ਤੌਰ ਤੇ ਵੀ ਲਾਭਕਾਰੀ ਸਾਬਤ ਹੋਇਆ ਹੈ।

ਮੈਟਰੋ ਵੈਨਕੂਵਰ ਰਿਹਾਇਸ਼ ਖਰਚੇ ਵੱਲੋਂ ਸੂਬੇ ਵਿੱਚ ਤੀਜੇ ਨੰਬਰ ਤੇ ਹੈ। ਇਹ ਦਰ ਸਿਰਫ ਟੋਫਿਨੋ ($28.09) ਅਤੇ ਵ੍ਹਿਸਟਲਰ ਤੋਂ ਘੱਟ ਹੈ। ਫ੍ਰੈਂਚ ਨੇ ਇਸ ਦਾ ਕਾਰਣ ਇਨ੍ਹਾਂ ਸਥਾਨਾਂ ਦੀ ਪ੍ਰਵਾਸੀ ਉਦਯੋਗ ਤੇ ਆਧਾਰਿਤ ਅਰਥਵਿਵਸਥਾ ਨੂੰ ਦੱਸਿਆ।

ਫ੍ਰੈਂਚ ਨੇ ਇਹ ਵੀ ਕਿਹਾ ਕਿ ਸਰਕਾਰ ਨੂੰ ਰਿਹਾਇਸ਼ ਦੇ ਨਾਲ-ਨਾਲ ਆਵਾਜਾਈ ਸੇਵਾਵਾਂ 'ਚ ਸੁਧਾਰ ਕਰਨ ਦੀ ਲੋੜ ਹੈ, ਤਾਂ ਜੋ ਲੋਕ ਆਪਣੀ ਕਾਰ 'ਤੇ ਨਿਰਭਰ ਨਾ ਰਹਿ ਜਾਣ। ਜਦੋਂ ਕਿ ਦੋ ਮਾਪਿਆਂ ਅਤੇ ਦੋ ਬੱਚਿਆਂ ਵਾਲੇ ਪਰਿਵਾਰਾਂ ਲਈ ਲਿਵਿੰਗ ਵੇਜ $27.05 ਹੈ, ਬਿਨਾਂ ਬੱਚਿਆਂ ਵਾਲੇ ਵਿਅਕਤੀਆਂ ਲਈ ਇਹ ਦਰ ਵਧ ਕੇ $27.35 ਹੋ ਜਾਂਦੀ ਹੈ। ਫ੍ਰੈਂਚ ਨੇ ਕਿਹਾ, "ਇਹ ਸ਼ਾਇਦ ਅਜੀਬ ਲੱਗੇ, ਪਰ ਬੱਚਿਆਂ ਵਾਲੇ ਪਰਿਵਾਰਾਂ ਨੂੰ ਕਈ ਸਰਕਾਰੀ ਲਾਭ ਮਿਲਦੇ ਹਨ, ਜਦਕਿ ਬਿਨ੍ਹਾਂ ਬੱਚਿਆਂ ਵਾਲੇ ਲੋਕਾਂ ਨੂੰ ਬਹੁਤ ਘੱਟ ਲਾਭ ਮਿਲਦੇ ਹਨ। ਇਸ ਲਈ, ਉਹ ਅਕਸਰ ਗਰੀਬੀ ਵਿੱਚ ਰਹਿੰਦੇ ਹਨ।

2024 ਵਿੱਚ ਜਦੋਂ ਸੂਬੇ ਦੀ ਨਿਊਨਤਮ ਮਜਦੂਰੀ $17.40 ਪ੍ਰਤੀ ਘੰਟਾ ਹੈ ਪਰ ਮੈਟਰੋ ਵੈਨਕੂਵਰ ਵਿੱਚ ਲਿਵਿੰਗ ਵੇਜ ਦਾ ਅੰਕ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਜ਼ਰੂਰਤਾਂ ਪੂਰੀਆਂ ਕਰਨ ਲਈ ਮਜਦੂਰਾਂ ਨੂੰ ਲੋੜ ਤੋਂ ਕਾਫ਼ੀ ਵੱਧ ਕਮਾਉਣ ਦੀ ਜ਼ਰੂਰਤ ਪੈ ਰਹੀ ਹੈ। This report was written by Simranjit Singh as part of the Local Journalism Initiative.

Keep Smiling Denture Clinic

# Keep Smiling Denture Clinic

SEMCD CERTIFIED CLINICIAN LOWER SUCTION DENTURE

Complete Denture · Implant Denture · Partial Denture

CARE HOME MOBILE SERVICE

ਮੁਫ਼ਤ ਸਲਾਹ ਲਈ ਅੱਜ ਹੀ ਮਿਲੋ

ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ

ਹੱਡੀ ਘਸੀ ਹੋਈ ਹੈ?

ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।

ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ

**If you have received Canadian Dental Care Plan Card. Book appointment**

ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।



Gagan Chahal R.D.
Registered Denturist

Book Your Appointment

778-600-0811
6834 King George Blvd Surrey BC

778-600-0810
2644 Cyril St Abbotsford BC

# ਤਿੰਨ-ਪੱਖੀ ਵਪਾਰ ਸੰਬੰਧੀ ਗੱਲਬਾਤ ਲਈ ਕੈਨੇਡਾ ਵਲੋਂ ਸਹਿਯੋਗ ਜਾਰੀ ਰਹੇਗਾ : ਜਸਟਿਨ ਟਰੂਡੋ

ਸਰੀ, (ਸਿਮਰਨਜੀਤ ਸਿੰਘ): ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਹੈ ਕਿ ਕੈਨੇਡਾ-ਅਮਰੀਕਾ ਅਤੇ ਮੈਕਸੀਕੋ ਨਾਲ ਤਿੰਨ-ਪੱਖੀ ਵਪਾਰ ਸੰਬੰਧੀ ਗੱਲਬਾਤ ਲਈ ਵਚਨਬੱਧ ਹੈ, ਭਾਵੇਂ ਕੁਝ ਸੂਬਾਈ ਮੁਖ ਮੰਤਰੀਆਂ ਨੇ ਮੈਕਸੀਕੋ ਨੂੰ ਗੱਲਬਾਤਾਂ ਤੋਂ ਬਾਹਰ ਰੱਖਣ ਦੀ ਮੰਗ ਕੀਤੀ ਸੀ।




ਟਰੂਡੋ ਨੇ ਆਸ ਜਤਾਈ ਹੈ ਕਿ ਤਿੰਨੋ ਦੇਸ਼ ਕੈਨੇਡਾ, ਅਮਰੀਕਾ ਅਤੇ ਮੈਕਸੀਕੋ ਦੇ ਦਰਮਿਆਨ ਗੱਲਬਾਤ ਜਾਰੀ ਰਹੇਗੀ। ਉਨ੍ਹਾਂ ਨੇ ਕਿਹਾ ਕਿ ਉੱਤਰੀ ਅਮਰੀਕ ਮੁਫ਼ਤ ਵਪਾਰ ਸਮਝੌਤੇ (ਅਢਠਅ) ਨੂੰ ਮਜ਼ਬੂਤ ਬਣਾਉਣ ਅਤੇ ਤਿੰਨੋਂ ਦੇਸ਼ਾਂ ਲਈ ਫਾਇਦੇ ਵਾਲੇ ਤਰੀਕੇ ਲੱਭਣ ਦੀ ਕੋਸ਼ਿਸ਼ ਜਾਰੀ ਰਹੇਗੀ।

ਜ਼ਿਕਰਯੋਗ ਹੈ ਕਿ ਓਨਟਾਰੀਓ ਦੇ ਮੁਖ ਮੰਤਰੀ ਡਗ ਫੋਰਡ ਨੇ ਮੈਕਸੀਕੋ ਦੇ ਕੰਮਕਾਜੀ ਮਿਆਰਾਂ ਦੀ ਘਾਟ, ਘੱਟ ਤਨਖਾਹਾਂ ਅਤੇ ਚੀਨ ਤੋਂ ਆਉਣ ਵਾਲੇ ਆਟੋ ਪਾਰਟਸ ਦੀ ਸਮੱਸਿਆ ਨੂੰ ਦਰਸਾਉਂਦਿਆਂ ਕੈਨੇਡਾ ਨੂੰ ਅਮਰੀਕਾ ਨਾਲ ਅਲੱਗ ਵਪਾਰ ਕਰਨ ਦੀ ਸਿਫ਼ਾਰਿਸ਼ ਕੀਤੀ। ਅਲਬਰਟਾ ਦੀ ਮੁਖ ਮੰਤਰੀ ਡੇਨੀਅਲ ਸਮਿਥ ਨੇ ਵੀ ਇਸੇ ਵਿਚਾਰ ਦਾ ਸਮਰਥਨ ਕੀਤਾ ਸੀ।

ਟਰੂਡੋ ਨੇ ਲੀਮਾ, ਪੇਰੂ ਵਿੱਚ ਐਸ਼ੀਆ-ਪੈਸਿਫਿਕ ਆਰਥਿਕ ਸਹਿਯੋਗ (ਅਫਓਛ) ਸ਼ਿਖਰ ਸੰਮੇਲਨ ਵਿੱਚ ਕਿਹਾ ਕਿ, "ਮੈਨੂੰ ਆਸ ਹੈ ਕਿ ਅਸੀਂ ਆਉਣ ਵਾਲੇ ਮਹੀਨਿਆਂ ਜਾਂ ਸਾਲਾਂ ਵਿੱਚ ਉੱਤਰੀ ਅਮਰੀਕਾ ਨੂੰ ਇੱਕ ਲਾਭਦਾਇਕ ਖੇਤਰ ਬਣਾਉਣ ਲਈ ਅਪਾਸੀ ਸਹਿਯੋਗ ਨਾਲ ਕੰਮ ਕਰ ਸਕਾਂਗੇ।"

ਡੋਨਾਲਡ ਟਰੰਪ ਦੇ ਰਾਸ਼ਟਰਪਤੀ ਚਾਰਜ ਸੰਭਾਲਣ ਤੋਂ ਪਹਿਲਾਂ, ਕੈਨੇਡਾ, ਮੈਕਸੀਕੋ ਅਤੇ ਅਮਰੀਕਾ ਨੇ 1994 ਦੇ ਅਢਠਅ ਸਮਝੌਤੇ ਨੂੰ ਮੁੜ ਤਿਆਰ ਕਰਕੇ 2020 ਵਿੱਚ ਸ਼ੰਛਅ (ਅਮਰੀਕਾ-ਮੈਕਸੀਕੋ-ਕੈਨੇਡਾ ਸਮਝੌਤਾ) 'ਤੇ ਦਸਤਖ਼ਤ ਕੀਤੇ ਸਨ। ਇਹ ਸਮਝੌਤਾ 2026 ਵਿੱਚ ਸਮੀਖਿਆ ਲਈ ਪੇਸ਼ ਹੋਵੇਗਾ।

ਵੀਰਵਾਰ ਨੂੰ ਟਰੂਡੋ ਰੀਓ ਡੀ ਜਨੇਰੋ, ਬ੍ਰਾਜ਼ੀਲ ਵਿੱਚ ਹੋ ਰਹੇ ਜੀ-20 ਸਿਖਰ ਸੰਮੇਲਨ ਲਈ ਪਹੁੰਚੇ। ਉਥੇ ਉਨ੍ਹਾਂ ਦੀ ਮੈਕਸੀਕੋ ਦੀ ਰਾਸ਼ਟਰਪਤੀ ਕਲਾਡੀਆ ਸ਼ੇਨਬਾਓਮ ਨਾਲ ਮੁਲਾਕਾਤ ਹੋਵੇਗੀ। ਸ਼ੇਨਬਾਓਮ ਮੈਕਸੀਕੋ ਅਤੇ ਕੈਨੇਡਾ ਵੱਲੋਂ ਟਰੰਪ ਦੇ ਵਪਾਰ ਨਾਲ ਜੁੜੇ ਫ਼ੈਸਲਿਆਂ ਖ਼ਿਲਾਫ਼ ਇੱਕਜੁੱਟ ਸਟੈਂਡ ਦੀ ਕੋਸ਼ਿਸ਼ ਕਰ ਸਕਦੀ ਹੈ।

ਜ਼ਿਕਰਯੋਗ ਹੈ ਕਿ ਟਰੰਪ ਨੇ ਅਮਰੀਕਾ ਵਿੱਚ ਆਯਾਤੀ ਮਾਲ ਉੱਤੇ 10% ਟੈਰਿਫ਼ ਲਗਾਉਣ ਦੀ ਗੱਲ ਕਹੀ ਹੈ, ਜੋ ਉਸ ਦੇ ਮਤਾਬਕ ਘਰੇਲੂ ਉਦਯੋਗਾਂ ਲਈ ਨਵੇਂ ਮੌਕੇ ਖੋਲ੍ਹੇਗਾ। ਇਸਦੇ ਨਾਲ ਹੀ, ਚੀਨ ਨਾਲ ਵਪਾਰ ਵਿੱਚ ਹੋਰ ਸਖ਼ਤੀ ਦੀ ਯੋਜਨਾ ਵੀ ਐਲਾਨੀ ਹੋਈ ਹੈ । This report was written by Simranjit Singh as part of the Local Journalism Initiative.

# ਕੈਨੇਡਾ-ਅਮਰੀਕਾ ਬਾਰਡਰ 'ਤੇ ਮਾਰੇ ਗਏ ਭਾਰਤੀ ਪਰਿਵਾਰ ਦੇ ਮਾਮਲੇ ਵਿੱਚ ਦੋ ਦੋਸ਼ੀ ਅਦਾਲਤ ‘ਚ ਪੇਸ਼

ਸਰੀ, (ਸਿਮਰਨਜੀਤ ਸਿੰਘ): ਮੈਨੀਟੋਬਾ ਅਤੇ ਮਿਨੀਸੋਟਾ ਬਾਰਡਰ ’ਤੇ 2022 ਵਿੱਚ ਭਾਰਤੀ ਪਰਿਵਾਰ ਦੇ ਠੰਢ ਨਾਲ ਮਰਨ ਦੇ ਮਾਮਲੇ ਵਿੱਚ ਦੋਸ਼ੀ ਦੋ ਵਿਅਕਤੀਆਂ ਦੇ ਖ਼ਿਲਾਫ਼ ਇਸ ਹਫ਼ਤੇ ਮੁਕੱਦਮਾ ਸ਼ੁਰੂ ਹੋਵੇਗਾ। ਇਸ ਪਰਿਵਾਰ ਵਿੱਚ 39 ਸਾਲਾ ਜਗਦੀਸ਼ ਪਟੇਲ, 37 ਸਾਲਾ ਵੈਸ਼ਾਲੀਬੇਨ ਪਟੇਲ, ਉਨ੍ਹਾਂ ਦੀ 11 ਸਾਲਾ ਧੀ ਅਤੇ 3 ਸਾਲਾ ਦਾ ਬੇਟਾ ਸ਼ਾਮਲ ਸੀ। ਉਹਨਾਂ ਦੀਆਂ ਲਾਸ਼ਾਂ ਮੈਨੀਟੋਬਾ ਦੇ ਐਮਰਸਨ ਨਜ਼ਦੀਕ ਖੇਤਾਂ ਵਿੱਚ ਬਰਫ਼ ਵਿੱਚ ਦੱਬੀਆਂ ਮਿਲੀਆਂ ਸਨ।



ਦੋਸ਼ੀਆਂ ‘ਚ ਹਰਸ਼ਕੁਮਾਰ ਰਮਨਲਾਲ ਪਟੇਲ ਅਤੇ ਸਟੀਵ ਸ਼ੈਂਡ ਉੱਪਰ ਇਲਜ਼ਾਮ ਹੈ ਕਿ ਉਹ ਇੱਕ ਵੱਡੇ ਮਨੁੱਖੀ ਸਮੱਗਲਿੰਗ ਔਪਰੇਸ਼ਨ ਦਾ ਹਿੱਸਾ ਸਨ। ਇਸ ਔਪਰੇਸ਼ਨ ਰਾਹੀਂ ਉਹ ਭਾਰਤ ਤੋਂ ਵਿਦਿਆਰਥੀ ਵੀਜ਼ੇ ’ਤੇ ਕੈਨੇਡਾ ਆਏ ਲੋਕਾਂ ਨੂੰ ਅਮਰੀਕਾ ਦੀ ਸਰਗੱਦ ਪਾਰ ਕਰਵਾਉਂਦੇ ਸਨ। ਦੋਸ਼ੀਆਂ ਨੇ ਆਪਣੇ ਖ਼ਿਲਾਫ਼ ਸਾਰੇ ਦੋਸ਼ਾਂ ਨੂੰ ਰੱਦ ਕਰਦਿਆਂ ਅਤੇ ਜਾਨ ਖਤਰੇ ਵਿੱਚ ਪਾਉਣ ਸਬੰਧੀ ਦੋਸ਼ਾਂ ਤੇ ਬੇਗੁਨਾਹੀ ਦਰਜ ਕੀਤੀ ਹੈ।

ਪ੍ਰੋਸਿਕਿਊਟਰਾਂ ਨੇ ਦੋਸ਼ ਲਾਇਆ ਹੈ ਕਿ ਪਟੇਲ ਕੈਨੇਡਾ ਦੇ ਸਮੱਗਲਰਾਂ ਨਾਲ ਮਿਲ ਕੇ ਮਨੁੱਖਾਂ ਨੂੰ ਬਾਰਡਰ ਦੇ ਨਜ਼ਦੀਕ ਉਤਾਰਦੇ ਅਤੇ ਉਸ ਤੋਂ ਬਾਅਦ ਸ਼ੈਂਡ ਉਹਨਾਂ ਨੂੰ ਅਮਰੀਕਾ ਵਿੱਚ ਲੈ ਜਾਵੇਗਾ। ਅਦਾਲਤੀ ਦਸਤਾਵੇਜ਼ਾਂ ਮੁਤਾਬਿਕ, ਜਨਵਰੀ 19, 2022 ਨੂੰ ਬਰਫ਼ੀਲੇ ਤੂਫ਼ਾਨ ਵਿਚ ਇਹ ਘਟਨਾ ਵਾਪਰੀ ਸੀ। ਉਸ ਸਮੇਂ ਹਵਾ ਦਾ ਤਾਪਮਾਨ -35 ਡਿਗਰੀ ਸੈਲਸਿਅਸ ਤੋਂ ਘੱਟ ਵੀ ਸੀ।

ਪਰਿਵਾਰ ਸਣੇ 11 ਲੋਕਾਂ ਦੇ ਗਰੁੱਪ ਵਿੱਚੋਂ ਕੁਝ ਲੋਕ ਸ਼ੈਂਡ ਦੀ ਵੈਨ ਤੱਕ ਪਹੁੰਚਣ ਵਿੱਚ ਸਫਲ ਹੋਏ। ਬਾਕੀਆਂ ਵਿੱਚੋਂ ਉਪਰੋਕਤ ਪਰਿਵਾਰ ਠੰਡ ਨਾਲ ਮਾਰਿਆ ਗਿਆ।

ਮ੍ਰਿਤਕ ਪਰਿਵਾਰ ਗੁਜਰਾਤ ਦੇ ਪਿੰਡ ਡਿੰਗੂਚਾ ਨਾਲ ਸੰਬੰਧਿਤ ਸੀ। ਪਰਿਵਾਰ ਦੇ ਮੁਖੀ ਜਗਦੀਸ਼ ਪਟੇਲ ਨੇ ਭਾਰਤ ਵਿੱਚ ਕਈ ਕੰਮ ਕੀਤੇ ਸਨ ਪਰ ਸਫਲਤਾ ਨਾ ਮਿਲੀ। ਪਰਿਵਾਰ ਦੇ ਕੈਨੇਡਾ ਪਹੁੰਚਣ ’ਤੇ, ਉਹਨਾਂ ਦੇ ਪਿਤਾ ਬਲਦੇਵ ਪਟੇਲ ਨੇ ਆਪਣੇ ਪਿੰਡ ‘ਚ ਖੁਸ਼ੀ ਵੀ ਮਨਾਈ ਸੀ ਕਿ ਉਨ੍ਹਾਂ ਦਾ ਪਰਿਵਾਰ ਜਲਦ ਅਮਰੀਕਾ ਪਹੁੰਚ ਜਾਵੇਗਾ।

ਆਰਸੀਐਮਪੀ ਨੇ ਕੈਨੇਡਾ ਪਾਸੇ ਅਜੇ ਤੱਕ ਕਿਸੇ ਦੀ ਗਿਰਫਤਾਰੀ ਨਹੀਂ ਕੀਤੀ, ਪਰ ਪੜਤਾਲ ਜਾਰੀ ਹੈ। ਮੁਕੱਦਮਾ ਪੰਜ ਦਿਨ ਚੱਲਣ ਦੀ ਸੰਭਾਵਨਾ ਹੈ, ਜਿਸ ਵਿੱਚ ਦੋਸ਼ੀਆਂ ਦੀਆਂ ਮੋਬਾਈਲ ਗੱਲਬਾਤਾਂ ਤੇ ਮੌਸਮ ਸਬੰਧੀ ਚਰਚਾ ਨੂੰ ਸਬੂਤ ਵਜੋਂ ਪੇਸ਼ ਕੀਤਾ ਜਾਵੇਗਾ। This report was written by Simranjit Singh as part of the Local Journalism Initiative.






# 16 ਸਾਲ ਦੀ ਉਮਰ ਤੱਕ ਮਜ਼ਬੂਰਨ ਖੇਡਣਾਂ ਛੱਡ ਦਿੰਦੀਆਂ ਹਨ ਕੈਨੇਡੀਅਨ ਕੁੜੀਆਂ : ਰਿਪੋਰਟ

## ਮੁੰਡਿਆਂ ਦੇ ਮੁਕਾਬਲੇ ਕੈਨੇਡੀਅਨ ਕੁੜੀਆਂ ਖੇਡਾਂ ਵਿੱਚ ਘੱਟ ਰੁਚੀ ਲੈ ਰਹੀਆਂ ਹਨ : ਸਰਵੇਖਣ



ਸਰੀ, (ਸਿਮਰਨਜੀਤ ਸਿੰਘ): ਕੈਨੇਡੀਅਨ ਕੁੜੀਆਂ ਖੇਡਾਂ ਵਿੱਚ ਭਾਗ ਲੈਣ ਦੀ ਗਿਣਤੀ ਵਧ ਰਹੀ ਹੈ, ਪਰ ਅਜੇ ਵੀ ਇਹ ਮੁੰਡਿਆਂ ਨਾਲੋਂ ਘੱਟ ਹੈ। ਇਹ ਜਾਣਕਾਰੀ ਇੱਕ ਨਵੇਂ ਅਧਿਐਨ 'ਰੈਲੀ ਰਿਪੋਰਟ' ਵਿੱਚ ਸਾਹਮਣੇ ਆਈ ਹੈ, ਜੋ ਕਿ ਕੈਨੇਡੀਅਨ ਵਿਮਨ ਐਂਡ ਸਪੋਰਟ ਅਤੇ ਆਈ.ਐਮ.ਆਈ. ਕਨਸਲਟਿੰਗ ਵੱਲੋਂ ਕੀਤਾ ਗਿਆ।

ਇਸ ਰਿਪੋਰਟ ਵਿੱਚ 5,000 ਤੋਂ ਵੱਧ ਕੈਨੇਡੀਆਈ ਨੌਜਵਾਨਾਂ ਦੀ ਰਾਏ ਲਈ ਗਈ, ਜਿਸ ਵਿੱਚ 2,000 ਕੁੜੀਆਂ ਅਤੇ ਔਰਤਾਂ ਸ਼ਾਮਲ ਸਨ। ਨਤੀਜੇ ਦਰਸਾਉਂਦੇ ਹਨ ਕਿ 63 ਪ੍ਰਤੀਸ਼ਤ ਕੁੜੀਆਂ ਹਫ਼ਤਾਵਾਰੀ ਆਯੋਜਿਤ ਖੇਡਾਂ ਵਿੱਚ ਭਾਗ ਲੈਂਦੀਆਂ ਹਨ, ਜਦਕਿ ਇਹ ਗਿਣਤੀ ਲੜਕਿਆਂ ਵਿੱਚ 68 ਪ੍ਰਤੀਸ਼ਤ ਹੈ।

ਹਾਲਾਂਕਿ, ਰਿਪੋਰਟ ਇੱਥੇ ਵੀ ਚਿੰਤਾ ਜਤਾਉਂਦੀ ਹੈ ਕਿ 40 ਪ੍ਰਤੀਸ਼ਤ ਕੁੜੀਆਂ ਅਜੇ ਵੀ ਖੇਡਾਂ 'ਚ ਰੁਚੀ ਨਹੀਂ ਦਿਖਾ ਰਹੀਆਂ।

ਅਧਿਐਨ ਤੋਂ ਪਤਾ ਲੱਗਾ ਹੈ ਕਿ ਕੁੜੀਆਂ ਦੀ ਖੇਡਾਂ ਵਿੱਚ ਭਾਗ ਲੈਣ ਦੀ ਗਿਣਤੀ ਘਟ ਰਹੀ ਹੈ। ਖਾਸ ਤੌਰ 'ਤੇ, 16 ਸਾਲ ਦੀ ਉਮਰ ਤੱਕ ਇਹ ਦਰ ਕਾਫੀ ਤੇਜ਼ੀ ਨਾਲ ਵਧੀ ਹੈ। ਇਸ ਉਮਰ ਦੌਰਾਨ ਇੱਕ ਵਿੱਚੋਂ ਪੰਜ ਕੁੜੀਆਂ ਖੇਡਾਂ ਨੂੰ ਛੱਡ ਦਿੰਦੀਆਂ ਹਨ।

ਇਸ ਦੇ ਕਾਰਨਾਂ ਵਜੋਂ ਦੋ ਵਿੱਚੋਂ ਇੱਕ ਕੁੜੀ ਕਹਿੰਦੀ ਹੈ ਕਿ ਖੇਡਾਂ ਵਿੱਚ ਹਿੱਸਾ ਲੈਣ ਨਾਲ ਉਹਨਾਂ ਦੇ ਸਰੀਰਕ ਤੇ ਸਕਾਰਾਤਮਕ ਪ੍ਰਭਾਵ ਨਹੀਂ ਪੈਂਦਾ ਹੈ।

ਤਿੰਨ ਵਿੱਚੋਂ ਇੱਕ ਕੁੜੀ ਦਾਅਵਾ ਕਰਦੀ ਹੈ ਕਿ ਉਸ 'ਤੇ ਹੁੰਦੀਆਂ ਟਿੱਪਣੀਆਂ ਉਸਦਾ ਆਤਮਵਿਸ਼ਵਾਸ ਘਟਾ ਦਿੰਦੀਆਂ ਹਨ।

ਦੋ ਵਿੱਚੋਂ ਇੱਕ ਕੁੜੀ ਕਹਿੰਦੀ ਹੈ ਕਿ ਖੇਡਾਂ ਦੌਰਾਨ ਮਿਲਣ ਵਾਲੀਆਂ ਟਿੱਪਣੀਆਂ ਜਾਂ ਧਾਰਮਿਕ ਪਹਿਰਾਵੇ ਨਾਲ ਜੁੜੇ ਮਸਲੇ ਉਸ ਦੀ ਭਾਗੀਦਾਰੀ 'ਤੇ ਪ੍ਰਭਾਵ ਪਾਉਂਦੇ ਹਨ। 13 ਤੋਂ 18 ਸਾਲ ਦੀ ਉਮਰ ਦੇ ਵਿੱਚੋਂ ਇੱਕ ਵਿੱਚੋਂ ਇੱਕ ਕੁੜੀ ਮਹਿਸੂਸ ਕਰਦੀ ਹੈ ਕਿ ਮਹੀਨਾਵਾਰੀ ਕਾਰਨ ਉਸ ਦੀ ਖੇਡ 'ਤੇ ਅਸਰ ਪੈਂਦਾ ਹੈ।

ਕੈਨੇਡੀਅਨ ਵਿਮਨ ਐਂਡ ਸਪੋਰਟ, ਜੋ ਕਿ ਪਿਛਲੇ 43 ਸਾਲਾਂ ਤੋਂ ਇਸ ਖੇਤਰ ਵਿੱਚ ਅਗਵਾਈ ਵਾਲੀ ਆਵਾਜ਼ ਬਣੀ ਹੋਈ ਹੈ, ਅਜਿਹੇ ਮੁੱਦਿਆਂ ਨੂੰ ਹੱਲ ਕਰਨ ਲਈ ਕੰਮ ਕਰ ਰਹੀ ਹੈ। ਸੰਗਠਨ ਦੀ ਮੰਨਤਾ ਹੈ ਕਿ ਖੇਡਾਂ ਵਿੱਚ ਭਾਗ ਲੈਣ ਦੇ ਮੌਕੇ ਕੁੜੀਆਂ ਅਤੇ ਔਰਤਾਂ ਲਈ ਜ਼ਿੰਦਗੀ ਨੂੰ ਬਦਲ ਸਕਦੇ ਹਨ। This report was written by Simranjit Singh as part of the Local Journalism Initiative.

# ਉਬਰ ਨੇ ਪੂਰੇ ਬ੍ਰਿਟਿਸ਼ ਕੋਲੰਬੀਆ ਵਿੱਚ ਆਪਣੀ ਸੇਵਾ ਦਾ ਕੀਤਾ ਵਿਸਥਾਰ




ਸਰੀ, (ਸਿਮਰਨਜੀਤ ਸਿੰਘ): ਉਬਰ ਨੇ ਪੂਰੇ ਬੀ.ਸੀ. ਵਿੱਚ ਆਪਣੇ ਰਾਈਡਸ਼ੇਅਰਿੰਗ ਸੇਵਾ ਦਾ ਵਿਸਥਾਰ ਕਰਨ ਦਾ ਐਲਾਨ ਕੀਤਾ ਹੈ, ਪਰ ਇਹ ਕੁਝ ਥਾਂਵਾਂ 'ਤੇ ਇਸ ਗੱਲ 'ਤੇ ਨਿਰਭਰ ਰਹੇਗਾ ਕਿ ਉਥੇ ਕਿੰਨੇ ਡਰਾਈਵਰਾਂ ਨੇ ਸਾਈਨ ਅਪ ਕੀਤਾ ਹੈ ਜਾਂ ਉਬਰ ਨਾਲ ਜੁੜੇ ਹਨ ਜਾਂ ਨਹੀਂ। ਉਬਰ ਨੇ ਕਿਹਾ ਕਿ ਹੁਣ ਇਹ ਐਪ ਪੂਸੇ ਬੀ.ਸੀ. ਸੂਬੇ ਵਿੱਚ ਹਰ ਥਾਂ ਉਪਲਬਧ ਹੋਵੇਗੀ ਅਤੇ ਇਸ ਦੇ ਨਾਲ ਹੀ ਡਰਾਈਵਰਾਂ ਦੀ ਭਰਤੀ ਸ਼ੁਰੂ ਕਰ ਦਿੱਤੀ ਗਈ ਹੈ।

ਉਬਰ ਨੇ ਕਿਹਾ, "ਬ੍ਰਿਟਿਸ਼ ਕੋਲੰਬੀਆ ਦੇ ਨਾਗਰਿਕਾਂ ਅਤੇ ਦੌਰੇ 'ਤੇ ਆ ਰਹੇ ਯਾਤਰੀਆਂ ਲਈ, ਉਬਰ ਸੁਰੱਖਿਅਤ, ਸਸਤਾ ਅਤੇ ਭਰੋਸੇਯੋਗ ਆਵਾਜਾਈ ਦਾ ਵਿਕਲਪ ਪ੍ਰਦਾਨ ਕਰਦਾ ਹੈ, ਜਿਸ ਨਾਲ ਉਹ ਆਪਣੇ ਮਨਪਸੰਦ ਥਾਂ ਤੇ ਜਾ ਸਕਦੇ ਹਨ।" ਇਸ ਸੇਵਾ ਨੂੰ ਪਹਿਲਾਂ ਕੈਲੋਨਾ ਅਤੇ ਵਿਕਟੋਰੀਆ ਵਿੱਚ ਜੂਨ 2023 ਵਿੱਚ ਸ਼ੁਰੂ ਕੀਤਾ ਗਿਆ ਸੀ, ਅਤੇ 2025 ਦੀ ਸ਼ੁਰੂਆਤ ਵਿੱਚ ਪ੍ਰੋਵਿੰਸ ਦੇ ਬਾਕੀ ਹਿੱਸਿਆਂ ਵਿੱਚ ਵੀ ਇਸ ਨੂੰ ਲਾਂਚ ਕਰਨ ਦੀ ਯੋਜਨਾ ਹੈ।

ਉਬਰ ਦੇ ਮੋਬਿਲਿਟੀ ਮੈਨੇਜਰ ਮਾਈਕਲ ਵੈਨ ਹੇਮਨ ਨੇ ਕਿਹਾ, "ਬ੍ਰਿਟਿਸ਼ ਕੋਲੰਬੀਆ ਦੇ ਨਾਗਰਿਕਾਂ ਅਤੇ ਦੌਰੇ 'ਤੇ ਆ ਰਹੇ ਲੋਕਾਂ ਲਈ ਹੁਣ ਉਹੀ ਸਹੂਲਤ ਉਪਲਬਧ ਹੋਣੀ ਚਾਹੀਦੀ ਹੈ ਜੋ ਵੈਨਕੂਵਰ, ਵਿਕਟੋਰੀਆ ਅਤੇ ਕਿਲੋਨਾ ਵਿੱਚ ਹੈ।"

ਪਰ ਕੁਝ ਥਾਵਾਂ ਜਿਵੇਂ ਕਿ ਚੇਤਵਿੰਡ, ਚੇਮੇਨਸ ਅਟਟ ਕਲੇਮਟੂ ਵਿੱਚ ਰਾਈਡ ਬੁਕ ਕੀਤੀ ਜਾ ਸਕੇਗੀ ਜਾਂ ਨਹੀਂ, ਇਹ ਸਪਸ਼ਟ ਨਹੀਂ ਹੈ। ਉਬਰ ਕੈਨੇਡਾ ਨੇ ਕਿਹਾ ਹੈ ਕਿ ਸੇਵਾ ਸਿਰਫ ਉਹਨਾਂ ਥਾਵਾਂ 'ਤੇ ਉਪਲਬਧ ਹੋਵੇਗੀ ਜਿੱਥੇ ਡਰਾਈਵਰ ਸਾਈਨ ਅਪ ਕਰਕੇ ਆਨਲਾਈਨ ਹੋਣਗੇ।

ਬੀ.ਸੀ. ਦੇ ਨਾਗਰਿਕਾਂ ਨੂੰ ਡਰਾਈਵਰ ਬਣਨ ਲਈ ਉਬਰ $500 ਦਾ ਇਨਸੇਂਟਿਵ ਪ੍ਰਦਾਨ ਕਰ ਰਿਹਾ ਹੈ, ਜਿਸਦਾ ਉਦੇਸ਼ 2025 ਦੇ ਨਵੇਂ ਸਾਲ ਵਿੱਚ ਸੇਵਾ ਸ਼ੁਰੂ ਹੋਣ ਤੋਂ ਪਹਿਲਾਂ 10 ਯਾਤਰੀਆਂ ਦੀ ਯਾਤਰਾ ਕਰਨ ਦੀ ਸ਼ਰਤ ਪੂਰੀ ਕਰਨੀ ਹੈ।


ਇਸ ਵਿਸਥਾਰ ਦੇ ਨਾਲ ਨਾਲ, ਉਬਰ ਨੇ ਆਪਣੀ ਸੇਵਾ ਵਿੱਚ ਉਬਰ ਈਟਸ ਨੂੰ ਵਰਤੋਂ ਵਿੱਚ ਲੈ ਰਹੇ ਲੋਕਾਂ ਨੂੰ ਵੀ ਡਰਾਈਵਰ ਬਣਨ ਲਈ ਪ੍ਰੇਰਿਤ ਕੀਤਾ ਹੈ। ਉਬਰ ਦਾ ਕਹਿਣਾ ਹੈ ਕਿ ਇਹ ਡਰਾਈਵਿੰਗ ਦਾ ਫਲੈਕਸੀਬਲ ਮੌਕਾ ਹੈ ਜਿਸ ਨਾਲ ਲੋਕ ਆਪਣੀ ਇੱਛਾ ਮੁਤਾਬਕ ਕਮਾਈ ਕਰ ਸਕਦੇ ਹਨ। This report was written by Simranjit Singh as part of the Local Journalism Initiative.


Guru Nanak's Free Kitchen

LOVE ALL, FEED ALL

ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ 'ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ 'ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ 'ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ।

778-895-1453, 604-771-7170


# ਬੀ.ਸੀ. ਵਿੱਚ ਨਵੀਂ ਐਮਬੂਲੈਂਸ ਨੀਤੀ ਤੋਂ ਬੀ.ਸੀ. ਦੇ ਲੋਕ ਹੋਏ ਪ੍ਰੇਸ਼ਾਨ




**ਸਰੀ, (ਸਿਮਰਨਜੀਤ ਸਿੰਘ):** ਬ੍ਰਿਟਿਸ਼ ਕੋਲੰਬੀਆ 'ਚ ਲਾਗੂ ਹੋਈ ਨਵੀਂ ਐਮਬੂਲੈਂਸ ਨੀਤੀ 'ਤੇ ਪੈਰਾਮੈਡਿਕਸ ਨੇ ਚਿੰਤਾ ਜਤਾਈ ਹੈ ਜਿਸ ਵਿੱਚ ਐਮਬੂਲੈਂਸਾਂ ਨੂੰ ਸਿਰਫ਼ ਗੰਭੀਰ ਕਾਲਾਂ ਲਈ ਰਿਜ਼ਰਵ ਕੀਤਾ ਜਾਵੇਗਾ। ਇਹ ਨਵਾਂ ਨਿਯਮ ਖਾਸ ਤੌਰ 'ਤੇ ਖੇਤੀਬਾੜੀ ਖੇਤਰਾਂ ਵਿੱਚ ਚਿੰਤਾ ਦਾ ਵਿਸ਼ਾ ਬਣਿਆ ਹੈ, ਜਿੱਥੇ ਕਈ ਵਾਰੀ ਇੱਕ ਹੀ ਐਮਬੂਲੈਂਸ ਉਪਲਬਧ ਹੁੰਦੀ ਹੈ।

ਇਅਨ ਟੇਟ, ਜੋ ਕਿ ਐਮਬੂਲੈਂਸ ਪੈਰਾਮੈਡਿਕਸ ਦੇ ਯੂਨੀਅਨ ਦੇ ਕਮਿਊਨਿਕੇਸ਼ਨ ਡਾਇਰੈਕਟਰ ਹਨ, ਉਨ੍ਹਾਂ ਨੇ ਕਿਹਾ, "ਸਾਡੀ ਮੁੱਖ ਚਿੰਤਾ ਇਹ ਹੈ ਕਿ ਗੈਰ-ਆਪਤਕਾਲੀ ਅਤੇ ਗੈਰ-ਐਮਰਜੈਂਸੀ ਕਾਲਾਂ ਲਈ ਮਰੀਜ਼ਾਂ ਨੂੰ ਬੇਹੱਦ ਲੰਬਟ ਸਮੇਂ ਲਈ ਇੰਤਜ਼ਾਰ ਕਰਨਾ ਪਵੇਗਾ।" ਉਨ੍ਹਾਂ ਨੇ ਇਹ ਵੀ ਕਿਹਾ ਕਿ ਖੇਤੀਬਾੜੀ ਖੇਤਰਾਂ ਵਿੱਚ ਜਿੱਥੇ ਸਿਰਫ਼ ਇੱਕ ਐਮਬੂਲੈਂਸ ਉਪਲਬਧ ਹੁੰਦੀ ਹੈ, ਇਸ ਨੀਤੀ ਦੇ ਲਾਗੂ ਹੋਣ ਨਾਲ ਸਭ ਤੋਂ ਵੱਧ ਮੁਸ਼ਕਿਲ ਖੇਤਰ ਬਣ ਜਾਣਗੇ।

ਟੇਟ ਨੇ ਕਿਹਾ, "ਹਰ ਕਿਸੇ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਐਮਬੂਲੈਂਸਾਂ ਦਾ ਸ਼ਡਿਊਲ ਨਹੀਂ ਬਣਾਇਆ ਜਾ ਸਕਦਾ।" ਉਹਨਾਂ ਨੇ ਅੱਗੇ ਕਿਹਾ, "ਸਾਨੂੰ ਸਾਡੀ ਯੂਨੀਅਨ ਦੇ ਮੈਂਬਰਾਂ ਅਤੇ ਕੁਝ ਜਨਤਕ ਮੈਂਬਰਾਂ ਤੋਂ ਸੁਣਨ ਨੂੰ ਮਿਲਿਆ ਹੈ ਜੋ ਕਹਿੰਦੇ ਹਨ, 'ਅਸੀਂ ਐਮਬੂਲੈਂਸ ਦੀ ਉਡੀਕ ਕਰ ਰਹੀ ਹਾਂ, ਜਦੋਂ ਕਿ ਐਮਬੂਲੈਂਸਾਂ ਸਟੇਸ਼ਨ ਵਿੱਚ ਖੜੀਆਂ ਦੇਖੀਆਂ ਜਾ ਸਕਦੀਆਂ ਹਨ, ਪਰ ਉਹ ਆਉਂਦੀਆਂ ਕਿਉਂ ਨਹੀਂ?' ਅਤੇ ਕਈ ਵਾਰੀ ਐਮਬੂਲੈਂਸਾਂ ਨੂੰ ਬਿਨ੍ਹਾਂ ਕਾਰਨ ਦੱਸੇ ਰੱਦ ਕਰ ਦਿੱਤਾ ਜਾਂਦਾ ਹੈ।"

ਇਹ ਨਵੀਂ ਨੀਤੀ ਲਾਗੂ ਹੋਣ ਤੋਂ ਪਹਿਲਾਂ ਤੋਂ ਐਮਬੂਲੈਂਸ ਪੈਰਾਮੈਡਿਕਸ ਦੇ ਯੂਨੀਅਨ ਨੇ ਬੀ.ਸੀ. ਐਮਰਜੈਂਸੀ ਹੈਲਥ ਸੇਵਾਵਾਂ ਨੂੰ ਇਸ ਨੀਤੀ ਨੂੰ ਬਦਲਣ ਦੀ ਅਪੀਲ ਕੀਤੀ ਹੈ। ਟੇਟ ਨੇ ਕਿਹਾ, "ਮੈਨੂੰ ਪਤਾ ਨਹੀਂ ਕਿ ਇਸ ਨੀਤੀ ਦੀ ਜ਼ਰੂਰਤ ਸੀ ਜਾਂ ਨਹੀਂ।"

ਯੂਨੀਅਨ ਦੇ ਅਨੁਸਾਰ, ਬੀ.ਸੀ. ਵਿੱਚ ਐਮਬੂਲੈਂਸਾਂ ਦੀਆਂ ਕਾਲਾਂ ਵਿੱਚੋਂ ਵੱਧ ਤੋਂ ਵੱਧ ਗੈਰ-ਆਪਤਕਾਲੀ ਮਾਮਲਿਆਂ ਵਿੱਚ ਸ਼ਾਮਿਲ ਹਨ।

ਇਹ ਨੀਤੀ ਇੱਕ ਮਹੀਨੇ ਤੋਂ ਜ਼ਿਆਦਾ ਸਮੇਂ ਲਈ ਲਾਗੂ ਕੀਤੀ ਗਈ ਹੈ, ਜਿਸਦਾ ਮਕਸਦ ਸੀਮਤ ਸਰੋਤਾਂ ਨੂੰ ਸੁਚਾਰੂ ਤਰੀਕੇ ਨਾਲ ਪ੍ਰਬੰਧਿਤ ਕਰਨਾ ਹੈ। ਇਸ ਨੀਤੀ ਦੇ ਤਹਿਤ, ਡਿਸਪੈਚਰਾਂ ਨੂੰ ਗੈਰ- ਗੰਭੀਰ ਕਾਲਾਂ ਦਾ ਜਵਾਬ ਦੇਣ ਵਿੱਚ ਦੇਰੀ ਕਰਨ ਦੀ ਹਿਦਾਇਤ ਦਿੱਤੀ ਗਈ ਹੈ, ਤਾਂ ਜੋ ਜ਼ਿਆਦਾ ਐਮਰਜੈਂਸੀਜ਼ ਵਾਲੇ ਮਾਮਲਿਆਂ ਨੂੰ ਪਹਿਲ ਦਿੱਤੀ ਜਾ ਸਕੇ। This report was written by Simranjit Singh as part of the Local Journalism Initiative.

# ਕੈਨੇਡਾ ਵਿਦੇਸ਼ੀ ਵਿਦਿਆਰਥੀਆਂ ਲਈ ਰਾਹਤ: ਕੈਂਪਸ ਤੋਂ ਬਾਹਰ ਕੰਮ ਕਰਨ ਦੀ ਸੀਮਾ ਵਧੀ

ਟੋਰਾਂਟੋ: ਕੈਨੇਡਾ ਵਿੱਚ ਪੜ੍ਹ ਰਹੇ ਭਾਰਤੀ ਵਿਦਿਆਰਥੀਆਂ ਸਣੇ ਸਾਰੇ ਵਿਦੇਸ਼ੀ ਵਿਦਿਆਰਥੀਆਂ ਲਈ ਖੁਸ਼ਖਬਰੀ ਆਈ ਹੈ। ਹੁਣ ਵਿਦਿਆਰਥੀ ਬਿਨ੍ਹਾਂ ਵਰਕ ਪਰਮਿਟ ਦੇ ਹਰ ਹਫ਼ਤੇ 24 ਘੰਟੇ ਕੈਂਪਸ ਤੋਂ ਬਾਹਰ ਕੰਮ ਕਰ ਸਕਣਗੇ। ਇਸ ਤੋਂ ਪਹਿਲਾਂ ਇਹ ਸੀਮਾ 20 ਘੰਟਿਆਂ ਤੱਕ ਸੀ। ਇਹ ਫੈਸਲਾ ਇਮੀਗ੍ਰੇਸ਼ਨ, ਸਿਟੀਜ਼ਨਸ਼ਿਪ ਕੈਨੇਡਾ (ਆਈਆਰਸੀਸੀ) ਵੱਲੋਂ ਕੀਤਾ ਗਿਆ ਹੈ।

ਆਈਆਰਸੀਸੀ ਮੰਤਰੀ ਮਾਰਕ ਮਿਲਰ ਨੇ ਕਿਹਾ ਕਿ ਇਸ ਬਦਲਾਅ ਨਾਲ ਵਿਦਿਆਰਥੀਆਂ ਨੂੰ ਕੈਨੇਡੀਅਨ ਕੰਮਕਾਜ ਦਾ ਤਜ਼ਰਬਾ ਹਾਸਲ ਕਰਨ ਦਾ ਮੌਕਾ ਮਿਲੇਗਾ, ਜੇਕਰ ਉਹ ਆਪਣੀ ਪੜ੍ਹਾਈ ਜਾਰੀ ਰੱਖਦੇ ਹਨ। ਇਹ ਪ੍ਰੋਗਰਾਮ ਵਿਦਿਆਰਥੀਆਂ ਦੀ ਪੜ੍ਹਾਈ ਨਾਲ ਜੁੜੀ ਵਿੱਤੀ ਲੋੜਾਂ ਨੂੰ ਪੂਰਾ ਕਰਨ ਵਿੱਚ ਵੀ ਮਦਦਗਾਰ ਸਾਬਤ ਹੋਵੇਗਾ।

ਮੰਤਰੀ ਨੇ ਦੱਸਿਆ ਕਿ ਬਦਲਾਅ ਦੀ ਮੁੱਖ ਜ਼ਰੂਰਤ ਇਹ ਹੈ ਕਿ ਕੈਨੇਡਾ ਵਿੱਚ ਮਜ਼ਦੂਰੀ ਦੀ ਕਮੀ ਹੋ ਰਹੀ ਹੈ। ਉਨ੍ਹਾਂ ਕਿਹਾ, "ਵਿਦਿਆਰਥੀਆਂ ਨੂੰ ਕੰਮ ਦਾ ਵਧੇਰੇ ਤਜ਼ਰਬਾ ਹਾਸਿਲ ਹੋਵੇਗਾ, ਜਿਸ ਨਾਲ ਉਹ ਪੜ੍ਹਾਈ ਦੇ ਨਾਲ ਆਪਣੇ ਭਵਿੱਖ ਲਈ ਤਿਆਰੀ ਕਰ ਸਕਣਗੇ।"

ਭਾਰਤੀ ਵਿਦਿਆਰਥੀ, ਜੋ ਸੰਖਿਆਵਾਰ ਕੈਨੇਡਾ ਦੇ ਸਰਵੋਤਮ ਵਿਦੇਸ਼ੀ



ਵਿਦਿਆਰਥੀਆਂ ਵਿੱਚੋਂ ਹਨ, ਇਸ ਬਦਲਾਅ ਨਾਲ ਬੇਹਦ ਲਾਭ ਪ੍ਰਾਪਤ ਕਰਨਗੇ। ਉਹ ਹੁਣ 24 ਘੰਟੇ ਕੰਮ ਕਰਕੇ ਆਪਣੀ ਕਮਾਈ ਵਿੱਚ ਵੀ ਵਾਧਾ ਕਰ ਸਕਣਗੇ। ਇਸ ਤੋਂ ਇਲਾਵਾ, ਉਹ ਕੈਨੇਡਾ ਦੇ ਕਮਾਈ ਦੇ ਤਜ਼ਰਬੇ ਨਾਲ ਆਪਣੇ ਭਵਿੱਖ ਲਈ ਮਜ਼ਬੂਤ ਆਧਾਰ ਤਿਆਰ ਕਰਨਗੇ।

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਇਸ ਮਾਮਲੇ ਵਿੱਚ ਆਪਣੀ ਰਾਇ ਦਿੰਦਿਆਂ ਕਿਹਾ ਕਿ ਕੁਝ ਲੋਕ ਪ੍ਰਵਾਸੀ ਵਿਦਿਆਰਥੀਆਂ ਨੂੰ ਝੂਠੇ ਵਾਅਦੇ ਕਰਕੇ ਉਹਨਾਂ ਦਾ ਸ਼ੋਸ਼ਣ ਕਰ ਰਹੇ ਹਨ। ਇਸ ਵਿੱਚ ਨੌਕਰੀਆਂ, ਡਿਪਲੋਮੇ ਅਤੇ ਨਾਗਰਿਕਤਾ ਦੇ ਅਸਾਨ ਰਸਤੇ ਦਿਖਾਉਣ ਵਾਲੇ ਝਾਂਸੇ ਸ਼ਾਮਲ ਹਨ। ਉਨ੍ਹਾਂ ਕਿਹਾ, "ਅਸੀਂ ਵਿਦਿਆਰਥੀਆਂ ਨੂੰ ਬਿਹਤਰ ਸੇਵਾਵਾਂ ਪ੍ਰਦਾਨ ਕਰਨ ਦੇ ਨਾਲ-ਨਾਲ ਇਨਸਾਫ਼ ਅਤੇ ਸੁਰੱਖਿਆ ਨੂੰ ਯਕੀਨੀ ਬਨਾਉਣ ਲਈ ਪ੍ਰਵਾਸ ਨੀਤੀ ਵਿੱਚ ਬਦਲਾਅ ਲਿਆ ਰਹੇ ਹਾਂ।"

ਕੈਨੇਡਾ ਵਿੱਚ ਸਾਲਾਨਾ ਹਜ਼ਾਰਾਂ ਵਿਦੇਸ਼ੀ ਵਿਦਿਆਰਥੀ ਪੜ੍ਹਾਈ ਲਈ ਆਉਂਦੇ ਹਨ। ਇਨ੍ਹਾਂ ਵਿਦਿਆਰਥੀਆਂ ਦਾ ਸਿਰਫ਼ ਪੜ੍ਹਾਈ ਨਾਲ ਨਹੀਂ, ਸਗੋਂ ਕੰਮਕਾਜ ਅਤੇ ਵਿੱਤੀ ਮਦਦ ਨਾਲ ਵੀ ਵੱਡਾ ਯੋਗਦਾਨ ਹੁੰਦਾ ਹੈ। ਹੁਣ ਵਧੇਰੇ ਘੰਟੇ ਕੰਮ ਕਰਨ ਦੀ ਆਜ਼ਾਦੀ, ਵਿਦਿਆਰਥੀਆਂ ਨੂੰ ਮਜ਼ਬੂਤ ਅਤੇ ਸਵਾਲਖ ਭਵਿੱਖ ਦੇ ਸੁਨਹਿਰੇ ਮੌਕੇ ਦਿੰਦੀ ਹੈ।

ਇਹ ਫੈਸਲਾ ਮਜ਼ਦੂਰੀ ਦੀ ਮੰਗ ਪੂਰੀ ਕਰਨ ਲਈ ਵੀ ਲਾਭਕਾਰੀ ਸਾਬਤ ਹੋਵੇਗਾ। ਵਿਦਿਆਰਥੀ ਕੈਨੇਡਾ ਦੇ ਕੰਮਕਾਜ ਦੇ ਤਜਰਬੇ ਨੂੰ ਸਿੱਖਣ ਦੇ ਨਾਲ ਕੈਨੇਡੀਅਨ ਸਸਾਇਟੀ ਵਿੱਚ ਆਪਣਾ ਯੋਗਦਾਨ ਪਾਏਂਗੇ। ਇਸ ਬਦਲਾਅ ਨਾਲ ਵਿਦਿਆਰਥੀ ਨਾ ਸਿਰਫ਼ ਆਪਣੀ ਵਿੱਤੀ ਸਥਿਤੀ ਨੂੰ ਸੁਧਾਰ ਸਕਣਗੇ, ਸਗੋਂ ਆਪਣੀ ਭਵਿੱਖ ਦੀ ਕਮਾਈ ਦੇ ਰਾਹ ਵੀ ਹਮਵਾਰ ਕਰਨਗੇ।

# ਇੰਵਿਕਟਸ ਖੇਡਾਂ ਦੇ ਪ੍ਰਚਾਰ ਲਈ ਵੈਨਕੂਵਰ ਪਹੁੰਚੇ ਪ੍ਰਿੰਸ ਹੈਰੀ

ਸਰੀ, (ਸਿਮਰਨਜੀਤ ਸਿੰਘ): ਪ੍ਰਿੰਸ ਹੈਰੀ ਨੇ ਬੀਤੇ ਦਿਨੀਂ ਵੈਨਕੂਵਰ ਵਿੱਚ ਗਰੇ ਕਪ ਵਿੱਚ ਹਾਜ਼ਰੀ ਦੇਣ ਨਾਲ ਫੁੱਟਬਾਲ ਪ੍ਰੇਮੀ ਨੂੰ ਹੈਰਾਨ ਕਰ ਦਿੱਤਾ, ਜਦੋਂ ਟੋਰਾਂਟੋ ਆਰਗੋਨਾਟਸ ਨੇ ਵਿੰਨੀਪੇਗ ਬਲੂ ਬੋਮਬਰਜ਼ ਦਾ ਮੈਚ ਚਲ ਰਿਹਾ ਸੀ।

ਉਹ ਖੇਡ ਤੋਂ ਪਹਿਲਾਂ ਸਾਈਡਲਾਈਨ 'ਤੇ ਦਿਖਾਈ ਦਿੱਤੇ ਅਤੇ ਦਰਸ਼ਕਾਂ ਨੂੰ ਹੱਥ ਹਿਲਾ ਕੇ ਸਲਾਮ ਕੀਤਾ। ਇਸ ਦੌਰਾਨ, ਉਹ ਟੀ.ਐਸ.ਐਨ. ਦੇ ਜੇਮਸ ਦਥੀ ਨਾਲ ਇੱਕ ਇੰਟਰਵਿਊ ਵਿੱਚ ਵੀ ਸ਼ਾਮਲ ਹੋਏ।

ਡਿਊਕ ਆਫ ਸੁਸੈਕਸ ਇਸ ਸਮੇਂ ਵੈਨਕੂਵਰ ਵਿੱਚ ਇੰਵਿਕਟਸ ਖੇਡਾਂ ਦੀ ਪ੍ਰਚਾਰ ਕਰਨ ਆਏ ਹਨ, ਜੋ 8 ਤੋਂ 16 ਫਰਵਰੀ 2024 ਤੱਕ ਵੈਨਕੂਵਰ ਅਤੇ ਵਿਸਲਰ ਵਿੱਚ ਹੋਣੀਆਂ ਹਨ।

ਪ੍ਰਿੰਸ ਹੈਰੀ ਨੇ 2014 ਵਿੱਚ ਇੰਵਿਕਟਸ ਖੇਡਾਂ ਦੀ ਸਥਾਪਨਾ ਕੀਤੀ ਸੀ, ਜਿਸ ਦਾ ਮੁੱਖ ਮਕਸਦ ਦੁਨੀਆ ਭਰ ਤੋਂ ਜ਼ਖਮੀ, ਬੀਮਾਰ ਜਾਂ ਹੋਰ ਅਪਾਹਿਜਾਂ ਲਈ ਖੇਡਾਂ ਵਿੱਚ ਭਾਗ ਲੈਣ ਦਾ ਮੌਕਾ ਪ੍ਰਦਾਨ ਕਰਨਾ ਹੈ।

ਬੀ.ਸੀ. ਵਿੱਚ ਹੋ ਰਹੀਆਂ ਇੰਵਿਕਟਸ ਖੇਡਾਂ ਵਿੱਚ ਪਹਿਲੀ ਵਾਰ ਵਿੰਟਰ ਗੇਮਜ਼ ਸ਼ਾਮਲ ਕੀਤੀਆਂ ਜਾਣਗੀਆਂ, ਜਿਵੇਂ ਕਿ ਸਿੱਟ-ਸਕੀਇੰਗ, ਸਿੱਟ-ਸਨੋਬੋਰਡਿੰਗ, ਕਰਲਿੰਗ, ਬਾਇਐਥਲਾਨ ਅਤੇ ਸਕੈਲੇਟਨ। ਇਸ ਵਾਰ, 23 ਦੇਸ਼ਾਂ ਤੋਂ 500 ਤੋਂ ਵੱਧ ਖਿਡਾਰੀ ਇਨ੍ਹਾਂ ਖੇਡਾਂ ਦਾ ਹਿੱਸਾ ਬਣਣਗੇ। This report was written by Simranjit Singh as part of the Local Journalism Initiative.



NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ। ਮੁਫ਼ਤ ਸਲਾਹ
"Over 20 years experience as Denturist"
• ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
• ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
• ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
• ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।
BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)

Gaba Tire
All TIRES AVAILABLE (AS, AT & MT)
CAR DETAILING Starting at $100
Free Delivery in Surrey
» 185/65/15 All-season
» 195/65/15
» 205/55/16
» 205/60/16
» 235/45/18 4 Tire 499$ Free install + Tax
» 4 Tire 299$ Free install + Tax
» 33/15/20 4 Mud Tire 10 ply
» 35/12.50/20 4 Mud Tire 10 ply
» 999$ Free install+Tax
2 YEARS 50000 KM WARRANTY
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
CHILLIWACK 45877-HOCKING AVE
604-316-3643
BACK SIDE OF CHILLIWACK TAXI :
ABBOTSFORD 31324 - 107 Peardonville Rd
604-897-3235
604-746-4222
www.gabaautodetailing.com

DHESI MEAT SHOP
SERVING THE COMMUNITY FOR OVER 16 YEARS.
FOR BEST & FRESH MEAT, VISIT US!
Tandoori Chicken, Lemon Chicken, Goat, Lamb & Pork Tandoori Fish, Shish-Kabab also Supply Fresh Cut Meat.
NOW SERVING IN 3 LOCATIONS
King George Blvd (Bear Creek) 106-13588-88 Avenue Surrey, BC V3W 3K8, 604-501-2277
Fleetwood Location : 104-15933 Fraser Hwy, Surrey, BC V4N 0Y3, 604-593-5222
Sullivan Heights : #102 - 14330 - 64 Ave Surrey, BC, 604-503-2880

SIDHU BROTHERS ACCOUNTING SERVICE LTD.
- PAYROLL - PERSONAL INCOME TAX - CORPORATE INCOME TAX - GST/HST/WCB
We Also Provide Service to get Transport Authority (NSC#, DOT#, MC#, Single State Registration)
WE SPECIALIZED IN ACCOUNTING FOR TRANSPORT COMPANIES
Jarnail Singh Sidhu
Cell : 604-808-1148
jsidhu61@gmail.com
TEL : 604-502-9988 FAX : 604-501-9900
Address : 12633-67B Ave. Surrey, BC V3W 1G2

ਕੈਨੇਡੀਅਨ
# ਪੰਜਾਬ ਟਾਈਮਜ਼
**Canadian Punjab Times**

Funded by the Government of Canada | Financé par le gouvernement du Canada | Canada

- **Brar Bhagta Bhai Ka**
  604-751-1113
- **Karamjit Singh Buttar**
  Journalist
- **Simranjit Singh**
  Journalist
- **Dr. Puran Singh**
  Writer
- **Gora Sandhu Khurd**
  News Reporter (Punjab)
- **Paramjit Singh**
  Graphic Designer

Contact for Advertisement
**604-338-7310**

**ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**

**The Canadian Punjab Times is not responsible or legally liable for any news, articles, advertisements or typing mistakes in the news or articles.**

**Canadian Punjab Times Inc.**

**(Punjabi Newspaper)**

Website :
**www.thepunjabtimes.ca**

E-mail :
**canadianpunjabtimes@gmail.com**

**Please Note:**

The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed.

Publisher is not responsible in any mishappening between the customer and Advertiser.

**ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ਼ ਹੈ ਤਾਂ ਉਹ ਸਿਰਫ਼ 'ਤੇ ਸਿਰਫ਼ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।**

# ਭਾਰਤ-ਕੈਨੇਡਾ ਦੇ ਤਕਰਾਰ ਦਾ ਪੰਜਾਬ 'ਤੇ ਪ੍ਰਭਾਵ

**ਪ੍ਰੋਫੈਸਰ ਰਣਜੀਤ ਸਿੰਘ ਧਨੋਆ**



ਪਿਛਲੇ ਦਿਨੀਂ ਭਾਰਤ ਤੇ ਕੈਨੇਡਾ ਨੇ ਇਕ ਦੂਜੇ ਦੇ ਕੂਟਨੀਤਕਾਂ (ਡਿਪਲੋਮੇਟ) ਨੂੰ ਵਾਪਸ ਆਪੋ ਆਪਣੇ ਮੁਲਕ ਪਰਤ ਜਾਣ ਲਈ ਕਹਿ ਦਿੱਤਾ ਸੀ।

ਭਾਵੇਂ ਕਿ ਜ਼ਿਆਦਾਤਰ ਮਾਮਲਿਆਂ ਵਿਚ ਵੱਡੇ ਦੇਸ਼ ਆਪਣੇ ਕੂਟਨੀਤਕਾਂ ਨੂੰ ਦੇਸ਼ ਛੱਡ ਦੇਣ ਦੇ ਹੁਕਮ ਵਰਗੇ ਸਖ਼ਤ ਰੁਖ਼ ਘੱਟ ਹੀ ਅਪਣਾਉਂਦੇ ਹਨ, ਜਿਵੇਂ ਉਹ ਬਰਾਬਰ ਜਾਂ ਆਪ ਤੋਂ ਛੋਟੇ ਦੇਸ਼ਾਂ ਦੇ ਮਾਮਲੇ ਵਿਚ ਪੇਸ਼ ਆਉਂਦੇ ਹਨ। ਮਸਲਨ ਭਾਰਤ ਪਾਕਿਸਤਾਨ ਦੇ ਮਾਮਲੇ ਵਿਚ ਅਨੇਕਾਂ ਵਾਰ ਅਜਿਹਾ ਹੋਇਆ ਹੈ ਕਿ ਇਕ ਦੂਜੇ ਦੇ ਕੂਟਨੀਤਕਾਂ ਨੂੰ ਆਪਣੇ ਮੂਲ ਦੇਸ਼ ਵਾਪਸ ਪਰਤਣਾ ਪਿਆ ਹੈ, ਪਰੰਤੂ ਦੋਵਾਂ ਦੇਸ਼ਾਂ ਦੀ ਜਨਤਾ ਨੇ ਇਸ ਤਰ੍ਹਾਂ ਦੀ ਕਾਰਵਾਈ ਦਾ ਕਦੇ ਬਹੁਤਾ ਨੋਟਿਸ ਨਹੀਂ ਲਿਆ। ਅਗਸਤ 2019 ਵਿਚ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 370 ਨੂੰ ਭਾਰਤ ਸਰਕਾਰ ਨੇ ਜਦੋਂ ਵਾਪਸ ਲਿਆ ਤਾਂ ਉਸ ਵਕਤ ਵੀ ਪਾਕਿਸਤਾਨ ਨੇ ਭਾਰਤੀ ਰਾਜਦੂਤ ਅਜੇ ਬਸਾਰੀਆ ਨੂੰ ਦੇਸ਼ ਛੱਡ ਦੇਣ ਦਾ ਹੁਕਮ ਚਾੜ੍ਹ ਦਿੱਤਾ ਸੀ।

ਕੈਨੇਡਾ ਅਤੇ ਭਾਰਤ ਵਿਚਕਾਰ ਇਕ ਦੂਜੇ ਦੇ ਡਿਪਲੋਮੇਟਾਂ ਨੂੰ ਵਾਪਸ ਭੇਜਣ ਦਾ ਮਸਲਾ ਵੱਖਰੀ ਕਿਸਮ ਦਾ ਹੈ। ਜਦੋਂ ਦੋ ਦੇਸ਼ ਇਕ ਦੂਜੇ ਦੇ ਕੂਟਨੀਤਕਾਂ ਨੂੰ ਦੇਸ਼ ਛੱਡਣ ਦਾ ਹੁਕਮ ਕਰਨ ਤਾਂ ਮਾਮਲਾ ਮਹਿਜ਼ ਅਧਿਕਾਰੀਆਂ ਦੀ ਵਤਨ ਵਾਪਸੀ ਦਾ ਨਹੀਂ ਹੁੰਦਾ, ਬਲਕਿ ਇਹ ਇਕ ਸੰਭਾਵੀ ਵੱਡੀ ਕਾਰਵਾਈ ਦਾ ਸੰਕੇਤ ਹੁੰਦਾ ਹੈ, ਜਿਸ 'ਤੇ ਵਿਰੋਧੀ ਕਾਰਵਾਈ ਹੋਣ ਦੀ ਵੀ ਓਨੀ ਹੀ ਗੁੰਜਾਇਸ਼ ਹੁੰਦੀ ਹੈ। ਇਹ ਆਪਣੇ ਆਪ ਵਿਚ ਬੇਹੱਦ ਗੰਭੀਰ ਮਾਮਲਾ ਹੈ, ਲਿਹਾਜ਼ਾ ਹਥਲੇ ਲੇਖ ਵਿਚ ਅਸੀਂ ਇਹ ਸਮਝਣ ਦੀ ਕੋਸ਼ਿਸ਼ ਕਰਾਂਗੇ ਕਿ ਇਨ੍ਹਾਂ ਦੋਵਾਂ ਦੇਸ਼ਾਂ ਦੇ ਸੰਬੰਧਾਂ ਵਿਚ ਪੈਦਾ ਹੋਈ ਤਲਖ਼ੀ ਦੇ ਭਾਰਤ, ਖ਼ਾਸ ਕਰਕੇ ਪੰਜਾਬ ਦੇ ਸਮੁੱਚੇ ਤਾਣੇ-ਬਾਣੇ 'ਤੇ ਕਿਹੋ ਜਿਹੇ ਪ੍ਰਭਾਵ ਪੈਣ ਵਾਲੇ ਹਨ।

ਪਿਛਲੇ ਸਾਲ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੇ ਦੇਸ਼ ਦੀ ਸੰਸਦ ਵਿਚ ਜੂਨ ਮਹੀਨੇ ਵਿਚ ਖ਼ਾਲਿਸਤਾਨੀ ਆਗੂ ਕਹੇ ਜਾਂਦੇ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਮਾਮਲੇ ਵਿਚ ਭਾਰਤ ਦੀ ਭੂਮਿਕਾ ਹੋਣ ਦਾ ਸੰਦੇਹ ਪ੍ਰਗਟ ਕਰਕੇ ਇਕ ਵਾਰ ਤਾਂ ਸਭ ਨੂੰ ਹੈਰਾਨ ਕਰ ਦਿੱਤਾ ਸੀ। ਹਰਦੀਪ ਸਿੰਘ ਨਿੱਝਰ ਜਿਸ ਨੂੰ ਭਾਰਤ ਵਿਚ 'ਲੋੜੀਂਦਾ ਖਾੜਕੂ' ਐਲਾਨਿਆ ਹੋਇਆ ਸੀ, ਨੂੰ ਅਣਪਛਾਤੇ ਵਿਅਕਤੀਆਂ ਵਲੋਂ ਸਰੀ ਗੁਰਦੁਆਰਾ ਸਾਹਿਬ ਦੀ ਪਾਰਕਿੰਗ ਵਿਚ ਗੋਲੀ ਮਾਰ ਦਿੱਤੀ ਗਈ ਸੀ। ਕੈਨੇਡਾ ਨੇ ਆਪਣੇ ਸਟੈਂਡ ਨੂੰ ਦੁਹਰਾਉਂਦੇ ਹੋਏ ਮੁੜ ਸਪੱਸ਼ਟ ਕੀਤਾ ਹੈ ਕਿ ਭਾਰਤੀ ਹਾਈ ਕਮਿਸ਼ਨ ਦੇ ਅਧਿਕਾਰੀ 'ਮਾਮਲੇ ਨਾਲ ਜੁੜੇ' ਵਿਅਕਤੀ ਹਨ। ਮਾਮਲੇ ਦੀ ਗੰਭੀਰਤਾ ਹੋਰ ਵੀ ਵਧ ਗਈ ਜਦੋਂ 'ਫਾਈਵ ਆਈਜ਼ ਅਲਾਇੰਸ' ਨਾਂਅ ਦੀ ਸੰਸਥਾ ਨੇ ਵੀ 'ਨਿੱਝਰ ਕਤਲ ਕੇਸ' ਵਿਚ ਭਾਰਤੀ ਏਜੰਸੀਆਂ ਦਾ ਹੱਥ ਹੋਣਾ ਦੱਸਿਆ ਸੀ। ਇਹ ਦੁਨੀਆ ਦਾ ਸਭ ਤੋਂ ਤਾਕਤਵਰ ਜਾਸੂਸੀ ਨੈੱਟਵਰਕ ਹੈ, ਜਿਸ ਵਿਚ ਅਮਰੀਕਾ, ਬ੍ਰਿਟੇਨ, ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਕੈਨੇਡਾ ਪੰਜ ਮੁਲਕ ਸ਼ਾਮਿਲ ਹਨ, ਜੋ ਇਕ ਦੂਜੇ ਦੇਸ਼ ਨਾਲ ਖੁਫੀਆ ਜਾਣਕਾਰੀ ਸਾਂਝੀ ਕਰਦੇ ਹਨ। ਇਸ ਤੋਂ ਇਲਾਵਾ ਕੈਨੇਡੀਅਨ ਰਾਇਲ ਮਾਊਂਟਿਡ ਪੁਲਿਸ ਨੇ ਬਾਕਾਇਦਾ ਪ੍ਰੈੱਸ ਕਾਨਫਰੰਸ ਕਰਕੇ ਕਿਹਾ ਸੀ ਕਿ ਕੈਨੇਡਾ ਵਿਚ ਕਤਲ, ਹਿੰਸਕ ਕਾਰਵਾਈਆਂ ਅਤੇ ਖ਼ਾਲਿਸਤਾਨੀ ਸਮਰਥਕਾਂ ਨੂੰ ਨਿਸ਼ਾਨਾ ਬਣਾਉਣ ਵਿਚ ਭਾਰਤੀ ਏਜੰਟ ਸ਼ਾਮਿਲ ਹਨ। ਪੁਲਿਸ ਕਮਿਸ਼ਨਰ ਡੇਵਿਡ ਟੂਬਿਲ ਨੇ ਤਾਂ ਇਹ ਵੀ ਦਾਅਵਾ ਕਰ ਦਿੱਤਾ ਕਿ ਅਸੀਂ 'ਹਿੱਟ ਸੁਕਐਡ' ਦੇ ਤਿੰਨ ਕਾਰਕੁੰਨਾਂ ਨੂੰ ਗ੍ਰਿਫਤਾਰ ਕੀਤਾ ਹੈ, ਜਿੰਨ੍ਹਾਂ ਨੇ ਜਾਂਚ ਦੌਰਾਨ ਇਕਬਾਲ ਕੀਤਾ ਹੈ ਕਿ ਉਹ ਭਾਰਤ ਲਈ ਕੰਮ ਕਰ ਰਹੇ ਹਨ। ਇਸ ਸਭ ਕਾਸੇ ਦੇ ਪ੍ਰਤੀਕਰਮ ਵਜੋਂ ਭਾਰਤ ਨੇ ਦਿੱਲੀ ਵਿਚਲੇ ਕੈਨੇਡਾ ਹਾਈ ਕਮਿਸ਼ਨਰ ਰੌਸ ਵੀਲਰ ਨੂੰ 19 ਅਕਤੂਬਰ ਤੱਕ ਭਾਰਤ ਛੱਡ ਦੇਣ ਦਾ ਫ਼ੁਰਮਾਨ ਕਰ ਦਿੱਤਾ। ਯਾਦ ਰਹੇ ਬੀਤੇ ਵਰ੍ਹੇ ਵੀ ਇਹੀ ਕੁਝ ਹੋਇਆ, ਜਦੋਂ ਭਾਰਤ ਵਲੋਂ ਕੈਨੇਡਾ ਹਾਈ ਕਮਿਸ਼ਨ ਦੇ ਸਟਾਫ ਵਿਚ ਕਟੌਤੀ ਕਰਨ ਦੇ ਨਾਲ-ਨਾਲ ਕੁਝ ਖ਼ਾਸ ਕਿਸਮ ਦੇ ਵੀਜ਼ਾ ਅਮਲਾਂ 'ਤੇ ਪਾਬੰਦੀ ਲਗਾ ਦਿੱਤੀ ਸੀ। ਕੂਟਨੀਤਕ ਜਾਂ ਡਿਪਲੋਮੇਟ ਉਹ ਸਰਕਾਰੀ ਮੁਲਾਜ਼ਮ ਹੁੰਦਾ ਹੈ, ਜੋ ਕੌਮਾਂਤਰੀ ਸੰਬੰਧਾਂ ਨੂੰ ਵਿਕਸਿਤ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਵਪਾਰਕ ਸਮਝੌਤਿਆਂ 'ਤੇ ਗੱਲਬਾਤ ਤੋਂ ਇਲਾਵਾ ਵਿਦੇਸ਼ੀ ਧਰਤੀ 'ਤੇ ਵਸਦੇ ਆਪਣੇ ਮੂਲ ਦੇਸ਼ ਦੇ ਨਾਗਰਿਕਾਂ ਦੀਆਂ ਸਮੱਸਿਆਵਾਂ ਅਤੇ ਨਵੀਆਂ ਨੀਤੀਆਂ 'ਤੇ ਚਰਚਾ ਕਰਨੀ, ਹੋਰ ਵਿਵਾਦਾਂ ਨੂੰ ਨਜਿੱਠਣਾ ਵੀ ਉਸਦੀਆਂ ਮੁਢਲੀਆਂ ਤਰਜੀਹਾਂ ਵਿਚ ਸ਼ਾਮਿਲ ਹੁੰਦਾ ਹੈ।

ਸਭ ਤੋਂ ਪਹਿਲਾਂ ਅਸੀਂ ਭਾਰਤ ਦੇ ਉਸ ਬਿਆਨ ਨੂੰ ਵਾਚਦੇ ਹਾਂ, ਜਿਸ ਵਿਚ ਉਸ ਨੇ ਕਿਹਾ ਸੀ ਕਿ ਸਿੱਖ ਆਗੂ ਦੀ ਹੱਤਿਆ ਦਾ ਦੋਸ਼ ਭਾਰਤ ਸਿਰ ਮੜ੍ਹਨ ਪਿੱਛੇ ਜਸਟਿਨ ਟਰੂਡੋ ਦਾ ਮੰਤਵ ਕੈਨੇਡਾ ਵਿਚ ਵਸਦੇ ਸਿੱਖਾਂ ਦੀ ਹਮਦਰਦੀ ਅਤੇ ਸਿੱਖ ਵੋਟ ਨੂੰ ਪ੍ਰਭਾਵਿਤ ਕਰਕੇ ਆਪਣੇ ਸਿਆਸੀ ਹਿਤਾਂ ਦੀ ਪੂਰਤੀ ਕਰਨਾ ਹੈ। ਪਰੰਤੂ ਕੈਨੇਡਾ ਦੀ ਵਸੋਂ ਦਾ ਤੁਲਨਾਤਮਿਕ ਅਧਿਐਨ ਕਰੀਏ ਤਾਂ ਸਹਿਜੇ ਹੀ ਇਹ ਸਿੱਟਾ ਨਿੱਕਲ ਕੇ ਸਾਹਮਣੇ ਆਉਂਦਾ ਹੈ ਕਿ ਕੈਨੇਡਾ ਵਰਗੇ ਵਿਸ਼ਾਲ ਮੁਲਕ ਵਿਚ ਇਹ ਸੰਭਵ ਹੀ ਨਹੀਂ ਕਿ ਮਹਿਜ਼ ਖ਼ਾਲਿਸਤਾਨੀ ਸਮਰਥਕਾਂ ਨੂੰ ਖ਼ੁਸ਼ ਕਰਕੇ ਕੋਈ ਰਾਜਨੇਤਾ ਆਪਣੀ ਜਿੱਤ ਨੂੰ ਯਕੀਨੀ ਬਣਾ ਸਕਦਾ ਹੋਵੇ। ਭਾਰਤ ਵਿਚ ਬੈਠੇ ਲੋਕਾਂ ਨੂੰ ਵੀ ਸ਼ਾਇਦ ਭੁਲੇਖਾ ਹੋਵੇ ਕਿ ਕੈਨੇਡਾ ਵਸਦੇ ਵੱਡੀ ਗਿਣਤੀ ਵਿਚ ਸਿੱਖ ਭਾਈਚਾਰੇ ਦੇ ਲੋਕ ਕੈਨੇਡਾ ਦੀ ਚੋਣ ਪ੍ਰਕਿਰਿਆ ਵਿਚ ਫੈਸਲਾਕੁੰਨ ਭੂਮਿਕਾ ਨਿਭਾਉਂਦੇ ਹੋਣਗੇ। ਜਦੋਂ ਕਿ ਅਜਿਹਾ ਨਹੀਂ ਹੈ, ਬਰੈਪਟਨ ਦੇ ਚਾਰ ਪੰਜ ਹਲਕਿਆਂ ਨੂੰ ਛੱਡ ਕੇ ਵੱਡੀ ਗਿਣਤੀ ਵਿਚ ਉਥੇ ਕਾਰੋਬਾਰ ਕਰਦੇ ਸਿੱਖ ਭਾਈਚਾਰੇ ਨੂੰ ਦੋਵਾਂ ਦੇਸ਼ਾਂ ਵਿਚਕਾਰ ਸੰਬੰਧ ਸੁਖਾਵੇਂ ਚਾਹੀਦੇ ਹਨ, ਕਿਉਂਕਿ ਉਨ੍ਹਾਂ ਦੀ ਦੁਨੀਆ ਅਸਲ ਵਿਚ ਇੱਧਰ ਹੀ ਵਸਦੀ ਹੈ। ਉਨ੍ਹਾਂ ਦੇ ਖ਼ੁਸ਼ੀ ਗਮੀ, ਜਨਮ ਮਰਨ, ਵਿਆਹ ਸ਼ਾਦੀ ਸਮੇਤ ਸਭ ਤਿੱਥ ਤਿਉਹਾਰ ਪੰਜਾਬ ਦੀ ਧਰਤੀ 'ਤੇ ਹੀ ਪਨਪਦੇ ਹਨ। ਪਿੰਡ ਪੱਧਰ ਦੀ ਪੰਚਾਇਤ ਚੋਣ ਤੋਂ ਲੈ ਕੇ ਮੈਂਬਰ ਪਾਰਲੀਮੈਂਟ ਦੀਆਂ ਚੋਣਾਂ ਨੂੰ ਐਨ.ਆਰ.ਆਈ ਪੰਜਾਬੀ ਵੱਡੇ ਪੱਧਰ 'ਤੇ ਪ੍ਰਭਾਵਿਤ ਕਰਦੇ ਹਨ।

ਭਾਰਤ ਤੋਂ ਹਰੇਕ ਸਾਲ ਲੱਖਾਂ ਦੀ ਗਿਣਤੀ ਵਿਚ ਲੋਕ ਕੈਨੇਡਾ ਦੀ ਧਰਤੀ 'ਤੇ ਉੱਤਰਦੇ ਹਨ, ਜਿਨ੍ਹਾਂ ਵਿਚੋਂ ਬਹੁਤੇ ਪੰਜਾਬੀ ਅਤੇ ਉਨ੍ਹਾਂ ਪੰਜਾਬੀਆਂ ਵਿਚੋਂ ਬਹੁ-ਗਿਣਤੀ ਪੜ੍ਹਾਈ ਲਈ ਗਏ ਵਿਦਿਆਰਥੀਆਂ ਦੀ ਹੁੰਦੀ ਹੈ, ਜੋ ਕੈਨੇਡਾ ਦੀ ਅਕਾਦਮਿਕ ਆਰਥਿਕਤਾ ਨੂੰ ਵੱਡਾ ਹੁਲਾਰਾ ਦਿੰਦੇ ਹਨ। ਕੈਨੇਡਾ ਵਿਚ ਤੇਰਾਂ ਲੱਖ ਤੋਂ ਵੱਧ ਭਾਰਤੀ ਮੂਲ ਦੇ ਲੋਕ ਰਹਿੰਦੇ ਹਨ ਜੋ ਉਥੋਂ ਦੀ ਕੁੱਲ ਅਬਾਦੀ ਦਾ 4 ਫੀਸਦੀ ਹਨ। ਇਸ ਤੋਂ ਇਲਾਵਾ ਅੱਠ ਲੱਖ ਦੇ ਕਰੀਬ ਸਿੱਖ ਵਸੋਂ ਹੈ। ਭਾਵੇਂ ਕਿ ਪਿਛਲੀ ਸਦੀ ਦੇ ਅੱਠਵੇਂ ਦਹਾਕੇ ਵਿਚ ਪੈਦਾ ਹੋਏ ਪੰਜਾਬ ਦੇ ਹਾਲਾਤ ਦੇ ਸਮੇਂ ਤੋਂ ਹੀ ਦੋਵਾਂ ਦੇਸ਼ਾਂ ਵਿਚ ਤਣਾਅ ਬਣਦੇ ਮਿਟਦੇ ਰਹੇ ਹਨ ਪ੍ਰੰਤੂ ਇਕ ਦੂਜੇ ਦੇ ਕੂਟਨੀਤਕਾਂ ਨੂੰ ਦੇਸ਼ ਛੱਡਣ ਦਾ ਹੁਕਮ ਜਾਰੀ ਕਰਨ ਦੀ ਨੌਬਤ ਕਦੇ ਵੀ ਨਹੀਂ ਸੀ ਆਈ। ਇਸਦਾ ਇਕ ਕਾਰਨ ਇਹ ਵੀ ਹੈ ਕਿ ਜਿੰਨ੍ਹਾਂ ਚੀਜ਼ਾਂ ਨੂੰ ਭਾਰਤ ਇਕ ਵੱਡੇ ਖ਼ਤਰੇ ਦੇ ਰੂਪ ਵਿਚ ਦੇਖਦਾ ਜਾਂ ਪੇਸ਼ ਕਰਦਾ ਹੈ ਕੈਨੇਡਾ ਵਿਚ ਉਹ ਸਾਰੇ ਮਾਮਲੇ ਮਹਿਜ਼ ਰੋਸ ਪ੍ਰਦਰਸ਼ਨ, ਵਿਚਾਰ ਪ੍ਰਗਟਾਵੇ ਦੀ ਅਜ਼ਾਦੀ ਜਾਂ ਕਿਸੇ ਮੁੱਦੇ 'ਤੇ ਅਸਹਿਮਤ ਹੋਣ ਦੇ ਸੂਚਕ ਵਜੋਂ ਦੇਖੇ ਜਾਂਦੇ ਹਨ।

*"ਭਾਰਤ ਤੋਂ ਹਰੇਕ ਸਾਲ ਲੱਖਾਂ ਦੀ ਗਿਣਤੀ ਵਿਚ ਲੋਕ ਕੈਨੇਡਾ ਦੀ ਧਰਤੀ 'ਤੇ ਉੱਤਰਦੇ ਹਨ, ਜਿਨ੍ਹਾਂ ਵਿਚੋਂ ਬਹੁਤੇ ਪੰਜਾਬੀ ਅਤੇ ਉਨ੍ਹਾਂ ਪੰਜਾਬੀਆਂ ਵਿਚੋਂ ਬਹੁ-ਗਿਣਤੀ ਪੜ੍ਹਾਈ ਲਈ ਗਏ ਵਿਦਿਆਰਥੀਆਂ ਦੀ ਹੁੰਦੀ ਹੈ, ਜੋ ਕੈਨੇਡਾ ਦੀ ਅਕਾਦਮਿਕ ਆਰਥਿਕਤਾ ਨੂੰ ਵੱਡਾ ਹੁਲਾਰਾ ਦਿੰਦੇ ਹਨ। ਕੈਨੇਡਾ ਵਿਚ ਤੇਰਾਂ ਲੱਖ ਤੋਂ ਵੱਧ ਭਾਰਤੀ ਮੂਲ ਦੇ ਲੋਕ ਰਹਿੰਦੇ ਹਨ ਜੋ ਉਥੋਂ ਦੀ ਕੁੱਲ ਅਬਾਦੀ ਦਾ 4 ਫੀਸਦੀ ਹਨ। ਇਸ ਤੋਂ ਇਲਾਵਾ ਅੱਠ ਲੱਖ ਦੇ ਕਰੀਬ ਸਿੱਖ ਵਸੋਂ ਹੈ। ਭਾਵੇਂ ਕਿ ਪਿਛਲੀ ਸਦੀ ਦੇ ਅੱਠਵੇਂ ਦਹਾਕੇ ਵਿਚ ਪੈਦਾ ਹੋਏ ਪੰਜਾਬ ਦੇ ਹਾਲਾਤ ਦੇ ਸਮੇਂ ਤੋਂ ਹੀ ਦੋਵਾਂ ਦੇਸ਼ਾਂ ਵਿਚ ਤਣਾਅ ਬਣਦੇ ਮਿਟਦੇ ਰਹੇ ਹਨ ਪ੍ਰੰਤੂ ਇਕ ਦੂਜੇ ਦੇ ਕੂਟਨੀਤਕਾਂ ਨੂੰ ਦੇਸ਼ ਛੱਡਣ ਦਾ ਹੁਕਮ ਜਾਰੀ ਕਰਨ ਦੀ ਨੌਬਤ ਕਦੇ ਵੀ ਨਹੀਂ ਸੀ ਆਈ। ਇਸਦਾ ਇਕ ਕਾਰਨ ਇਹ ਵੀ ਹੈ ਕਿ ਜਿੰਨ੍ਹਾਂ ਚੀਜ਼ਾਂ ਨੂੰ ਭਾਰਤ ਇਕ ਵੱਡੇ ਖ਼ਤਰੇ ਦੇ ਰੂਪ ਵਿਚ ਦੇਖਦਾ ਜਾਂ ਪੇਸ਼ ਕਰਦਾ ਹੈ ਕੈਨੇਡਾ ਵਿਚ ਉਹ ਸਾਰੇ ਮਾਮਲੇ ਮਹਿਜ਼ ਰੋਸ ਪ੍ਰਦਰਸ਼ਨ, ਵਿਚਾਰ ਪ੍ਰਗਟਾਵੇ ਦੀ ਅਜ਼ਾਦੀ ਜਾਂ ਕਿਸੇ ਮੁੱਦੇ 'ਤੇ ਅਸਹਿਮਤ ਹੋਣ ਦੇ ਸੂਚਕ ਵਜੋਂ ਦੇਖੇ ਜਾਂਦੇ ਹਨ।"*

ਚਲੰਤ ਸਥਿਤੀ ਦੇ ਮੱਦੇਨਜ਼ਰ ਕੈਨੇਡਾ ਨਿਸਚਿਤ ਰੂਪ ਵਿਚ ਵੱਡੀ ਗਿਣਤੀ ਵਿਚ ਭਾਰਤੀ ਮੂਲ ਖ਼ਾਸ ਕਰਕੇ ਪੰਜਾਬੀ ਭਾਈਚਾਰੇ ਦੇ ਲੋਕਾਂ ਦੇ ਸ਼ੰਕੇ ਚਿੰਤਾਵਾਂ ਤੋਂ ਵੀ ਜ਼ਰੂਰ ਵਾਕਿਫ਼ ਹੋਵੇਗਾ। ਭਾਰਤ ਤੋਂ ਬਾਹਰ ਕੈਨੇਡਾ ਵੱਡੀ ਸਿੱਖ ਵਸੋਂ ਵਾਲਾ ਦੇਸ਼ ਹੈ। ਕੈਨੇਡਾ ਦੇ 'ਹਾਊਸ ਆਫ਼ ਕਾਮਨਜ਼' ਵਿਚ 15 ਸਿੱਖ ਹਨ, ਜੋ ਸਮੁੱਚੇ ਹਾਊਸ ਦਾ ਚਾਰ ਪ੍ਰਤੀਸ਼ਤ ਬਣਦੇ ਹਨ, ਜਦੋਂ ਕਿ ਅਬਾਦੀ ਵਿਚ ਉਹ ਕੇਵਲ ਦੋ ਪ੍ਰਤੀਸ਼ਤ ਹੀ ਹਨ। ਇਸ ਗੱਲ ਨੂੰ ਜਸਟਿਨ ਟਰੂਡੋ ਨੇ 2016 ਵਿਚ ਇਕ ਬਿਆਨ ਰਾਹੀਂ ਤਸਲੀਮ ਵੀ ਕੀਤਾ ਸੀ, ਕਿ ਉਸਦੀ ਕੈਬਨਿਟ ਵਿਚ ਚਾਰ ਸਿੱਖ ਚਿਹਰੇ ਹਨ ਜੋ ਗਿਣਤੀ ਵਿਚ ਭਾਰਤ ਦੀ ਕੈਬਨਿਟ ਵਿਚ ਸਿੱਖ ਪ੍ਰਤੀਨਿਧੀਆਂ ਤੋਂ ਵੱਧ ਹਨ। ਇਸ ਤੋਂ ਇਲਾਵਾ ਕੈਨੇਡਾ ਆਪਣੇ ਸਾਥੀ ਮੁਲਕਾਂ ਅਮਰੀਕਾ ਬਰਤਾਨੀਆ ਵੱਲੋਂ ਮਿਲਣ ਵਾਲੇ ਸਹਿਯੋਗ ਪ੍ਰਤੀ ਵੀ ਸੁਨਿਸ਼ਚਿਤ ਹੋਵੇਗਾ। ਬਲਕਿ ਅਮਰੀਕੀ ਵਿਦੇਸ਼ ਮੰਤਰਾਲੇ ਨੇ ਤਾਂ ਬਿਆਨ ਜਾਰੀ ਕਰਕੇ ਇਹ ਵੀ ਕਿਹਾ ਹੈ ਕਿ 'ਕੈਨੇਡਾ ਵੱਲੋਂ ਹਿੰਸਕ ਵਾਰਦਾਤਾਂ ਵਿਚ ਭਾਰਤੀ ਏਜੰਟਾਂ ਦੀ ਭੂਮਿਕਾ ਬਾਰੇ ਜਾਂਚ ਕਰਨਾ ਮਾਮਲੇ ਨੂੰ ਨਿਸਚਿਤ ਰੂਪ ਵਿਚ ਗੰਭੀਰ ਬਣਾਉਂਦਾ ਹੈ' ਭਾਵ ਉਹ ਇਸ ਮਾਮਲੇ ਵਿਚ ਇਕਮੱਤ ਹਨ।

ਇਸ ਸਮੁੱਚੀ ਵਿਚਾਰ-ਚਰਚਾ ਨੂੰ ਵਿਸ਼ਰਾਮ ਦੇਣ ਲਈ ਇਹੀ ਲਿਖਣਾ ਉਚਿਤ ਹੋਵੇਗਾ ਕਿ ਅਜਿਹੇ ਸਾਰੇ ਮਸਲੇ ਆਪਸੀ ਵਿਚਾਰ ਨਾਲ ਸੁਲਝਾ ਲਏ ਜਾਣੇ ਚਾਹੀਦੇ ਹਨ, ਜਿਨ੍ਹਾਂ ਦਾ ਪ੍ਰਭਾਵ ਆਮ ਲੋਕਾਂ ਦੀ ਜ਼ਿੰਦਗੀ 'ਤੇ ਪੈਣਾ ਤੈਅ ਹੋਵੇ। ਪੰਜਾਬ ਦਾ ਹਰੇਕ ਤੀਜਾ ਨੌਜਵਾਨ (ਇਕ ਸਰਵੇ ਮੁਤਾਬਿਕ) ਆਪਣੇ ਰੌਸ਼ਨ ਭਵਿੱਖ ਦੀ ਤਲਾਸ਼ ਲਈ ਕੈਨੇਡਾ ਨੂੰ ਮੁਕਾਬਲਿਤਨ ਵਧੀਆ ਮੁਕਾਮ ਵਜੋਂ ਦੇਖਦਾ ਹੈ। ਪੰਜਾਬ ਦੇ ਵਪਾਰਕ ਅਤੇ ਸਮਾਜਿਕ ਸਰੋਕਾਰ ਵੀ ਬਾਕੀ ਦੇਸ਼ਾਂ ਦੀ ਤੁਲਨਾ ਵਿਚ ਕੈਨੇਡਾ ਨਾਲ ਗਹਿਰੀ ਸਾਂਝ ਰੱਖਦੇ ਹਨ। ਭਾਰਤ ਕੈਨੇਡਾ ਸਬੰਧਾਂ ਵਿਚ ਆਈ ਖਟਾਸ ਭਾਰਤ ਨੂੰ ਵੀ ਵਪਾਰਕ ਤੇ ਪੂੰਜੀ ਨਿਵੇਸ਼ ਦੇ ਪੱਖ ਤੋਂ ਚੋਖੀ ਪ੍ਰਭਾਵਤ ਕਰੇਗੀ। ਪਰ ਸਭ ਤੋਂ ਵੱਧ ਇਹ ਪੰਜਾਬ ਨੂੰ ਪ੍ਰਭਾਵਿਤ ਕਰੇਗੀ, ਕਿਉਂਕਿ ਵੱਡੀ ਗਿਣਤੀ ਵਿਚ ਪੰਜਾਬੀ ਨੌਜਵਾਨ ਸਥਾਈ ਵਸੇਬੇ ਲਈ ਅਤੇ ਸਿੱਖਿਆ ਹਾਸਿਲ ਕਰਨ ਲਈ ਉਥੇ ਜਾਂਦੇ ਰਹੇ ਹਨ। ਲਿਹਾਜ਼ਾ ਇਹ ਮਸਲਾ ਸੁਖਾਵੇਂ ਢੰਗ ਨਾਲ ਹੱਲ ਹੋਣਾ ਚਾਹੀਦਾ ਹੈ, ਸਾਰਿਆਂ ਦੀ ਇਹੀ ਦਿਲੀ ਕਾਮਨਾ ਹੈ।

# ਅਸਟ੍ਰੇਲੀਆ ਵਿਚ 16 ਸਾਲ ਤੋਂ ਘਟ ਉਮਰ ਦੇ ਬੱਚਿਆ ਲਈ ਸੋਸ਼ਲ ਮੀਡੀਆ ’ਤੇ ਪਾਬੰਦੀ ਬਾਰੇ ਕਾਨੂੰਨ ਸੰਸਦ ’ਚ ਪੇਸ਼

ਸਿਡਨੀ : ਆਸਟ੍ਰੇਲੀਆ ਦੇ ਸੰਚਾਰ ਮੰਤਰੀ ਨੇ ਆਨਲਾਈਨ ਸੁਰੱਖਿਆ ਤਹਿਤ ਮਾਪਿਆਂ ਲਈ ਸਭ ਤੋਂ ਮੁਸ਼ਕਿਲ ਚੁਣੌਤੀਆਂ ਵਿੱਚੋਂ ਇੱਕ ਸ਼ੋਸ਼ਲ ਮੀਡੀਆ ’ਤੇ ਪਾਬੰਦੀ ਵਾਲਾ ਵਿਸ਼ਵ ਦਾ ਪਹਿਲਾ ਕਾਨੂੰਨ ਸੰਸਦ ਵਿਚ ਪੇਸ਼ ਕੀਤਾ, ਜੋ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸੋਸ਼ਲ ਮੀਡੀਆ ’ਤੇ ਪਾਬੰਦੀ ਲਗਾਵੇਗਾ। ਮਿਸ਼ੇਲ ਰੋਲੈਂਡ ਨੇ ਕਿਹਾ ਕਿ iTkTok, Facebook, Snapchat, Redidt, X ਅਤੇ Instagram ਉਨ੍ਹਾਂ ਪਲੇਟਫਾਰਮਾਂ ਵਿੱਚੋਂ ਇੱਕ ਹਨ ਜੋ ਛੋਟੇ ਬੱਚਿਆਂ ਨੂੰ ਖਾਤੇ ਰੱਖਣ ਤੋਂ ਰੋਕਣ ਲਈ ਪ੍ਰਣਾਲੀਗਤ ਅਸਫਲਤਾਵਾਂ ਲਈ 50 ਮਿਲੀਅਨ ਆਸਟ੍ਰੇਲੀਆਈ ਡਾਲਰ (33 ਮਿਲੀਅਨ ਡਾਲਰ) ਤੱਕ ਦੇ ਜੁਰਮਾਨੇ ਦਾ ਸਾਹਮਣਾ ਕਰਨਗੇ।

ਰੋਲੈਂਡ ਨੇ ਸੰਸਦ ਨੂੰ ਦੱਸਿਆ, “ਇਹ ਬਿੱਲ ਸਮਾਜ ਵਿੱਚ ਇੱਕ ਨਵਾਂ ਆਦਰਸ਼ ਮੁੱਲ ਸਥਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਸੋਸ਼ਲ ਮੀਡੀਆ ਤੱਕ ਪਹੁੰਚ ਕਰਨਾ ਆਸਟ੍ਰੇਲੀਆ ਵਿੱਚ ਵੱਡੇ ਹੋਣ ਦੀ ਪਰਿਭਾਸ਼ਾ ਵਿਸ਼ੇਸ਼ਤਾ ਨਹੀਂ ਹੈ।”

ਉਨ੍ਹਾਂ ਅੱਗੇ ਕਿਹਾ ਕਿ ਇਸ ਗੱਲ ਦੀ ਵਿਆਪਕ ਮਾਨਤਾ ਹੈ ਕਿ ਨੌਜਵਾਨ, ਕਿਸ਼ੋਰਾਂ ਅਤੇ ਬੱਚਿਆਂ ਨੂੰ ਅਨਫਿਲਟਰਡ ਅਤੇ ਬੇਅੰਤ ਸਮੱਗਰੀ ਦੀਆਂ ਧਾਰਾਵਾਂ ਦੇ ਸੰਪਰਕ ਵਿੱਚ ਆਉਣ ਤੋਂ ਰੋਕਣ ਵਿੱਚ ਮਦਦ ਲਈ ਤੁਰੰਤ ਕੁਝ ਕੀਤਾ ਜਾਣਾ ਚਾਹੀਦਾ ਹੈ। ਬਿੱਲ ਨੂੰ ਵਿਆਪਕ ਸਿਆਸੀ ਸਮਰਥਨ ਹਾਸਲ ਹੈ। ਇਸ ਦੇ ਕਾਨੂੰਨ ਬਣਨ ਤੋਂ ਬਾਅਦ, ਪਲੇਟਫਾਰਮਾਂ ਕੋਲ ਉਮਰ ਦੀ ਪਾਬੰਦੀ ਨੂੰ ਕਿਵੇਂ ਲਾਗੂ ਕਰਨਾ ਹੈ ਇਸ ਬਾਰੇ ਕੰਮ ਕਰਨ ਲਈ ਇੱਕ ਸਾਲ ਦਾ ਸਮਾਂ ਹੋਵੇਗਾ।

ਰੌਲੈਂਡ ਨੇ ਕਿਹਾ ਕਿ “ਬਹੁਤ ਸਾਰੇ ਆਸਟ੍ਰੇਲੀਅਨ ਨੌਜਵਾਨਾਂ ਲਈ ਸੋਸ਼ਲ ਮੀਡੀਆ ਨੁਕਸਾਨਦੇਹ ਹੋ ਸਕਦਾ ਹੈ। 14 ਤੋਂ 17 ਸਾਲ ਦੀ ਉਮਰ ਦੇ ਆਸਟ੍ਰੇਲੀਅਨਾਂ ਵਿੱਚੋਂ ਲਗਭਗ ਦੋ ਤਿਹਾਈ ਲੋਕਾਂ ਨੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ, ਆਤਮ-ਹੱਤਿਆ ਜਾਂ ਸਵੈ-ਨੁਕਸਾਨ ਦੇ ਨਾਲ-ਨਾਲ ਹਿੰਸਕ ਸਮੱਗਰੀ ਸਮੇਤ ਬਹੁਤ ਹੀ ਨੁਕਸਾਨਦੇਹ ਸਮੱਗਰੀ ਔਨਲਾਈਨ ਦੇਖੀ ਹੈ। ਇੱਕ ਚੌਥਾਈ ਵਿੱਚ ਅਸੁਰੱਖਿਅਤ ਖਾਣ ਪੀਣ ਦੀਆਂ ਆਦਤਾਂ ਨੂੰ ਉਤਸ਼ਾਹਿਤ ਕਰਨ ਵਾਲੀ ਸਮੱਗਰੀ ਦਾ ਸਾਹਮਣਾ ਕੀਤਾ ਗਿਆ ਹੈ।

ਵੇਰਵਿਆਂ ਅਨੁਸਾਰ ਸਰਕਾਰੀ ਖੋਜ ਨੇ ਪਾਇਆ ਕਿ 95 ਪ੍ਰਤੀਸ਼ਤ ਆਸਟ੍ਰੇਲੀਅਨ ਦੇਖਭਾਲ ਕਰਨ ਵਾਲਿਆਂ ਨੂੰ ਆਨਲਾਈਨ ਸੁਰੱਖਿਆ ਉਹਨਾਂ ਦੀ ਸਭ ਤੋਂ ਔਖੀ ਪਾਲਣ-ਪੋਸ਼ਣ ਚੁਣੌਤੀਆਂ ਵਿੱਚੋਂ ਇੱਕ ਹੈ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ ਦੀ ਇੱਕ ਸਮਾਜਿਕ ਜ਼ਿੰਮੇਵਾਰੀ ਸੀ ਅਤੇ ਉਹ ਆਪਣੇ ਪਲੇਟਫਾਰਮਾਂ ’ਤੇ ਨੁਕਸਾਨਾਂ ਨੂੰ ਹੱਲ ਕਰਨ ਵਿੱਚ ਬਿਹਤਰ ਕੰਮ ਕਰ ਸਕਦੇ ਹਨ।

ਰੋਲੈਂਡ ਨੇ ਅੱਗੇ ਕਿਹਾ ਕਿ ਇਹ ਨੌਜਵਾਨਾਂ ਦੀ ਰੱਖਿਆ ਕਰਨ, ਉਨ੍ਹਾਂ ਨੂੰ ਸਜ਼ਾ ਦੇਣ ਜਾਂ ਅਲੱਗ-ਥਲੱਗ ਕਰਨ ਬਾਰੇ ਨਹੀਂ ਹੈ। ਮਾਪਿਆਂ ਨੂੰ ਇਹ ਦੱਸਣਾ ਹੈ ਕਿ ਜਦੋਂ ਉਨ੍ਹਾਂ ਦੇ ਬੱਚਿਆਂ ਦੀ ਸਿਹਤ ਅਤੇ ਤੰਦਰੁਸਤੀ ਦਾ ਸਮਰਥਨ ਕਰਨ ਦੀ ਗੱਲ ਆਉਂਦੀ ਹੈ ਤਾਂ ਅਸੀਂ ਉਨ੍ਹਾਂ ਕੋਲ ਹਾਂ।

ਬਾਲ ਭਲਾਈ ਅਤੇ ਇੰਟਰਨੈਟ ਮਾਹਰਾਂ ਨੇ ਪਾਬੰਦੀ ਬਾਰੇ ਚਿੰਤਾਵਾਂ ਜ਼ਾਹਰ ਕੀਤੀਆਂ ਹਨ, ਜਿਸ ਵਿੱਚ 14- 15 ਸਾਲ ਦੇ ਬੱਚਿਆਂ ਨੂੰ ਉਨ੍ਹਾਂ ਦੇ ਪਹਿਲਾਂ ਤੋਂ ਸਥਾਪਤ ਆਨਲਾਈਨ ਸੋਸ਼ਲ ਨੈਟਵਰਕਸ ਤੋਂ ਅਲੱਗ ਕਰਨਾ ਸ਼ਾਮਲ ਹੈ। ਰੋਲੈਂਡ ਨੇ ਕਿਹਾ ਕਿ ਅਜਿਹੀਆਂ ਮੈਸੇਜਿੰਗ ਸੇਵਾਵਾਂ, ਆਨਲਾਈਨ ਗੇਮਾਂ ਜਾਂ ਪਲੇਟਫਾਰਮਾਂ ’ਤੇ ਉਮਰ ਦੀਆਂ ਪਾਬੰਦੀਆਂ ਨਹੀਂ ਲਗਾਈਆਂ ਜਾਣਗੀਆਂ ਜੋ ਉਪਭੋਗਤਾਵਾਂ ਦੀ ਸਿਹਤ ਅਤੇ ਸਿੱਖਿਆ ਦਾ ਕਾਫੀ ਸਮਰਥਨ ਕਰਦੇ ਹਨ।

ਇੱਕ ਸਰਕਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸੋਸ਼ਲ ਮੀਡੀਆ ਤੋਂ ਹਟਾਉਣ ਤੋਂ ਇਲਾਵਾ ਆਸਟ੍ਰੇਲੀਆ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਆਨਲਾਈਨ ਪੋਰਨੋਗ੍ਰਾਫੀ ਤੱਕ ਪਹੁੰਚਣ ਤੋਂ ਰੋਕਣ ਦੇ ਤਰੀਕੇ ਵੀ ਲੱਭ ਰਿਹਾ ਹੈ।

ਉਮਰ ਜਾਂਚ ਪ੍ਰਮਾਣੀਕਰਣ ਯੋਜਨਾ ਦੇ ਮੁੱਖ ਕਾਰਜਕਾਰੀ ਟੋਨੀ ਐਲਨ ਨੇ ਸੋਮਵਾਰ ਨੂੰ ਕਿਹਾ ਕਿ ਵਿਚਾਰੀਆਂ ਜਾ ਰਹੀਆਂ ਤਕਨੀਕਾਂ ਵਿੱਚ ਉਮਰ ਦਾ ਅਨੁਮਾਨ ਸ਼ਾਮਲ ਹੈ। ਅਨੁਮਾਨ ਵਿੱਚ ਵਿਅਕਤੀਆਂ ਬਾਰੇ ਤੱਥਾਂ ਦੀ ਇੱਕ ਲੜੀ ਸਥਾਪਤ ਕਰਨਾ ਸ਼ਾਮਲ ਹੁੰਦਾ ਹੈ ਜੋ ਉਹਨਾਂ ਨੂੰ ਘੱਟੋ-ਘੱਟ ਇੱਕ ਨਿਸ਼ਚਿਤ ਉਮਰ ਦੇ ਹੋਣ ਵੱਲ ਇਸ਼ਾਰਾ ਕਰਦੇ ਹਨ।

# ਨਿੱਕੀ ਹੇਲੀ ਵੱਲੋਂ ਤੁਲਸੀ ਗਬਾਰਡ ਦੀ ਡੀ.ਐਨ.ਆਈ. ਵਜੋਂ ਨਿਯੁਕਤੀ ਦਾ ਵਿਰੋਧ

ਵਾਸ਼ਿੰਗਟਨ : ਸੰਯੁਕਤ ਰਾਸ਼ਟਰ ਵਿਚ ਅਮਰੀਕਾ ਦੀ ਸਾਬਕਾ ਰਾਜਦੂਤ ਨਿੱਕੀ ਹੇਲੀ ਨੇ ਮੁਲਕ ਦੇ ਚੁਣੇ ਹੋਏ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਤੁਲਸੀ ਗਬਾਰਡ ਨੂੰ ਨੈਸ਼ਨਲ ਇੰਟੈਲੀਜੈਂਸ ਦੀ ਡਾਇਰੈਕਟਰ ਨਿਯੁਕਤ ਕੀਤੇ ਜਾਣ ਦਾ ਵਿਰੋਧ ਕੀਤਾ ਹੈ ਅਤੇ ਗਬਾਰਡ ਨੂੰ ਰੂਸ, ਸੀਰੀਆ, ਇਰਾਨ ਅਤੇ ਚੀਨ ਵਰਗੇ ਮੁਲਕਾਂ ਦੀ ਹਮਦਰਦ ਦੱਸਿਆ ਹੈ। ਹੇਲੀ ਨੇ ਟਰੰਪ ਵੱਲੋਂ ਆਪਣੇ ਪਿਛਲੇ ਕਾਰਜਕਾਲ ਦੌਰਾਨ ਇਰਾਨ ਨਾਲ ਪਰਮਾਣੂ ਸਮਝੌਤਾ ਤੋੜੇ ਜਾਣ ਦੇ ਗਬਾਰਡ ਵੱਲੋਂ ਕੀਤੇ ਗਏ ਵਿਰੋਧ ਅਤੇ ਸੀਰੀਆ ਵਿੱਚ ਰਸਾਇਣਕ ਹਥਿਆਰਾਂ ਦੇ ਹਮਲਿਆਂ ਵਿੱਚ ਬਸ਼ਰ ਅਲ-ਅਸਦ ਦੀ ਸ਼ਮੂਲੀਅਤ ਉਤੇ ਸ਼ੱਕ ਕੀਤੇ ਜਾਣ ਤੇ ਯੂਕਰੇਨ ਵਿੱਚ ਚੱਲ ਰਹੀ ਜੰਗ ਬਾਰੇ ਤੁਲਸੀ ਦੀਆਂ ਟਿੱਪਣੀਆਂ ਲਈ ਉਸ ਦੀ ਆਲੋਚਨਾ ਕੀਤੀ ਹੈ। ਗੌਰਤਲਬ ਹੈ ਕਿ ਗਬਾਰਡ ਨੇ ਰੂਸ ਦੇ ਯੂਕਰੇਨ ਉਤੇ ਹਮਲੇ ਲਈ ਨਾਟੋ ਨੂੰ ਦੋਸ਼ੀ ਠਹਿਰਾਇਆ ਸੀ।

ਹੇਲੀ ਦੀ ਟਿੱਪਣੀ ਇੱਕ ਪੋਡਕਾਸਟ ਦੌਰਾਨ ਆਈ ਹੈ ਜੋ ਉਸਨੇ ਆਪਣੇ ‘ਐਕਸ’ ਹੈਂਡਲ ‘ਤੇ ਸਾਂਝਾ ਕੀਤਾ ਹੈ। ਉਸ ਨੇ ਕਿਹਾ, “ਤੁਲਸੀ ਗਬਾਰਡ ਬਾਰੇ ਤੱਥ ਕੀ ਹਨ? ਉਸਨੇ ਇਰਾਨ ਪ੍ਰਮਾਣੂ ਸਮਝੌਤਾ ਤੋੜਨ ਦਾ ਵਿਰੋਧ ਕੀਤਾ। ਉਸਨੇ ਇਰਾਨ ‘ਤੇ ਪਾਬੰਦੀਆਂ ਦਾ ਵਿਰੋਧ ਕੀਤਾ, ਉਸਨੇ ਇਰਾਨ ਦੀ ਫੌਜ ਨੂੰ ਅੱਤਵਾਦੀ ਐਲਾਨਣ ਦਾ ਵਿਰੋਧ ਕੀਤਾ, ਜੋ ਹਰ ਰੋਜ਼ ਅਮਰੀਕਾ ਦੀ ਮੌਤ ਮੰਗਦੇ ਹਨ। ਤੁਲਸੀ ਨੇ ਕਾਸਿਮ ਸੁਲੇਮਾਨੀ ਦੇ ਖਿਲਾਫ ਹਮਲੇ ਦੀ ਟਰੰਪ ਵੱਲੋਂ ਦਿੱਤੀ ਗਈ ਇਜਾਜ਼ਤ ਦੀ ਆਲੋਚਨਾ ਕੀਤੀ। ਹੁਣ ਮੈਂ ਤੁਹਾਨੂੰ ਚੇਤੇ ਕਰਾਉਣਾ ਚਾਹੁੰਦੀ ਹਾਂ ਕਿ ਉਸ (ਸੁਲੇਮਾਨੀ) ਨੂੰ ਇਰਾਨ ਵਿਚ ਮੌਤ ਦਾ ਰੂਪ ਮੰਨਿਆ ਜਾਂਦਾ ਸੀ।”

ਹੇਲੀ ਨੇ ਹੋਰ ਕਿਹਾ, “ਉਸਨੇ ਟਰੰਪ ਨੂੰ ਚੀਨ ਨਾਲ ਵਪਾਰ ਯੁੱਧ ਖਤਮ ਕਰਨ ਲਈ ਕਿਹਾ। ਇਸੇ ਤਰ੍ਹਾਂ ਹੁਣ ਉਸਨੇ ਰੂਸ ਦਾ ਬਚਾਅ ਕੀਤਾ ਹੈ, ਉਸਨੇ ਸੀਰੀਆ ਦਾ ਬਚਾਅ ਕੀਤਾ ਹੈ, ਉਸਨੇ ਇਰਾਨ ਦਾ ਬਚਾਅ ਕੀਤਾ ਹੈ ਅਤੇ ਉਸਨੇ ਚੀਨ ਦਾ ਬਚਾਅ ਕੀਤਾ ਹੈ। ਉਸ ਨੇ ਇਨ੍ਹਾਂ ਵਿਚੋਂ ਕਿਸੇ ਮੁਲਕ ਦੀ ਕਦੇ ਕੋਈ ਨਿੰਦਾ ਨਹੀਂ ਕੀਤੀ ਹੈ। ਧੀ ਵਰਗਾ ਅਹੁਦਾ ਕਿਸੇ ਰੂਸੀ, ਇਰਾਨੀ ਜਾਂ ਚੀਨੀ ਹਮਦਰਦ ਲਈ ਨਹੀਂ ਹੈ। ਧੀ ਨੂੰ ਅਸਲ ਖਤਰਿਆਂ ਦਾ ਵਿਸ਼ਲੇਸ਼ਣ ਕਰਨਾ ਹੁੰਦਾ ਹੈ। ਕੀ ਅਸੀਂ ਆਪਣੀ ਕੌਮੀ ਖੁਫੀਆ ਏਜੰਸੀਆਂ ਦੇ ਸਿਖਰ ‘ਤੇ ਇਸ ਤਰ੍ਹਾਂ ਦੇ ਕਿਸੇ ਵਿਅਕਤੀ ਨਾਲ ਸਹਿਜ ਹੋ ਸਕਦੇ ਹਾਂ।” ਹੇਲੀ ਨੇ ਇਹ ਦੋਸ਼ ਵੀ ਲਾਏ ਕਿ ਅਮਰੀਕਾ ਵੱਲੋਂ ਇਰਾਨ ਨੂੰ ਸਜ਼ਾ ਦਿੱਤੇ ਜਾਣ ਤੋਂ ਰੋਕਣ ਲਈ ਤੁਲਸੀ ਗਬਾਰਡ ਨੇ ਅਮਰੀਕਾ ਦੇ ਸਾਲਾਨਾ ਰੱਖਿਆ ਬਜਟ ਨੂੰ ਘਟਾਉਣ ਦੀ ਕੋਸ਼ਿਸ਼ ਕੀਤੀ।

ਨਿੱਕੀ ਨੇ ਇਥੋਂ ਤੱਕ ਕਿਹਾ, “ਉਸ (ਗਬਾਰਡ) ਨੇ ਇਰਾਨ ਖਿਲਾਫ ਟਰੰਪ ਦੀਆਂ ਜੰਗੀ ਤਾਕਤਾਂ ਨੂੰ ਸੀਮਤ ਕਰਨ ਦੀ ਕੋਸ਼ਿਸ਼ ਕੀਤੀ। ਉਸਨੇ ਸਾਡੇ ਸਾਲਾਨਾ ਰੱਖਿਆ ਬਜਟ ਵਿੱਚ ਕਟੌਤੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਕਿ ਅਸੀਂ ਇਰਾਨ ਨੂੰ ਸਜ਼ਾ ਨਾ ਦੇ ਸਕੀਏ ਅਤੇ ਉਸ ਦੇ ਪ੍ਰਭਾਵ ਵਿੱਚ ਰੁਕਾਵਟ ਨਾ ਪਾ ਸਕੀਏ। ਯਾਦ ਰਹੇ, ਇਰਾਨ ਅਤਿਵਾਦ ਦਾ ਨੰਬਰ ਇੱਕ ਸਪਾਂਸਰ ਹੈ ਅਤੇ ਤੁਲਸੀ ਗਬਾਰਡ ਇਰਾਨ ਦਾ ਬਚਾਅ ਕਰ ਰਹੀ ਸੀ। ਉਹ 2017 ਵਿੱਚ ਬਸ਼ਰ ਅਲ-ਅਸਦ ਨਾਲ ਇੱਕ ਫੋਟੋ-ਓਪ ਲਈ ਗਈ ਸੀ ਜਦੋਂ ਉਹ ਆਪਣੇ ਹੀ ਸੀਰਿਆਈ ਲੋਕਾਂ ਦਾ ਕਤਲੇਆਮ ਕਰ ਰਿਹਾ ਸੀ। ਉਸ ਨੇ ਕਿਹਾ ਸੀ ਕਿ ਉਸ ਨੂੰ ਇਸ ਗੱਲ ਉਤੇ ਸ਼ੱਕ ਹੈ ਕਿ ਰਸਾਇਣਕ ਹਥਿਆਰਾਂ ਦੇ ਹਮਲੇ ਪਿੱਛੇ ਬਸ਼ਰ ਦਾ ਹੱਥ ਸੀ।”

# ਰੂਸ-ਯੂਕਰੇਨ ਦੀ ਜੰਗ ਨੂੰ ਹੋਏ ਹਜ਼ਾਰ ਦਿਨ ਪੂਰੇ, ਪਰਮਾਣੂ ਜੰਗ ਦੇ ਖਤਰੇ ਵਧੇ

ਮਾਸਕੋ : ਦੋ ਦਿਨ ਪਹਿਲਾਂ 1,000 ਦਿਨ ਪੂਰੇ ਕਰਨ ਵਾਲੀ ਰੂਸ-ਯੂਕਰੇਨ ਜੰਗ ਹੁਣ ਬਹੁਤ ਹੀ ਨਾਜ਼ੁਕ ਦੌਰ ਵਿੱਚ ਦਾਖਲ ਹੋ ਚੁੱਕੀ ਹੈ। ਰੂਸ ਵਲੋਂ ਯੂਕਰੇਨ ’ਤੇ ਬਹੁਤ ਖ਼ਤਰਨਾਕ ਅਤੇ ਦੂਰ ਤੱਕ ਮਾਰ ਕਰਨ ਵਾਲੀ ਅੰਤਰ-ਮਹਾਦੀਪੀ ਬੈਲਿਸਟਿਕ ਮਿਜ਼ਾਈਲ (ਆਈਸੀਬੀਐੱਮ) ਦਾਗਣ ਨਾਲ ਇਹ ਸੰਘਰਸ਼ ਹੋਰ ਗੰਭੀਰ ਰੂਪ ਧਾਰਣ ਕਰ ਰਿਹਾ ਹੈ। ਇਸ ਕਾਰਵਾਈ ਨਾਲ ਜੰਗ ਦੇ ਪਰਮਾਣੂ ਯੁੱਧ ’ਚ ਬਦਲਣ ਦੇ ਅਸਾਰ ਵੀ ਵੱਧ ਗਏ ਹਨ।

ਯੂਕਰੇਨ ਨੇ ਦੋ ਦਿਨ ਪਹਿਲਾਂ ਅਮਰੀਕਾ ਦੀ ਏਟੀਏਸੀਐਮਐੱਸ ਮਿਜ਼ਾਈਲ ਅਤੇ ਬਰਤਾਨੀਆ ਦੀ ਸਟਾਰਮ ਸ਼ੈਡੋ ਮਿਜ਼ਾਈਲ ਰੂਸ ’ਤੇ ਦਾਗੀਆਂ। ਇਸ ਦੇ ਜਵਾਬ ਵਿੱਚ ਰੂਸ ਨੇ ਨਿਪਰੋ ਸ਼ਹਿਰ ਨੂੰ ਨਿਸ਼ਾਨਾ ਬਣਾਉਂਦੇ ਹੋਏ ਆਈਸੀਬੀਐੱਮ ਦਾਗੀ। ਇਹ ਮਿਜ਼ਾਈਲ ਰੂਸ ਦੇ ਆਸਤਰਖਾਨ ਖੇਤਰ ਤੋਂ ਲਾਂਚ ਕੀਤੀ ਗਈ। ਯੂਕਰੇਨ ਦੇ ਦਾਅਵਿਆਂ ਅਨੁਸਾਰ, ਰੂਸ ਵਲੋਂ ਇਸ ਹਮਲੇ ਦੌਰਾਨ ਅੱਠ ਹੋਰ ਮਿਜ਼ਾਈਲਾਂ ਵੀ ਦਾਗੀਆਂ ਗਈਆਂ, ਜੋ ਉਦਯੋਗਾਂ ਅਤੇ ਮਹੱਤਵਪੂਰਣ ਢਾਂਚਿਆਂ ਨੂੰ ਨਿਸ਼ਾਨਾ ਬਣਾਉਣ ਲਈ ਵਰਤੀ ਗਈਆਂ।




ਯੂਕਰੇਨ ਨੇ ਆਪਣੀ ਹਵਾਈ ਸੁਰੱਖਿਆ ਪ੍ਰਣਾਲੀ ਦੀ ਸਫ਼ਲਤਾ ਦਿਖਾਉਂਦੇ ਹੋਏ ਦੱਸਿਆ ਕਿ ਇਸ ਹਮਲੇ ਦੌਰਾਨ ਛੇ ਕੇਐੱਚ-101 ਕਰੂਜ਼ ਮਿਜ਼ਾਈਲਾਂ ਨੂੰ ਤਬਾਹ ਕਰ ਦਿੱਤਾ ਗਿਆ। ਹਾਲਾਂਕਿ, ਰੂਸ ਨੇ ਆਈਸੀਬੀਐੱਮ ਦੇ ਇਸਤੇਮਾਲ ’ਤੇ ਅਧਿਕਾਰਿਕ ਤੌਰ ’ਤੇ ਕੋਈ ਟਿੱਪਣੀ ਨਹੀਂ ਕੀਤੀ।

ਇਸ ਹਮਲੇ ਦੇ ਨਾਲ ਹੀ ਰੂਸੀ ਰਾਸ਼ਟਰਪਤੀ ਵਲਾਦਿਮੀਰ ਪੁਤਿਨ ਨੇ ਨਵਾਂ ਪਰਮਾਣੂ ਸਿਧਾਂਤ ਲਾਗੂ ਕਰ ਦਿੱਤਾ ਹੈ। ਇਸ ਸਿਧਾਂਤ ਮੁਤਾਬਕ, ਜੇਕਰ ਰੂਸ ਜਾਂ ਉਸ ਦੇ ਸਹਿਯੋਗੀ ਦੇਸ਼ਾਂ ’ਤੇ ਕੋਈ ਵੀ ਹਮਲਾ ਕੀਤਾ ਜਾਂਦਾ ਹੈ, ਤਾਂ ਰੂਸ ਵਲੋਂ ਪਰਮਾਣੂ ਹਥਿਆਰਾਂ ਨਾਲ ਜਵਾਬ ਦਿੱਤਾ ਜਾ ਸਕਦਾ ਹੈ। ਇਸ ਸਿੱਧਾਂਤ ਨਾਲ ਪਰਮਾਣੂ ਯੁੱਧ ਦੀ ਸੰਭਾਵਨਾ ਹੋਰ ਵਧ ਗਈ ਹੈ।

ਰੂਸ ਵਲੋਂ ਸਿਰਫ਼ ਯੂਕਰੇਨ ਨੂੰ ਹੀ ਨਹੀਂ, ਬਲਕਿ ਪੱਛਮੀ ਦੇਸ਼ਾਂ ਨੂੰ ਵੀ ਵੱਡਾ ਸੰਦੇਸ਼ ਦਿੱਤਾ ਗਿਆ ਹੈ। ਰੂਸੀ ਰਾਸ਼ਟਰਪਤੀ ਨੇ ਪੋਲੈਂਡ ਵਿੱਚ ਮੌਜੂਦ ਅਮਰੀਕੀ ਏਅਰਬੇਸਾਂ ਨੂੰ ਤਬਾਹ ਕਰਨ ਦੀ ਧਮਕੀ ਦੇ ਦਿੱਤੀ ਹੈ। ਜੰਗ ਦੇ ਇਸ ਦੌਰ ਵਿੱਚ ਅਮਰੀਕਾ ਅਤੇ ਨਾਟੋ ਦੇਸ਼ਾਂ ਦਾ ਯੂਕਰੇਨ ਨੂੰ ਹਥਿਆਰਾਂ ਦੇਣ ਦਾ ਫ਼ੈਸਲਾ ਵੀ ਸਥਿਤੀ ਨੂੰ ਹੋਰ ਖਰਾਬ ਕਰ ਰਿਹਾ ਹੈ। ਰੂਸ ਵਲੋਂ ਆਈਸੀਬੀਐੱਮ ਦੀ ਵਰਤੋਂ ਅਤੇ ਪਰਮਾਣੂ ਸਿਧਾਂਤ ਨੂੰ ਅਪਣਾਉਣ ਨਾਲ ਇਹ ਸਪਸ਼ਟ ਹੈ ਕਿ ਜੰਗ ਵਿੱਚ ਹੋਰ ਤੀਬਰਤਾ ਆਵੇਗੀ। ਅਗਲੇ ਦਿਨਾਂ ਵਿੱਚ ਇਹ ਜੰਗ ਕੀ ਰੁੱਖ ਧਾਰੇਗੀ, ਇਸ ਦੀ ਸੰਭਾਵਨਾ ਸਿਰਫ਼ ਸਿਆਸੀ ਨਹੀਂ, ਸੈਨਿਕ ਮੈਦਾਨ ਵਿੱਚ ਵੀ ਨਵੀਆਂ ਚੁਨੌਤੀਆਂ ਖੜ੍ਹੀ ਕਰੇਗੀ।






# ਟਰੰਪ ਦੀ ਜਿੱਤ ਤੋਂ ਬਾਅਦ ਕਈ ਅਮਰੀਕੀ ਆਪਣਾ ਦੇਸ਼ ਕਿਉਂ ਛੱਡਣ ਲਗੇ?

**ਖਾਸ ਰਿਪੋਰਟ**

ਪ੍ਰਸਿੱਧ ਅਮਰੀਕਨ ਮੀਡੀਆ ਫੋਰਬਸ ਦੁਆਰਾ ਇੱਕ ਸਟੋਰੀ ਦਾ ਸਿਰਲੇਖ ਹੈ - 'ਕੀ ਤੁਸੀਂ ਅਮਰੀਕਾ ਛੱਡਣਾ ਚਾਹੁੰਦੇ ਹੋ? ਕਿਹੜੇ ਦੇਸ਼ ਅਮਰੀਕੀਆਂ ਦਾ ਖੁੱਲ੍ਹੇ ਦਿਲ ਨਾਲ ਸਵਾਗਤ ਕਰ ਰਹੇ ਹਨ?' ਵਾਸ਼ਿੰਗਟਨ ਪੋਸਟ ਵਰਗੇ ਵੱਕਾਰੀ ਅਮਰੀਕੀ ਅਖਬਾਰ ਵਿੱਚ ਇੱਕ ਕਹਾਣੀ ਦਾ ਸਿਰਲੇਖ ਹੈ - ਕੀ ਤੁਸੀਂ 'ਵਿਦੇਸ਼ ਜਾਣ ਦਾ ਸੁਪਨਾ ਦੇਖ ਰਹੇ ਹੋ? 5 ਦੇਸ਼ਾਂ ਵਿੱਚ ਪਰਵਾਸ ਕਰਨ ਲਈ ਕੀ ਕਰਨਾ ਹੋਵੇਗਾ?

ਸਵਾਲ ਇਹ ਹੈ ਕਿ ਆਖਿਰ ਅਮਰੀਕਾ ਵਿਚ ਅਜਿਹਾ ਕੀ ਹੋਇਆ ਕਿ ਅਮਰੀਕੀ ਮੀਡੀਆ ਨੂੰ ਇਹ ਲਿਖਣਾ ਪਿਆ 'ਕੀ ਤੁਸੀਂ ਅਮਰੀਕਾ ਛੱਡਣਾ ਚਾਹੁੰਦੇ ਹੋ?' ਆਖ਼ਰਕਾਰ, ਵੱਡੇ ਅਖ਼ਬਾਰ ਉਨ੍ਹਾਂ ਦੇਸ਼ਾਂ ਦੀਆਂ ਸੂਚੀਆਂ ਕਿਉਂ ਛਾਪ ਰਹੇ ਹਨ ਜਿੱਥੇ ਅਮਰੀਕੀਆਂ ਲਈ ਪਰਵਾਸ ਕਰਨਾ ਬਿਹਤਰ ਹੋਵੇਗਾ? ਜਿਸ ਦੇਸ਼ ਵਿੱਚ ਭਾਰਤ ਵਰਗੇ ਦੇਸ਼ਾਂ ਦੇ ਲੋਕ ਪਰਵਾਸ ਜਾਂ ਵਸਣ ਦਾ ਸੁਪਨਾ ਲੈਂਦੇ ਹਨ ਅਤੇ 'ਡੰਕੀ ਰੂਟ' ਅਪਨਾਉਣ ਤੋਂ ਝਿਜਕਦੇ ਨਹੀਂ, ਉਸ ਦੇਸ਼ ਦੇ ਨਾਗਰਿਕਾਂ ਨੇ ਪਰਵਾਸ ਕਰਨਾ ਸ਼ੁਰੂ ਕਰ ਦਿੱਤਾ ਹੈ।ਆਖਿਰ ਅਮਰੀਕਾ ਵਿਚ ਅਜਿਹੀ ਸਥਿਤੀ ਕਿਵੇਂ ਪੈਦਾ ਹੋ ਗਈ?

ਇਕ ਹੋਰ ਵੱਕਾਰੀ ਅਮਰੀਕੀ ਅਖਬਾਰ, ਨਿਊਯਾਰਕ ਟਾਈਮਜ਼ ਨੇ ਪੁੱਛਿਆ, 'ਕੀ ਡਿਜ਼ੀਟਲ ਖਾਨਾਬਦੋਸ਼ ਦੀ ਨਵੀਂ ਲਹਿਰ ਆ ਰਹੀ ਹੈ? 'ਵਿਦੇਸ਼ ਜਾਣ ਦੀ ਰੁਚੀ ਵਧ ਰਹੀ ਹੈ' ਇਸ ਸਿਰਲੇਖ ਵਾਲੀ ਲੰਬੀ ਰਿਪੋਰਟ ਪ੍ਰਕਾਸ਼ਿਤ ਕੀਤੀ ਗਈ, ਜਿਸ ਵਿੱਚ ਲਿਖਿਆ ਗਿਆ ਹੈ ਕਿ ਅਮਰੀਕੀ ਚੋਣਾਂ ਦੇ ਮੱਦੇਨਜ਼ਰ ਡਿਜੀਟਲ ਨੋਮੈਡ ਵੀਜ਼ਾ ਅਤੇ ਵਿਦੇਸ਼ ਜਾਣ ਵਿੱਚ ਅਮਰੀਕੀਆਂ ਦੀ ਦਿਲਚਸਪੀ ਵੱਧ ਰਹੀ ਹੈ।

ਡੋਨਾਲਡ ਟਰੰਪ ਦੇ ਰਾਸ਼ਟਰਪਤੀ ਚੋਣ ਜਿੱਤਣ ਤੋਂ ਬਾਅਦ ਅਮਰੀਕਾ ਛੱਡਣ ਦੀ ਚਰਚਾ ਤੇਜ਼ ਹੋ ਗਈ ਹੈ। ਅਮਰੀਕੀ ਚੋਣ ਨਤੀਜੇ ਐਲਾਨੇ ਜਾਣ ਅਤੇ ਟਰੰਪ ਦੀ ਜਿੱਤ ਤੋਂ ਬਾਅਦ ਨੋਮੈਡ ਵੀਜ਼ਿਆਂ ਵਿੱਚ ਵੀ ਵਾਧਾ ਹੋਇਆ ਹੈ। ਇਹ ਵੀਜ਼ਾ ਲੋਕਾਂ ਨੂੰ ਲੰਬੇ ਸਮੇਂ ਲਈ ਦੂਜੇ



ਦੇਸ਼ ਵਿਚ ਰਹਿਕੇ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ। ਮਹਾਂਮਾਰੀ ਦੇ ਦੌਰਾਨ ਡਿਜੀਟਲ ਖਾਨਾਬਦੋਸ਼ ਵਧਿਆ, ਜਦੋਂ ਬਹੁਤ ਸਾਰੇ ਲੋਕ ਕੰਮ ਵਾਲੀ ਥਾਂ ਤੱਕ ਸੀਮਤ ਨਹੀਂ ਸਨ ਅਤੇ ਸੁਤੰਤਰ ਤੌਰ 'ਤੇ ਦੂਰ-ਦੁਰਾਡੇ ਦੀਆਂ ਮੰਜ਼ਿਲਾਂ ਦੀ ਯਾਤਰਾ ਕਰ ਸਕਦੇ ਸਨ ਅਤੇ ਉੱਥੋਂ ਰਹਿ ਸਕਦੇ ਸਨ ਅਤੇ ਕੰਮ ਕਰ ਸਕਦੇ ਸਨ।

ਜਦੋਂ ਬੀਤੇ ਦਿਨੀਂ ਇਹ ਸਪੱਸ਼ਟ ਹੋ ਗਿਆ ਕਿ ਡੋਨਾਲਡ ਟਰੰਪ ਨੇ ਰਾਸ਼ਟਰਪਤੀ ਵਜੋਂ ਦੂਜੀ ਵਾਰ ਜਿੱਤ ਪ੍ਰਾਪਤ ਕੀਤੀ ਹੈ, ਤਾਂ ਗੂਗਲ ਨੇ 'ਸਭ ਤੋਂ ਵਧੀਆ ਦੇਸ਼ ਜੋ ਤੁਸੀਂ ਜਾ ਸਕਦੇ ਹੋ' ਅਤੇ 'ਕੈਨੇਡਾ ਕਿਵੇਂ ਜਾਣਾ ਹੈ' ਵਰਗੇ ਸ਼ਬਦਾਂ ਦੀ ਖੋਜ ਕੀਤੀ, ਵਰਗੇ ਸ਼ਬਦਾਂ ਦੀ ਖੋਜ ਚਰਮ ਸੀਮਾ ਉਪਰ ਸੀ।

ਕਿਹਾ ਜਾ ਰਿਹਾ ਹੈ ਕਿ ਗੂਗਲ 'ਤੇ ਇਹ ਇਸ ਲਈ ਸਰਚ ਕੀਤਾ ਜਾ ਰਿਹਾ ਹੈ ਕਿਉਂਕਿ ਖੁਦ ਨੂੰ ਉਦਾਰਵਾਦੀ ਮੰਨਣ ਵਾਲੇ ਅਮਰੀਕੀਆਂ ਦਾ ਇਕ ਵਰਗ ਇਹ ਮੰਨਦਾ ਹੈ ਕਿ ਉਹ ਟਰੰਪ ਦੇ ਸ਼ਾਸਨ ਵਿਚ ਅਮਰੀਕਾ ਵਿਖੇ ਸੁਖੀ ਨਹੀਂ ਰਹਿ ਸਕਦੇ ਹਨ।ਉਹ ਟਰੰਪ ਨੂੰ ਵੰਡਣ ਵਾਲੀ ਤੇ ਨਸਲਵਾਦੀ ਸ਼ਖਸੀਅਤ ਵਜੋਂ ਦੇਖਦੇ ਹਨ। ਤੁਹਾਨੂੰ ਦੱਸ ਦੇਈਏ ਕਿ ਟਰੰਪ ਨੇ ਇਮੀਗ੍ਰੇਸ਼ਨ 'ਤੇ ਸ਼ਿਕੰਜਾ ਕੱਸਣ ਦਾ ਵਾਅਦਾ ਕੀਤਾ ਹੈ ਅਤੇ ਉਹ ਇੰਮੀਗ੍ਰੇਸ਼ਨ ਵਿਰੁੱਧ ਸਖਤ ਕਨੂੰਨ ਲਿਆ ਰਹੇ ਹਨ।

ਹਾਲਾਂਕਿ ਅਮਰੀਕਾ ਤੋਂ ਬਾਹਰ ਜਾਣ ਦੇ ਚਾਹਵਾਨ ਲੋਕਾਂ ਬਾਰੇ ਕੋਈ ਠੋਸ ਡੇਟਾ ਨਹੀਂ ਹੈ, ਇਹ ਨਿਊਯਾਰਕ ਟਾਈਮਜ਼ ਅਤੇ ਯੂਐਸਏ ਟੂਡੇ ਸਮੇਤ ਕਈ ਮੀਡੀਆ ਰਿਪੋਰਟਾਂ ਅਤੇ ਔਨਲਾਈਨ ਚਰਚਾਵਾਂ ਵਿੱਚ ਦਿਖਾਈ ਦਿੰਦਾ ਹੈ। ਅਜਿਹਾ ਹੀ ਰੁਝਾਨ 2016 ਵਿੱਚ ਵੀ ਦੇਖਣ ਨੂੰ ਮਿਲਿਆ ਸੀ ਜਦੋਂ ਟਰੰਪ ਨੇ ਹਿਲੇਰੀ ਕਲਿੰਟਨ ਨੂੰ ਹਰਾ ਕੇ ਰਾਸ਼ਟਰਪਤੀ ਦਾ ਅਹੁਦਾ ਸੰਭਾਲਿਆ ਸੀ।

ਪਿਛਲੀਆਂ ਚੋਣਾਂ ਦੌਰਾਨ ਕੈਲੀਫੋਰਨੀਆ ਤੋਂ ਪੁਰਤਗਾਲ ਚਲੇ ਗਏ 48 ਸਾਲਾ ਜਸਟਿਨ ਨੈਪਰ ਨੇ ਯੂਐਸਏ ਟੂਡੇ ਨੂੰ ਮੌਜੂਦਾ ਸਥਿਤੀ ਬਾਰੇ ਦੱਸਿਆ, "ਮੈਂ ਕਹਾਂਗਾ ਕਿ ਸਾਡੇ ਘੱਟੋ-ਘੱਟ 50% ਦੋਸਤ ਜਾਣ ਬਾਰੇ ਵਿਚਾਰ ਕਰ ਰਹੇ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਲਈ ਰਾਜਨੀਤੀ ਇੱਕ ਕਾਰਣ ਹੈ"। ' ਯੂਐਸਏ ਟੂਡੇ ਨੇ ਰਿਪੋਰਟ ਅਨੁਸਾਰ ਬਹੁਤ ਸਾਰੇ ਪ੍ਰਵਾਸੀ ਇੱਕ ਅਜਿਹੇ ਦੇਸ਼ ਵਿੱਚ ਜਾਣਾ ਚਾਹੁੰਦੇ ਹਨ ਜੋ 'ਉਨ੍ਹਾਂ ਦੀਆਂ ਕਦਰਾਂ-ਕੀਮਤਾਂ ਨਾਲ ਮੇਲ ਖਾਂਦਾ ਹੋਵੇ, ਵਿਸ਼ਵਵਿਆਪੀ ਸਿਹਤ ਦੇਖਭਾਲ ਦਾ ਪ੍ਰਬੰਧ ਹੋਵੇ। ਅਮਰੀਕਨ ਸੰਯੁਕਤ ਰਾਜ ਅਮਰੀਕਾ ਦੀ ਨਫਰਤੀ ਤੇ ਧਰੁਵੀਕਰਨ ਵਾਲੀ ਸਿਆਸਤ ਕਾਰਣ ਰਾਜਨੀਤਿਕ ਮਾਹੌਲ ਤੋਂ ਦੂਰ ਕਿਤੇ ਵਸਣਾ ਚਾਹੁੰਦੇ ਹਨ'।

ਟਰੰਪ ਦੇ ਰਾਸ਼ਟਰਪਤੀ ਬਣਨ ਕਾਰਣ ਬਹੁਤ ਸਾਰੇ ਲੋਕਾਂ ਵਿੱਚ ਨਿਰਾਸ਼ਾ ਦੀ ਭਾਵਨਾ ਪੈਦਾ ਕੀਤੀ ਹੈ ਜੋ ਸੋਚਦੇ ਹਨ ਕਿ ਉਹ ਟਰੰਪ ਦੀਆਂ ਨੀਤੀਆਂ ਤੋਂ ਸਿੱਧੇ ਪ੍ਰਭਾਵਿਤ ਹੋਣਗੇ।ਨੌਕਰੀਆਂ ਤੋਂ ਛਾਂਟੀ, ਤਰੱਕੀ ਦੀ ਘਾਟ ਅਤੇ ਰੋਜ਼ੀ-ਰੋਟੀ ਕਮਾਉਣ ਵਿੱਚ ਮੁਸ਼ਕਲ ਕਾਰਨ ਲੋਕ ਅਮਰੀਕਾ ਨੂੰ ਅਲਵਿਦਾ ਕਹਿਣ ਲਈ ਮਜਬੂਰ ਹਨ।

ਸਿੰਡੀ ਸ਼ੀਹਾਨ ਨਾਮ ਦੀ ਇੱਕ ਔਰਤ ਅਮਰੀਕਾ ਵਿੱਚ ਵੱਧਦੇ ਧਰੁਵੀਕਰਨ ਅਤੇ ਵੰਡ ਕਾਰਨ ਇਸ ਅਕਤੂਬਰ ਵਿੱਚ ਸਿਸਲੀ ਚਲੀ ਗਈ ਸੀ। ਜਦੋਂ ਉਨ੍ਹਾਂ ਨੂੰ ਵਾਪਸ ਆਉਣ ਦੀ ਯੋਜਨਾ ਬਾਰੇ ਪੁੱਛਿਆ ਗਿਆ, ਤਾਂ ਉਸਨੇ ਕਿਹਾ ਕਿ ਇਹ ਅਸੰਭਵ ਹੈ। ਉਸਨੇ ਯੂਐਸਏ ਟੂਡੇ ਨੂੰ ਦੱਸਿਆ, "ਟਰੰਪ ਦਾ ਇੱਕ ਹੋਰ ਕਾਰਜਕਾਲ ਮੈਨੂੰ ਸਵੀਕਾਰ ਨਹੀਂ ਹੈ।"

ਵਾਸ਼ਿੰਗਟਨ ਪੋਸਟ ਦੀ ਰਿਪੋਰਟ ਮੁਤਾਬਕ ਜੇਨ ਬਰਨੇਟ, ਜੋ ਐਕਸਪੈਟਸੀ ਨਾਂ ਦੀ ਕੰਪਨੀ ਚਲਾਉਂਦੀ ਹੈ, ਨੇ ਕਿਹਾ ਕਿ ਉਨ੍ਹਾਂ ਦੀ ਕੰਪਨੀ ਵਿਦੇਸ਼ ਜਾਣ ਦੇ ਚਾਹਵਾਨ ਅਮਰੀਕੀਆਂ ਦੀ ਮਦਦ ਕਰਦੀ ਹੈ। ਉਸਨੇ ਕਿਹਾ ਕਿ ਰਾਸ਼ਟਰਪਤੀ ਨਤੀਜਿਆਂ ਦੀ ਘੋਸ਼ਣਾ ਕੀਤੇ ਜਾਣ ਤੋਂ ਕੁਝ ਘੰਟਿਆਂ ਬਾਅਦ ਹੀ ਉਸਦੀ ਸਾਈਟ ਨੂੰ ਇੱਕ ਮਹੀਨੇ ਦਾ ਟ੍ਰੈਫਿਕ ਪ੍ਰਾਪਤ ਹੋਇਆ ਕਿ ਅਮਰੀਕਨ ਦੇਸ ਛੱਡਣ ਦੇ ਚਾਹਵਾਨ ਹਨ।

ਰਿਪੋਟ ਅਨੁਸਾਰ 2004 ਵਿੱਚ ਜਾਰਜ ਡਬਲਯੂ ਬੁਸ਼ ਦੇ ਮੁੜ ਚੁਣੇ ਜਾਣ, 2020 ਵਿੱਚ ਜੋ ਬਿਡੇਨ ਦੀ ਚੋਣ, ਅਤੇ 2016 ਵਿੱਚ ਟਰੰਪ ਦੀ ਪਹਿਲੀ ਚੋਣ ਤੋਂ ਬਾਅਦ ਵਿਦੇਸ਼ ਜਾਣ ਵਿੱਚ ਇਸਤਰ੍ਹਾਂ ਦਿਲਚਸਪੀ ਵਧੀ ਹੈ। ਪਰ ਅੰਕੜੇ ਦਰਸਾਉਂਦੇ ਹਨ ਕਿ ਸਿਰਫ ਕੁਝ ਹੀ ਅਮਰੀਕੀਆਂ ਨੇ ਅਸਲ ਵਿੱਚ ਇਹ ਕਦਮ ਚੁੱਕੇ ਹਨ।

# ਲਾਸ ਵੇਗਾਸ ਵਿੱਚ ਹੋਈ ਵਿਸ਼ਵ ਪਾਵਰ ਲਿਫਟਿੰਗ ਚੈਂਪੀਅਨਸ਼ਿਪ ਵਿੱਚ ਪੰਜਾਬੀਆਂ ਨੇ ਗੱਡੇ ਝੰਡੇ

ਫਰਿਜ਼ਨੋ: ਅਮਰੀਕਾ ਦੇ ਲਾਸ ਵੇਗਾਸ ਵਿੱਚ ਹੋਈ ਵਿਸ਼ਵ ਪਾਵਰ ਲਿਫਟਿੰਗ ਚੈਂਪੀਅਨਸ਼ਿਪ ਵਿੱਚ ਪੰਜਾਬੀਆਂ ਨੇ ਵੱਡੀ ਕਾਮਯਾਬੀ ਹਾਸਲ ਕਰਦਿਆਂ ਤਿੰਨ ਸੋਨ ਤਗਮੇ ਜਿੱਤ ਕੇ ਨਾ ਸਿਰਫ਼ ਪੰਜਾਬ ਬਲਕਿ ਪੂਰੇ ਭਾਰਤ ਦਾ ਨਾਂ ਰੌਸ਼ਨ ਕੀਤਾ ਹੈ। ਆਈਬੀਐਫ ਏਸ਼ੀਆ ਦੇ ਪ੍ਰਧਾਨ ਹਰਵਿੰਦਰ ਸਿੰਘ ਸਲੀਨਾ ਨੇ ਦੱਸਿਆ ਕਿ ਇਸ ਚੈਂਪੀਅਨਸ਼ਿਪ ਵਿੱਚ ਦੁਨੀਆ ਭਰ ਦੇ ਦੇਸ਼ਾਂ ਦੇ ਐਥਲੀਟਾਂ ਨੇ ਭਾਗ ਲਿਆ। ਇਸੇ ਤਰ੍ਹਾਂ ਉਹ ਵੀ ਆਪਣੀ ਟੀਮ ਨਾਲ ਚੈਂਪੀਅਨਸ਼ਿਪ ਵਿੱਚ ਹਿੱਸਾ ਲੈਣ ਲਈ ਪਹੁੰਚੇ ਹੋਏ ਸਨ। ਇਸ ਚੈਂਪੀਅਨਸ਼ਿਪ ਵਿੱਚ ਪੰਜਾਬ ਦੇ ਅਬੋਹਰ ਦੇ ਰਹਿਣ ਵਾਲੇ ਅਮਨ ਪ੍ਰਕਾਸ਼ ਟੋਨੀ ਸੰਧੂ ਨੇ 90 ਕਿਲੋ ਭਾਰ ਵਰਗ ਦੇ ਮੁਕਾਬਲਿਆਂ ਵਿੱਚ ਭਾਗ ਲਿਆ। ਇਸ ਪੰਜਾਬੀ ਅਥਲੀਟ ਨੇ ਤਿੰਨ ਗੋਲਡ ਮੈਡਲ ਜਿੱਤ ਕੇ ਇਤਿਹਾਸ ਰਚਿਆ ਅਤੇ ਪੰਜਾਬ ਦਾ ਨਾਂ ਰੌਸ਼ਨ ਕੀਤਾ। ਉਨ੍ਹਾਂ ਦੱਸਿਆ ਕਿ ਇਸ ਜਿੱਤ ਨਾਲ ਪ੍ਰਕਾਸ਼ ਟੋਨੀ ਨੇ ਅਗਲੇ ਸਾਲ 2025 ਵਿੱਚ ਹੋਣ ਵਾਲੀਆਂ



ਉਲੰਪਿਕ ਖੇਡਾਂ ਲਈ ਕੁਆਲੀਫਾਈ ਕਰ ਲਿਆ ਹੈ।

ਹਰਵਿੰਦਰ ਸਿੰਘ ਸਲੀਣਾ ਨੇ ਕਿਹਾ ਕਿ ਖੇਡਾਂ ਮਨੁੱਖ ਲਈ ਬੇਹੱਦ ਜ਼ਰੂਰੀ ਹਨ ਅਤੇ ਖੇਡਾਂ ਵਿੱਚ ਪੰਜਾਬੀਆਂ ਦੀ ਵੱਖਰੀ ਪਛਾਣ ਹੈ। ਪਹਿਲਾਂ ਵੀ ਪੰਜਾਬੀਆਂ ਨੇ ਖੇਡਾਂ ਦੇ ਖੇਤਰ ਵਿੱਚ ਆਪਣੇ ਦੇਸ਼ ਦਾ ਨਾਮ ਰੌਸ਼ਨ ਕਰਨ ਲਈ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ ਅਤੇ ਹੁਣ ਵੀ ਪੰਜਾਬ ਦੇ ਨੌਜਵਾਨ ਵੱਡੀਆਂ ਪ੍ਰਾਪਤੀਆਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨ ਵੱਲੋਂ ਅਮਰੀਕਾ ਵਿੱਚ ਹੋਈ ਵਿਸ਼ਵ ਚੈਂਪੀਅਨਸ਼ਿਪ ਵਿੱਚ ਤਿੰਨ ਤਗਮੇ ਜਿੱਤਣਾ ਆਪਣੇ ਆਪ ਵਿੱਚ ਵੱਡੀ ਪ੍ਰਾਪਤੀ ਹੈ। ਟੋਨੀ ਸੰਧੂ ਦੀ ਇਹ ਪ੍ਰਾਪਤੀ ਹੋਰਨਾਂ ਨੌਜਵਾਨਾਂ ਨੂੰ ਵੀ ਨਵੀਂ ਦਿਸ਼ਾ ਪ੍ਰਦਾਨ ਕਰੇਗੀ। ਹਰਵਿੰਦਰ ਸਿੰਘ ਸਲੀਨਾ ਨੇ ਐਲਾਨ ਕੀਤਾ ਕਿ ਟੋਨੀ ਸੰਧੂ ਦਾ ਪੰਜਾਬ ਪਹੁੰਚਣ 'ਤੇ ਸਨਮਾਨ ਵੀ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸਲੀਨਾ ਟੀਮ ਦੇ ਕਈ ਖਿਡਾਰੀ ਵਿਸ਼ਵ ਪੱਧਰ 'ਤੇ ਪਹਿਲਾਂ ਵੀ ਕਾਮਯਾਬੀ ਹਾਸਲ ਕਰ ਚੁੱਕੇ ਹਨ। ਜਦੋਂ ਕੋਈ ਵੀ ਨੌਜਵਾਨ ਇੰਨੀ ਵੱਡੀ ਉਪਲਬਧੀ ਹਾਸਲ ਕਰਦਾ ਹੈ ਤਾਂ ਉਹ ਆਪਣੀ ਟੀਮ 'ਤੇ ਹੋਰ ਵੀ ਮਾਣ ਮਹਿਸੂਸ ਕਰਦਾ ਹੈ। ਹਰਵਿੰਦਰ ਸਿੰਘ ਸਲੀਨਾ ਨੇ ਵੀ ਪ੍ਰਕਾਸ਼ ਟੋਨੀ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ, ਜਿਨ੍ਹਾਂ ਨੇ ਉਨ੍ਹਾਂ ਦੇ ਬੱਚੇ ਦੀ ਸਫਲਤਾ ਲਈ ਵਧੀਆ ਮਾਹੌਲ ਪ੍ਰਦਾਨ ਕੀਤਾ।


SINCE : 2007

ਕੈਨੇਡੀਅਨ ਪੰਜਾਬ ਟਾਈਮਜ਼ ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES

ਪਾਠਕਾਂ ਦੇ ਵਿਸ਼ਵਾਸ਼ ਦਾ 18 ਵਾਂ ਸਾਲ



24 ਘੰਟੇ ਆਨਲਾਈਨ ਪੜ੍ਹੋ
www.thepunjabtimes.ca
ਲੇਖ ਅਤੇ ਚਲੰਤ ਮਸਲੇ

ਜੇਕਰ ਤੁਸੀਂ ਆਪਣੇ ਵਪਾਰ ਨੂੰ ਵਧਾਉਣਾ ਚਾਹੁੰਦੇ ਹੋ
ਤਾਂ ਅੱਜ ਹੀ ਸਾਡੇ ਨਾਲ ਜੁੜੋ

It's Time To Grow Your Business
Advertise with us...

ਕੈਨੇਡੀਅਨ ਪੰਜਾਬ ਟਾਈਮਜ਼ ਸੱਚ ਅਤੇ ਨਿਰਪੱਖ ਸੋਚ

: canadianpunjabtimes@gmail.com
Contact : 604-338-7310

# ਅਮਰੀਕਾ ਬਾਰਡਰ ’ਤੇ ਹਰ ਘੰਟੇ ਫੜੇ ਜਾ ਰਹੇ ਨੇ ਦਸ ਭਾਰਤੀ

ਲੇਖਕ : ਕਮਲਜੀਤ ਸਿੰਘ ਬਨਵੈਤ
ਸੰਪਰਕ : 98147-34035



ਪਹਿਲਾਂ ਪਹਿਲ ਪੰਜਾਬੀ ਵਿਦੇਸ਼ਾਂ ਨੂੰ ਖੱਟਣ ਕਮਾਉਣ ਲਈ ਜਾਇਆ ਕਰਦੇ ਸਨ। ਉੱਧਰ ਸਾਲਾਂ ਦੇ ਸਾਲ ਲਾ ਕੇ ਡਾਲਰ ਅਤੇ ਪੌਂਡ ਕਮਾਉਣ ਤੋਂ ਬਾਅਦ ਆਪਣੀ ਧਰਤੀ ’ਤੇ ਆ ਕੇ ਜਿੱਥੇ ਉਹ ਮਹਿਲ ਨੁਮਾ ਕੋਠੀਆਂ ਉਸਾਰ ਲੈਂਦੇ ਸਨ, ਉੱਥੇ ਕਈਆਂ ਨੇ ਆਪਣੇ ਵੱਡੇ ਕਾਰੋਬਾਰ ਵੀ ਖੜ੍ਹੇ ਕੀਤੇ। ਦੁਆਬੇ ਦੇ ਪਿੰਡਾਂ ਦੀਆਂ ਕੋਠੀਆਂ ਉੱਤੇ ਜਹਾਜ਼ਾਂ ਵਰਗੀਆਂ ਬਣੀਆਂ ਪਾਣੀ ਦੀਆਂ ਟੈਂਕੀਆਂ ਇਸੇ ਦੀ ਤਾਂ ਹੀ ਤਸਵੀਰ ਪੇਸ਼ ਕਰਦੀਆਂ ਹਨ। ਬੌਲਦਾਂ ਦੀਆਂ ਜੋੜੀਆਂ ਵਾਲੀਆਂ ਟੈਂਕੀਆਂ ਦਾ ਰਿਵਾਜ਼ ਘਟ ਗਿਆ ਹੈ।

ਪਿਛਲੇ ਸਮੇਂ ਤੋਂ ਵਿਦੇਸ਼ਾਂ ਵਿੱਚ ਜਾ ਕੇ ਪੱਕੇ ਤੌਰ ’ਤੇ ਵਸਣ ਦਾ ਰੁਝਾਨ ਵਧਣ ਲੱਗਾ ਹੈ। ਆਪਣੀ ਧਰਤੀ ਨੂੰ ਅਲਵਿਦਾ ਕਹਿ ਕੇ ਭਾਰਤੀ ਹੁਣ ਵਿਦੇਸ਼ੀ ਧਰਤੀ ਤੋਂ ਵਾਪਸ ਨਹੀਂ ਮੁੜਨਾ ਚਾਹੁੰਦੇ। ਕਈਆਂ ਨੇ ਪਰਾਈ ਧਰਤੀ ਉੱਤੇ ਆਪਣੇ ਵੱਡੇ ਵਪਾਰ ਖੜ੍ਹੇ ਕਰ ਲਏ ਹਨ। ਕੋਈ ਸੌਗੀ ਦੇ ਬਾਦਸ਼ਾਹ ਵਿੱਚ ਜਾਣਿਆ ਜਾਣ ਲੱਗਾ ਹੈ ਤੇ ਕੋਈ ਬਨਾਨਾ ਕਿੰਗ ਦੇ ਨਾਂ ਨਾਲ ਮਸ਼ਹੂਰ ਹੋਇਆ ਹੈ। ਪੰਜਾਬੀਆਂ ਨੇ ਵਿਦੇਸ਼ ਦੀ ਧਰਤੀ ’ਤੇ ਜਾ ਕੇ ਉੱਥੋਂ ਦੀਆਂ ਸਰਕਾਰਾਂ ਅਤੇ ਸਿਆਸਤ ਵਿੱਚ ਹਿੱਸੇਦਾਰੀ ਪਾਈ ਹੈ। ਇੱਕ ਅੱਧ ਮੁਲਕ ਵਿੱਚ ਤਾਂ ਸਰਕਾਰਾਂ ਬਣਾਉਣ ਅਤੇ ਤੋੜਨ ਦਾ ਰਿਮੋਟ ਵੀ ਇਹਨਾਂ ਦੇ ਹੱਥ ਆ ਗਿਆ ਹੈ। ਕਿਹੜੇ ਵੇਲਿਆਂ ਦੀ ਗੱਲ ਹੈ, ਜਦੋਂ ਉੱਜਲ ਦੁਸਾਂਝ ਕੈਨੇਡਾ ਦੇ ਇੱਕ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਮੁੱਖ ਮੰਤਰੀ ਬਣੇ ਸਨ। ਹੁਣੇ ਹੁਣੇ ਅਮਰੀਕਾ ਵਿੱਚ ਰਾਸ਼ਟਰਪਤੀ ਦੇ ਅਹੁਦੇ ਲਈ ਚੋਣ ਵਿੱਚ ਭਾਰਤੀ ਮੂਲ ਦੀ ਕਮਲਾ ਹੈਰਿਸ ਮੈਦਾਨ ਵਿੱਚ ਸੀ। ਭਾਰਤੀ ਮੂਲ ਦੇ ਹੀ ਰਿਸ਼ੀ ਸੁਨਕ ਨੂੰ ਇੰਗਲੈਂਡ ਦਾ ਪ੍ਰਧਾਨ ਮੰਤਰੀ ਬਣਨ ਦਾ ਸੁਭਾਗ ਪ੍ਰਾਪਤ ਹੋਇਆ ਹੈ।

ਵਿਦੇਸ਼ ਜਾ ਕੇ ਵਸਣ ਲਈ ਗੁਰਦੁਆਰਿਆਂ ਵਿੱਚ ਪਹਿਲਾਂ ਦੀ ਤਰ੍ਹਾਂ ਸੁੱਖਾਂ ਤਾਂ ਹੁਣ ਵੀ ਸੁੱਖੀਆਂ ਜਾਂਦੀਆਂ ਹਨ ਪਰ ਹੁਣ ਪ੍ਰਵਾਸ ਚਿੰਤਾ ਦਾ ਸਬੱਬ ਬਣਨ ਲੱਗਾ ਹੈ। ਪੰਜਾਬ ਖਾਲੀ ਹੋਣ ਦੇ ਕਿਨਾਰੇ ਹੈ। ਪਰਵਾਸੀ ਕੋਠੀਆਂ ਸੰਭਾਲਣ ਲੱਗੇ ਹਨ। ਅਸੀਂ ਟਰੈਕਟਰ ਦਾ ਸਟੇਰਿੰਗ ਵੀ ਉਹਨਾਂ ਦੇ ਹੱਥ ਫੜਾ ਦਿੱਤਾ ਹੈ। ਪ੍ਰਵਾਸੀ ਪਿੰਡਾਂ ਦੀ ਸਰਪੰਚੀ ਉੱਤੇ ਅੱਖ ਰੱਖਣ ਲੱਗੇ ਹਨ। ਹੁਣ ਉਹ ਦਿਨ ਦੂਰ ਨਹੀਂ ਲਗਦਾ ਜਦੋਂ ਵਿਧਾਨ ਸਭਾ ਚੋਣਾਂ ਵਿੱਚ ਵੀ ਪ੍ਰਤੀਨਿਧਤਾ ਭਾਲਣ ਲੱਗ ਪੈਣਗੇ। ਪਰਵਾਸ ਇਸ ਹੱਦ ਤਕ ਫਿਕਰਮੰਦੀ ਬਣ ਗਿਆ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਵੀਰ ਸਿੰਘ ਨੂੰ ਬੰਦੀ ਛੋੜ ਦਿਵਸ ਮੌਕੇ ਕੌਮ ਦੇ ਨਾਂ ਦਿੱਤੇ ਸੁਨੇਹੇ ਵਿੱਚ ਵੀ ਪੰਜਾਬੀਆਂ ਨੂੰ ਇਸ ਪੱਖੋਂ ਸੁਚੇਤ ਰਹਿਣ ਵੱਲ ਇਸ਼ਾਰਾ ਕਰਨਾ ਪਿਆ ਹੈ। ਉਹਨਾਂ ਲਈ ਪਰਵਾਸ ਅਤੇ ਪਰਵਾਸੀ ਦੋਵੇਂ ਫਿਕਰਮੰਦੀ ਬਣ ਗਏ ਹਨ। ਉਹ ਪੰਜਾਬੀਆਂ ਨੂੰ ਹਾਲੇ ਵੀ ਸੰਭਲਣ ਦਾ ਸੁਨੇਹਾ ਦਿੰਦੇ ਹਨ।

ਪਰਵਾਸ ਦਾ ਇੱਕ ਹੋਰ ਦੁਖਾਂਤਕ ਪੱਖ ਇਹ ਵੀ ਹੈ ਕਿ ਪੰਜਾਬੀ ਹੁਣ ਵਿਦੇਸ਼ ਜਾ ਕੇ ਵਸਣ ਲਈ ਹਰ ਹੀਲਾ ਵਰਤਣ ਲੱਗੇ ਹਨ। ਕਬੂਤਰਬਾਜ਼ੀ ਨਵੀਂ ਨਹੀਂ ਹੈ, ਸ਼ੁਰੂ ਸ਼ੁਰੂ ਵਿੱਚ ਗਾਇਕਾਂ ਉੱਤੇ ਕਬੂਤਰਬਾਜ਼ੀ ਦਾ ਇਲਜ਼ਾਮ ਲੱਗਣਾ ਸ਼ੁਰੂ ਹੋਇਆ ਸੀ। ਬਾਅਦ ਵਿੱਚ ਏਜੰਟਾਂ ਨੇ ਤਾਂ ਗੱਲ ਸਿਰੇ ਲਾ ਦਿੱਤੀ ਹੈ। ਅਫਸੋਸ ਹੈ ਕਿ ਮਾਲਟਾ ਕਾਂਡ ਜਿਹੇ ਦੁਖਾਂਤ ਵਾਪਰਨ ਦੇ ਬਾਵਜੂਦ ਅਸੀਂ ਭਾਰਤੀ, ਵਿਸ਼ੇਸ਼ ਕਰਕੇ ਪੰਜਾਬੀਆਂ ਨੇ ਸਬਕ ਨਹੀਂ ਸਿੱਖਿਆ। ਕੈਨੇਡਾ ਨੇ ਬੂਹੇ ਭੇੜਨੇ ਸ਼ੁਰੂ ਕਰ ਦਿੱਤੇ ਤਾਂ ਅਸੀਂ ਪੁੱਠੇ ਸਿੱਧੇ ਤਰੀਕੇ ਨਾਲ ਅਮਰੀਕਾ ਜਾ ਪੈਰ ਧਰਨ ਦਾ ਜੁਗਾੜ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਪੱਛਮੀ ਦੇਸ਼ਾਂ ਨੇ ਭਾਰਤੀਆਂ ਲਈ ਆਪਣੇ ਬੂਹੇ ਖੋਲ੍ਹੇ ਹਨ ਪਰ ਡਾਲਰ ਅਤੇ ਪੌਂਡ ਦੀ ਚਮਕ ਦਮਕ ਅੱਗੇ ਯੂਰਪ ਦੀ ਕਰੰਸੀ ਐਵੇਂ ਕੈਵੇਂ ਲੱਗਣ ਲੱਗੀ ਹੈ। ਆਸਟਰੇਲੀਆ ਜਾਂ ਨਿਊਜ਼ੀਲੈਂਡ ਜਾਣਾ ਸੌਖਾ ਨਹੀਂ। ਉੱਥੇ ਨੂੰ ਡੰਕੀ ਵੀ ਨਹੀਂ ਵੱਜਦੀ। ਰਲਾ ਮਿਲਾ ਕੇ ਅਮਰੀਕਾ ਹੀ ਬਚਦਾ ਹੈ। ਅਸੀਂ ਭਾਰਤੀਆਂ ਨੇ ਹੁਣ ਉੱਧਰ ਨੂੰ ਮੁਹਾਰਾਂ ਮੋੜ ਲਈਆਂ ਹਨ।

*“ਪਰਵਾਸ ਦਾ ਇੱਕ ਹੋਰ ਦੁਖਾਂਤਕ ਪੱਖ ਇਹ ਵੀ ਹੈ ਕਿ ਪੰਜਾਬੀ ਹੁਣ ਵਿਦੇਸ਼ ਜਾ ਕੇ ਵਸਣ ਲਈ ਹਰ ਹੀਲਾ ਵਰਤਣ ਲੱਗੇ ਹਨ। ਕਬੂਤਰਬਾਜ਼ੀ ਨਵੀਂ ਨਹੀਂ ਹੈ, ਸ਼ੁਰੂ ਸ਼ੁਰੂ ਵਿੱਚ ਗਾਇਕਾਂ ਉੱਤੇ ਕਬੂਤਰਬਾਜ਼ੀ ਦਾ ਇਲਜ਼ਾਮ ਲੱਗਣਾ ਸ਼ੁਰੂ ਹੋਇਆ ਸੀ। ਬਾਅਦ ਵਿੱਚ ਏਜੰਟਾਂ ਨੇ ਤਾਂ ਗੱਲ ਸਿਰੇ ਲਾ ਦਿੱਤੀ ਹੈ। ਅਫਸੋਸ ਹੈ ਕਿ ਮਾਲਟਾ ਕਾਂਡ ਜਿਹੇ ਦੁਖਾਂਤ ਵਾਪਰਨ ਦੇ ਬਾਵਜੂਦ ਅਸੀਂ ਭਾਰਤੀ, ਵਿਸ਼ੇਸ਼ ਕਰਕੇ ਪੰਜਾਬੀਆਂ ਨੇ ਸਬਕ ਨਹੀਂ ਸਿੱਖਿਆ। ਕੈਨੇਡਾ ਨੇ ਬੂਹੇ ਭੇੜਨੇ ਸ਼ੁਰੂ ਕਰ ਦਿੱਤੇ ਤਾਂ ਅਸੀਂ ਪੁੱਠੇ ਸਿੱਧੇ ਤਰੀਕੇ ਨਾਲ ਅਮਰੀਕਾ ਜਾ ਪੈਰ ਧਰਨ ਦਾ ਜੁਗਾੜ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਪੱਛਮੀ ਦੇਸ਼ਾਂ ਨੇ ਭਾਰਤੀਆਂ ਲਈ ਆਪਣੇ ਬੂਹੇ ਖੋਲ੍ਹੇ ਹਨ ਪਰ ਡਾਲਰ ਅਤੇ ਪੌਂਡ ਦੀ ਚਮਕ ਦਮਕ ਅੱਗੇ ਯੂਰਪ ਦੀ ਕਰੰਸੀ ਐਵੇਂ ਕੈਵੇਂ ਲੱਗਣ ਲੱਗੀ ਹੈ। ਆਸਟਰੇਲੀਆ ਜਾਂ ਨਿਊਜ਼ੀਲੈਂਡ ਜਾਣਾ ਸੌਖਾ ਨਹੀਂ। ਉੱਥੇ ਨੂੰ ਡੰਕੀ ਵੀ ਨਹੀਂ ਵੱਜਦੀ। ਰਲਾ ਮਿਲਾ ਕੇ ਅਮਰੀਕਾ ਹੀ ਬਚਦਾ ਹੈ। ਅਸੀਂ ਭਾਰਤੀਆਂ ਨੇ ਹੁਣ ਉੱਧਰ ਨੂੰ ਮੁਹਾਰਾਂ ਮੋੜ ਲਈਆਂ ਹਨ।”*

ਤਾਜ਼ਾ ਰਿਪੋਰਟ ਅਨੁਸਾਰ ਅਮਰੀਕਾ ਵਿੱਚ ਡੰਕੀ ਰੂਟ ਰਾਹੀਂ ਭਾਰਤੀਆਂ ਦੀ ਗੈਰ ਕਾਨੂੰਨੀ ਐਂਟਰੀ ਦਾ ਅੰਕੜਾ ਲਗਾਤਾਰ ਉੱਪਰ ਜਾ ਰਿਹਾ ਹੈ। ਅਮਰੀਕਾ ਬਾਰਡਰ ’ਤੇ ਸਤੰਬਰ ਤਕ 90, 415 ਭਾਰਤੀ ਫੜੇ ਜਾ ਚੁੱਕੇ ਹਨ।

ਹਰ ਘੰਟੇ 10 ਭਾਰਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਹਿਰਾਸਤ ਵਿੱਚ ਲਏ ਭਾਰਤੀਆਂ ਵਿੱਚੋਂ ਲਗਭਗ 50 ਫੀਸਦੀ ਗੁਜਰਾਤ ਤੋਂ ਹਨ, ਦੂਸਰੇ ਨੰਬਰ ਉੱਤੇ ਗਿਣਤੀ ਪੰਜਾਬੀਆਂ ਦੀ ਆ ਰਹੀ ਹੈ। ਅਮਰੀਕੀ ਬਾਰਡਰ ਐਂਡ ਕਸਟਮ ਨੇ ਸ਼ੰਕਾ ਜ਼ਾਹਰ ਕੀਤੀ ਹੈ ਕਿ ਇਸ ਸਾਲ ਦੇ ਅੰਤ ਤਕ ਭਾਰਤੀਆਂ ਦਾ ਅੰਕੜਾ ਇੱਕ ਲੱਖ ਹੋ ਜਾਵੇਗਾ ਜਦੋਂ ਕਿ ਪਿਛਲੇ ਸਾਲ 80 ਹਜ਼ਾਰ ਭਾਰਤੀ ਗੈਰ ਕਾਨੂੰਨੀ ਤੌਰ ’ਤੇ ਅਮਰੀਕਾ ਵਿੱਚ ਦਾਖਲ ਹੁੰਦੇ ਫੜੇ ਗਏ ਸਨ। ਹਰ ਦਸ ਵਿੱਚੋਂ ਛੇ ਭਾਰਤੀ ਇਸ ਡੰਕੀ ਰੂਟ ਦੁਆਰਾ ਕੈਨੇਡਾ ਤੋਂ ਅਮਰੀਕਾ ਵਿੱਚ ਦਾਖਲ ਹੋ ਰਹੇ ਹਨ। ਅਮਰੀਕਾ ਵਿੱਚ ਗੈਰ ਕਾਨੂੰਨੀ ਰੂਪ ਵਿੱਚ ਦਾਖਲ ਹੋਣ ਵਾਲੇ ਭਾਰਤੀ ਮੈਕਸੀਕੋ ਦੇ ਰੂਟ ਉੱਤੇ ਜ਼ਿਆਦਾ ਚੈੱਕਿੰਗ ਵਧਣ ਕਾਰਨ ਹੁਣ ਉੱਥੋਂ ਦੀ ਐਂਟਰ ਹੋਣਾ ਪਸੰਦ ਨਹੀਂ ਕਰਦੇ। ਫੜੇ ਗਏ ਭਾਰਤੀਆਂ ਵਿੱਚੋਂ 1100 ਨੂੰ ਭਾਰਤ ਡਿਪੋਰਟ ਕੀਤਾ ਗਿਆ ਹੈ, ਬਾਕੀ ਦੇ ਮਾਮਲੇ ਸ਼ਰਨਾਰਥੀ ਕੋਰਟ ਵਿੱਚ ਚੱਲ ਰਹੇ ਹਨ।

ਇਸ ਸਾਲ ਦੇ ਨੌਂ ਮਹੀਨਿਆਂ ਦੌਰਾਨ ਫੜੇ ਗਏ 90 ਹਜ਼ਾਰ ਵਿੱਚੋਂ ਲਗਭਗ ਸਾਰਿਆਂ ਨੇ ਅਮਰੀਕਾ ਵਿੱਚ ਸਿਆਸੀ ਸ਼ਰਨ ਲਈ ਅਰਜ਼ੀ ਦੇ ਰੱਖੀ ਹੈ। ਇਸ ਨਾਲ ਅਮਰੀਕਾ ਵਿੱਚ ਆਰਜ਼ੀ ਤੌਰ ’ਤੇ ਨੌਕਰੀ ਕਰਨ ਦੀ ਆਗਿਆ ਮਿਲ ਜਾਂਦੀ ਹੈ। ਅਮਰੀਕਾ ਵਿੱਚ ਇਸ ਵੇਲੇ 7 ਲੱਖ ਭਾਰਤੀ ਬਗੈਰ ਕਿਸੇ ਡਾਕੂਮੈਂਟਸ ਤੋਂ ਰਹਿ ਰਹੇ ਹਨ। ਇਹਨਾਂ ਲੋਕਾਂ ਦੇ ਕੇਸ ਮਾਈਗ੍ਰੈਂਟ ਅਦਾਲਤ ਵਿੱਚ ਚੱਲ ਰਹੇ ਹਨ। ਕੇਸ ਦਾ ਫੈਸਲਾ ਹੋਣ ਤਕ ਇਹਨਾਂ ਨੂੰ ਅਮਰੀਕਾ ਵਿੱਚ ਰਹਿਣ ਦੀ ਇਜਾਜ਼ਤ ਮਿਲਦੀ ਰਹੇਗੀ। ਅਮਰੀਕਾ ਨੇ ਹੁਣ ਸਿਆਸੀ ਸ਼ਰਨ ਵਾਲੇ ਭਾਰਤੀਆਂ ਨੂੰ ਸੋਸ਼ਲ ਸਕਿਉਰਟੀ ਦੇਣੀ ਬੰਦ ਕਰ ਦਿੱਤੀ ਹੈ। ਮੈਡੀਕਲ ਸਹੂਲਤਾਂ ਕਈ ਚਿਰ ਪਹਿਲਾਂ ਬੰਦ ਕਰ ਦਿੱਤੀਆਂ ਗਈਆਂ ਸਨ।

ਨਿਊਯਾਰਕ ਦੀ ਮਾਈਗ੍ਰੇਸ਼ਨ ਪਾਲਸੀ ਇੰਸਟੀਚਿਊਟ ਦੇ ਸੀਨੀਅਰ ਫੈਲੋ ਮੁਜ਼ੱਫਰ ਚਿਸ਼ਤੀ ਦਾ ਕਹਿਣਾ ਹੈ ਕਿ ਹਰ ਸਾਲ ਬੜੀ ਗਿਣਤੀ ਵਿੱਚ ਲੋਕ ਆਪਣੀ ਜਾਨ ਖਤਰੇ ਵਿੱਚ ਪਾ ਕੇ ਅਮਰੀਕਾ ਦਾਖਲ ਹੋਣ ਲਈ ਗੈਰ ਕਾਨੂੰਨੀ ਤੌਰ ’ਤੇ ਬਾਰਡਰ ਪਾਰ ਕਰਦੇ ਹਨ।

ਆਪਣੀ ਜਾਨ ਤਲੀ ’ਤੇ ਰੱਖ ਕੇ ਬਾਰਡਰ ਪਾਰ ਕਰਨ ਵਾਲਿਆਂ ਵਿੱਚੋਂ ਪਿਛਲੇ ਸਮੇਂ ਦੌਰਾਨ 100 ਭਾਰਤੀ ਮਾਰੇ ਗਏ ਹਨ। ਗੈਰ ਕਾਨੂੰਨੀ ਤੌਰ ਤੇ ਅਮਰੀਕਾ ਵਿੱਚ ਦਾਖਲ ਹੋਣ ਵਾਲੇ ਭਾਰਤੀਆਂ ਨੂੰ ਹਰ ਰੋਜ਼ 16 ਹਜ਼ਾਰ ਰੁਪਏ ਦੀ ਕਮਾਈ ਹੋ ਜਾਂਦੀ ਹੈ। ਗੈਰ ਕਾਨੂੰਨੀ ਤੌਰ ’ਤੇ ਕੰਮ ਕਰਨ ਵਾਲਿਆਂ ਨੂੰ ਤਨਖਾਹ ਵੀ ਘੱਟ ਦਿੱਤੀ ਜਾਂਦੀ ਹੈ। ਅਮਰੀਕਾ ਵਿੱਚ ਹੁਨਰਮੰਦ ਕਾਮਿਆਂ ਦੀ ਪ੍ਰਤੀ ਘੰਟਾ ਔਸਤਨ ਤਨਖਾਹ 30 ਡਾਲਰ ਹੈ ਜਦਕਿ ਗੈਰ ਕਾਨੂੰਨੀ ਤੌਰ ‘ਤੇ ਰਹਿ ਰਹੇ ਭਾਰਤੀ 15 ਤੋਂ 20 ਡਾਲਰ ਪ੍ਰਤੀ ਘੰਟਾ ਕੰਮ ਕਰ ਰਹੇ ਹਨ।

ਡੰਕੀ ਰੂਟ ਦੀ ਗੱਲ ਕਰੀਏ ਤਾਂ ਹੁਣ ਭਾਰਤੀ ਲੋਕਾਂ ਨੂੰ ਪਹਿਲਾਂ ਕੈਨੇਡਾ ਪਹੁੰਚਾਇਆ ਜਾਣ ਲੱਗਾ ਹੈ। ਪ੍ਰਤੀ ਕੇਸ 20 ਲੱਖ ਦੇ ਆਸ ਪਾਸ ਦੀ ਡੀਲ ਹੁੰਦੀ ਹੈ। ਬਾਰਡਰ ਪਾਰ ਕਰਾਉਣ ਵਾਲੇ ਏਜੰਟ ਸਭ ਤੋਂ ਨੇੜੇ ਦੇ ਸ਼ਹਿਰ ਤਕ ਪਹੁੰਚਾਉਣ ਦੀ ਜ਼ਿੰਮੇਵਾਰੀ ਲੈਂਦੇ ਹਨ।

ਅਸਲ ਵਿੱਚ ਅਮਰੀਕਾ ਜ਼ਿਆਦਾਤਰ ਬਾਰਡਰਾਂ ਉੱਤੇ ਹੀ ਅੱਖ ਰੱਖ ਰਿਹਾ ਹੈ ਜਦੋਂ ਕਿ ਡਾਕੂਮੈਂਟਸ ਦੀ ਆਮ ਚੈਕਿੰਗ ਘੱਟ ਹੈ। ਪੰਜਾਬੀਆਂ ਦੀ ਗਿਣਤੀ ਵਾਲੇ ਵੱਡੇ ਸ਼ਹਿਰਾਂ ਨਿਊਯਾਰਕ, ਟੈਕਸਸ ਅਤੇ ਸ਼ਿਕਾਗੋ ਵਿੱਚ ਤਾਂ ਰੂਟੀਨ ਦੀ ਚੈਕਿੰਗ ਹੀ ਮੁਸ਼ਕਿਲ ਹੈ। ਸਰਹੱਦੀ ਰਾਜ ਟੈਕਸਸ ਵਿੱਚ ਅੱਠ ਨਵੰਬਰ ਤੋਂ ਨਵੇਂ ਕਾਨੂੰਨਾਂ ਤਹਿਤ ਹਸਪਤਾਲਾਂ ਵਿੱਚ ਆਉਣ ਵਾਲੇ ਮਰੀਜ਼ਾਂ ਦਾ ਇਲਾਜ ਬਿਨਾਂ ਡਾਕੂਮੈਂਟਸ ਤੋਂ ਨਹੀਂ ਕੀਤਾ ਜਾਵੇਗਾ।

ਉਹਨਾਂ ਤੋਂ ਅਮਰੀਕਾ ਵਿੱਚ ਕਾਨੂੰਨੀ ਤੌਰ ’ਤੇ ਰਹਿਣ ਦੇ ਕਾਗਜ਼ ਮੰਗੇ ਜਾਣਗੇ। ਇਸ ਵੇਲੇ ਵੈਲਿਡ ਡਾਕੂਮੈਂਟਸ ਨਾ ਹੋਣ ’ਤੇ ਵੀ ਮਰੀਜ਼ ਦਾ ਇਲਾਜ ਕੀਤਾ ਜਾ ਰਿਹਾ ਹੈ।

ਇਸ ਪੱਖ ਨੂੰ ਵੀ ਅਣਗੌਲਿਆ ਨਹੀਂ ਕੀਤਾ ਜਾ ਸਕਦਾ ਕਿ ਵਿਦੇਸ਼ੀ ਧਰਤੀ ਉੱਤੇ ਵਸਣਾ ਪੰਜਾਬੀਆਂ ਦਾ ਸ਼ੌਕ ਨਹੀਂ, ਮਜਬੂਰੀ ਹੈ। ਨੌਜਵਾਨਾਂ ਨੂੰ ਆਪਣੇ ਮੁਲਕ ਵਿੱਚ ਭਵਿੱਖ ਰੌਸ਼ਨ ਦਿਸਦਾ ਹੋਵੇ ਤਦ ਉਹ ਵਿਦੇਸ਼ ਨੂੰ ਪੁਲਾਂਘ ਭਰਨ ਤੋਂ ਪਹਿਲਾਂ ਸੌ ਵਾਰ ਸੋਚਣਗੇ। ਜ਼ਿਆਦਾਤਰ ਨੂੰ ਤਾਂ ਵਿਦੇਸ਼ ਜਾਣ ਲਈ ਮਾਂ ਦੇ ਗਹਿਣੇ ਵੇਚਣੇ ਜਾਂ ਜ਼ਮੀਨ ਬੈਅ ਕਰਨੀ ਪੈ ਰਹੀ ਹੈ। ਕੈਨੇਡਾ ਨਾਲ ਭਾਰਤ ਦੇ ਰਿਸ਼ਤਿਆਂ ਵਿੱਚ ਕੁੜੱਤਣ ਆਉਣ ਤੋਂ ਬਾਅਦ ਕਈਆਂ ਦੇ ਸੁਪਨੇ ਚਕਨਾਚੂਰ ਹੋਏ ਹੋਣਗੇ। ਕਈਆਂ ਦੇ ਰਿਸ਼ਤਿਆਂ ਦੀਆਂ ਗੰਢਾਂ ਵੀ ਢਿੱਲੀਆਂ ਹੋਈਆਂ ਹੋਣਗੀਆਂ ਤੇ ਬਾਪੂ ਦੀ ਕਰਜ਼ੇ ਦੀ ਪੰਡ ਵੀ ਹੋਰ ਭਾਰੀ ਹੋਈ ਹੋਵੇਗੀ।

ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ
ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਉ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫ਼ੂਨ ਕਰੋ:
ਦਲਜੀਤ ਸਿੰਘ ਰਾਏ
604-807-1012

ਦਲਜੀਤ ਸਿੰਘ ਰਾਏ

FAST COMPUTER REPAIR
New Web Designing & Hosting Services

Onsite Service Available
Computer Repair & Upgrade
Spyware & Virus Removal
Same Day Service

Your Personal Tech, A Phone Call Away...
HARMEET SINGH
www.fastcomputerrepair.ca
E-mail : harmeet@fastcomputerrepair.ca
778-928-4444



# ਮਾਤਾ ਧਰਤਿ ਮਹਤ

ਲੇਖਕ : ਡਾ. ਆਸਮਾ ਕਾਦਰੀ

ਪਾਣੀ ਦੀ ਸੱਚ ਹੋਂਦ ਅਸਾਂ ਵੇਖੀ, ਹੁਣ ਮਿੱਟੀ ਨੂੰ ਵੇਖ ਲਈਏ। ਮਿੱਟੀ ਕਿਵੇਂ ਆਦਿ ਜੁਗਾਦਿ ਦੇ ਸੱਚ ਨਾਲ ਜੁੜਦੀ ਹੈ। ਫ਼ਰੀਦ ਨੇ ਮਿੱਟੀ ਦੀ ਵਡਿਆਈ ਕੀਤੀ ਏ। ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ॥ ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ॥ (ਪੰਨਾ 1378, ਬਾਬਾ ਫਰੀਦ ਜੀ) ਫ਼ਰੀਦ ਦਾ ਦੋਹੜਾ ਮਿੱਟੀ ਦੀ ਵਡਿਆਈ ਕਰੇਂਦਾ ਹੈ। ਮਿੱਟੀ ਉਪਰ ਆਕੜ-ਆਕੜ ਕੇ ਟੁਰਨ ਵਾਲੇ ਭੁੱਲ ਵੇਂਹਦੇ ਨੇਂ ਜੋ ਮੋਇਆਂ ਏਸ ਮਿੱਟੀ ਹੇਠ ਈ ਜਾਣਾ ਹੈ ਅਸਾਂ। ਏਹਾ ਮਿੱਟੀ ਈ ਹੈ ਜਿਸ ਸਾਡੀ ਸਾਂਭ ਕਰਨੀ ਹੈ। ਮਿੱਟੀ ਨਾਲ ਮਿੱਟੀ ਹੋਏ ਜਿਉਂਦੇ ਜੀ ਹਨ ਯਾਂ ਪੈਰਾਂ ਹੇਠ ਦੀ ਮਿੱਟੀ, ਦੋਵੇਂ ਈ ਬੇ ਜ਼ਬਾਨ ਹੋਏ। ਦੋਹਾਂ ਦੀ ਕਰਨੀ ਬੋਲਦੀ ਹੈ, ਇਹ ਆਪ ਨਹੀਂ ਬੋਲਦੇ। ਮਿੱਟੀ ਏਸ ਕਾਇਨਾਤ ਦੀ ਸਭ ਤੋਂ ਹੇਠਲੀ ਹੋਂਦ ਹੈ। ਪੈਰਾਂ ਹੇਠ ਆਉਂਦੀ ਇਹ ਮਿੱਟੀ ਕਿਸ ਕਿਸ ਰੰਗ ਵਿਚ ਸੇਵਾ ਕਰੇਂਦੀ ਹੈ। ਮਿੱਟੀ ਨਿਮਾਣਤਾ ਦਾ ਨਿਸ਼ਾਨ ਹੈ, ਆਜਜ਼ੀ ਦਾ, ਚੁੱਪ ਦਾ। ਮਿੱਟੀ ਹਰ ਪਲ ਆਪਣੇ ਆਹਰੇ ਲੱਗੀ ਹੈ, ਪਰ ਕਦੀਂ ਏਸ ਦੀ 'ਵਾਜ ਨਹੀਂ ਸੁਣੀ ਕਿਸੇ। ਬੱਸ ਮਿੱਟੀ ਦੀ ਕਰਨੀ ਬੋਲਦੀ ਹੈ। ਮਿੱਟੀ ਪਾਣੀ ਦਾ ਸੰਗ ਹੋਇਆ ਆਦਿ ਜੁਗਾਦਿ ਦਾ। ਮਿੱਟੀ ਦੀ ਕੁੱਖ ਸਾਂਭਦੀ ਹੈ ਹਰ ਬੀ ਨੂੰ। ਰਾਖੀ ਕਰੇਂਦੀ ਹੈ ਤੇ ਰੁੱਤ ਆਵਣ 'ਤੇ ਬੂਟਾ ਬਣਾ ਕੇ ਆਪਣਾ ਢਿੱਡ ਪਾੜ ਕੇ ਉਸ ਨੂੰ ਜੰਮਦੀ ਹੈ। ਮਿੱਟੀ ਦਾ ਉਗਾਇਆ ਕੁੱਲ ਜਿਉਂਦੀ ਹੋਂਦ ਦਾ ਜੀਵਕਾ ਹੋਇਆ। ਮਿੱਟੀ ਵਿਚੋਂ ਉੱਗਿਆ ਨਿੱਕਾ ਜਿਤਨਾ ਬੂਟਾ ਹੌਲੀ-ਹੌਲੀ ਵੱਡਾ ਹੋ ਕੇ ਉੱਚਾ ਲੰਮਾ ਰੁੱਖ ਬਣ ਕੇ ਅੰਬਰ ਨਾਲ ਗੱਲਾਂ ਕਰੇਂਦਾ ਹੈ। ਮਿੱਟੀ ਅੰਦਰ ਕੋਈ ਈਰਖਾ ਜਾਂ ਹਸਦ ਨਹੀਂ ਪੈਦਾ ਹੁੰਦਾ ਜੋ ਮੇਰਾ ਜੰਮਿਆ ਅੱਜ ਕਿੱਥੇ ਉਚਿਆਈਆਂ ਵਿਚ ਹੈ। ਮਿੱਟੀ ਰੁੱਖ ਦੀਆਂ ਜੜ੍ਹਾਂ ਦੀ ਸਾਂਭ ਕਰੇਂਦੀ ਉਸ ਦੀ ਸਿਖਰ ਨੂੰ ਵੀ ਵੱਤਰਦੀ ਹੈ। ਮਿੱਟੀ ਜਿਉਂਦਿਆਂ ਨੂੰ ਪਾਲਦੀ ਤੇ ਮੋਇਆਂ ਨੂੰ ਸਾਂਭਦੀ ਹੈ। ਮਿੱਟੀ ਮੋਏ ਵਜੂਦ ਦੀ ਸਾਂਭ ਨਾ ਕਰੇ ਤਾਂ ਧਰਤ ਉਪਰ ਜੀਵਨ ਮੁੱਕ ਜਾਵੇ। ਮਿੱਟੀ ਦਾ ਆਪਣਾ ਫਿੱਕਾ ਜਿਹਾ ਭੂਰਾ ਰੰਗ ਹੈ, ਪਰ ਮਿੱਟੀ ਦੀ ਉਪਜ ਵੰਨੋ-ਵੰਨ ਰੰਗਾਂ ਵਿਚ ਖਿੜਦੀ ਹੱਸਦੀ ਹੈ। ਮਿੱਟੀ ਵਿਚੋਂ ਹੀ ਉੱਗਿਆ ਹੈ ਸਰ੍ਹੋਂ ਦਾ ਹਰਾ ਬੂਟਾ, ਪੀਲੇ ਫੁੱਲਾਂ ਵਿਚ ਹੱਸਦਾ ਵੱਸਦਾ ਵੇਖੋ ਮਿੱਟੀ ਦਾ ਸੁਨੇਹਾ ਪਿਆ ਦਿੰਦਾ ਹੈ: ਸਰ੍ਹੋਂ ਦੀ ਪੀਲਕ ਦੇ ਵਿਚ ਸਾਵਾ ਜਿਸ ਪੜ੍ਹਿਆ ਤਿਸ ਨੈਣ ਕੀਤੇ ਸਿਰ ਸਾਵੇ ਹੈ ਦੂਈ ਆਪ ਮਿਲਾਵਾ ਤਨ ਮਨ ਵਿਛੜਿਆਂ ਦਾ। (4) ਮਿੱਟੀ ਦੀ ਕਰਨੀ ਸੁਨੇਹਾ ਦਿੰਦੀ ਹੈ ਇਕਾਈ ਦਾ। ਜੋ ਵੇਖੋ ਇੱਕ ਨਿੱਕੇ ਜਿਤਨੇ ਬੀ ਵਿਚੋਂ ਕਿਤਨੇ ਰੰਗ ਨਿਕਲੇ ਨੇਂ ਤੇ ਮੁੜ ਆਪਣੇ ਬੀ ਵਿਚ ਸਮਾ ਗਏ ਨੇਂ। ਇੱਕ ਬੀ ਨੇ ਆਪਣੀ ਹੋਂਦ ਗਵਾਈ ਏ ਤੇ ਬੂਟਾ ਬਣਿਆ ਹੈ। ਇੱਕ ਹੋਂਦ ਮੁਕਾਵਨ ਪਾਰੋਂ ਹੀ ਅਨੇਕਾਂ ਬੀ ਜੰਮੇ ਨੇਂ। ਮਿੱਟੀ ਹੀ ਤੱਤ ਹੈ ਮਨੁੱਖ ਦਾ। ਮਿੱਟੀ ਉਪਜਾਉਂਦੀ ਹੈ ਆਪਣੀ ਸੱਤ ਸੱਤਿਆ ਵਰਤ ਕੇ। ਜੇ ਮਿੱਟੀ ਉਪਜ ਨਾ ਕਰੇ, ਤਾਂ ਉਹ ਮਿੱਟੀ ਸੱਚ ਨਾ ਰਹਿਸੀ। ਵੇਖੋ, "ਆਦਿ" ਦੇ ਅਰਥਾਂ ਨਾਲ ਜੋੜ ਮਿੱਟੀ ਦੀ ਕਰਨੀ ਦਾ। ਮਿੱਟੀ ਹੀ ਪਉਂਦ ਹੈ, ਮੁੱਢ ਹੈ। ਮਿੱਟੀ ਆਦਿ ਵੀ ਹੈ ਖ਼ੁਰਾਕ, ਰਿਜ਼ਕ। ਮਿੱਟੀ ਬੀ ਲੈਂਦੀ ਹੈ ਤੇ ਬੂਟਾ ਬਣਾ ਪਰਤਾਉਂਦੀ ਹੈ। ਸਾਵਾਂ ਲੈਣ ਦੇਣ ਈ ਜੀਵਨ ਟੋਰਾ ਹੈ ਕੁਦਰਤ ਦਾ। ਇਨਸਾਨੀ ਹੋਂਦ ਵੀ ਮਿੱਟੀ ਨਾਲ ਬਣੀ ਹੈ, ਤਾਹੀਓਂ ਤਾਂ ਮਰ ਮੁੱਕ ਕੇ ਮਿੱਟੀ ਨਾਲ ਮਿੱਟੀ ਹੋ ਵੇਂਹਦੀ ਹੈ। ਹਰ ਸ਼ੈਅ ਆਪਣੇ ਅਸਲੇ ਨਾਲ ਈ ਇੱਕ-ਮਿੱਕ ਹੁੰਦੀ ਏ। ਬੱਸ ਵਿੱਥ ਇਤਨੀ ਹੈ ਜੋ ਪੈਰਾਂ ਹੇਠ ਦੀ ਮਿੱਟੀ ਜਵਾਲਦੀ, ਪਾਲਦੀ, ਸਾਂਭਦੀ ਹੈ ਜੋ ਮਿੱਟੀ ਤਨ ਉਪਰ ਲੱਗੀ ਹੈ ਉਹ ਬੱਝ ਕੇ ਮੈਂ ਬਣ ਜਾਂਦੀ ਹੈ। ਮੈਂ ਦਾ ਕੰਮ ਮਾਰਨਾ ਮੁਕਾਉਣਾ ਹੋਇਆ, ਉਹ ਉਪਜ ਕਰ ਈ ਨਹੀਂ ਸਕਦੀ। ਮਿੱਟੀ ਦਾ ਕੰਮ ਤਾਂ ਮਿਲਣ ਹੋਇਆ। ਬੰਦੇ ਦੇ ਤਨ ਵਿਚ ਕੈਦ ਹੋਈ ਮਿੱਟੀ ਮਿਲਣ ਭੁੱਲੀ ਤਾਂ ਵਿਸ ਬਣੀ। ਏਹਾ ਗੱਲ ਚੇਤੇ ਕਰਵਾਈ ਆਹੀ ਫ਼ਰੀਦ ਨੇ, ਜੋ ਬਾਬੇ ਨਾਨਕ ਨੇ ਲਿਖ ਸਾਂਭੀ: ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ॥ ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ॥ (ਪੰਨਾ 1378 ਸਲੋਕ, ਸੇਖ ਫਰੀਦ ਜੀ) ਮਿਲਣ ਸਕਤ, ਉਪਜ ਸਕਤ ਜਦੋਂ ਬੱਝ ਜਾਵੇ। ਆਪਣੀ ਸੱਤ ਸੱਤਿਆ ਸਾਂਝੀ ਨਾ ਕਰ ਸਕੇ ਕੁੱਲ ਕੁਦਰਤ ਨਾਲ ਤਾਂ ਉਹ ਵੱਸ ਬਣ ਵੇਂਹਦੀ ਏ। ਮਿੱਟੀ ਮਿਲਦੀ ਹੈ ਹਰ ਪਲ ਵਾਅ ਨਾਲ, ਪਾਣੀ ਨਾਲ, ਸਿੰਜ ਨਾਲ ਤਾਹੀਓਂ ਉਪਜਾਉਂਦੀ ਹੈ। ਮਿੱਟੀ ਦਾ ਵਰਤਾਰਾ ਕੁੱਲ ਹੋਂਦ ਨਾਲ ਸਾਵਾਂ ਹੈ। ਮਿੱਟੀ ਨੂੰ ਕੋਈ ਨਿੰਦੇ ਰੱਦੇ, ਉਹ ਪਰਤਾਵਾ ਪਿਆਰ ਦਾ ਹੀ ਦਿੰਦੀ ਹੈ। ਮਿੱਟੀ ਨੂੰ ਕੋਈ ਵਡਿਆਏ ਤਾਂ ਵੀ ਉਹ ਮਾਣ ਨਹੀਂ ਕਰੇਂਦੀ, ਸਗੋਂ ਹੋਰ ਨਿਉਂਦੀ ਹੈ। ਮਿੱਟੀ ਜੁੜਨਾ ਸਿਖਾਉਂਦੀ ਹੈ। ਹੁਣ ਵੇਖੋ ਆਦਿ ਦੀ ਜ਼ੇਰ ਜ਼ਬਰ ਤੋਂ ਵੱਖ ਕੁਦਰਤ ਦੀ ਕਰਨੀ। ਪੈਰਾਂ ਥੱਲੇ ਜ਼ੇਰ ਹੋਈ ਮਿੱਟੀ ਹੀ ਮੋਏ ਵਜੂਦ ਦੀ ਜ਼ਬਰ ਬਣ ਵੇਂਹਦੀ ਏ। ਉਲਮਾਈ ਦੀ ਜ਼ੇਰ ਜ਼ਬਰ ਵਿਚ ਫਾਤਾ ਜੀਅ ਕੁਦਰਤ ਦੀ ਦਾਨ ਹੋਈ ਸ਼ੱਕਰ ਨੂੰ ਅੰਦਰੋਂ ਅੰਦਰ ਜੋੜ ਕੇ ਵਿੱਸ ਬਣਾ ਕੇ ਪਿਆ ਵੰਡਦਾ ਹੈ ਤੇ ਵਿਰਾਨ ਥੇਂਦਾ ਹੈ। ਪਾਣੀ ਮਿੱਟੀ ਦਾ ਆਦਿ ਜੁਗਾਦਿ ਦਾ ਸੱਚ ਵੇਖਿਆ, ਅਸਾਂ ਹੁਣ ਅੱਗ ਦਾ ਵੇਖ ਲਈਏ। ਅੱਗ ਮੁੱਢਲਾ ਤੱਤ ਏ ਜੀਵਨ ਦਾ। ਅੱਗ ਸੇਕ ਏ, ਨਿੱਘ ਵੀ, ਤੇ ਚਾਨਣ ਵੀ। ਅੱਗ ਦੀਆਂ ਵੰਨੋ ਵੰਨ ਸ਼ਕਲਾਂ ਹਨ। ਕਿਤੇ ਦੂਰ ਅੰਬਰ ਉਪਰ ਲਿਸ਼ਕਦਾ ਸਿੱਝ ਏ ਤੇ ਕਿਤੇ ਧਰਤੀ ਦੇ ਹੇਠੋਂ ਹੇਠ ਪੱਕਦਾ ਲਾਵਾ।

# ਭੁੱਖਮਰੀ ਅਤੇ ਭਾਰਤ

ਲੇਖਕ : ਡਾ. ਕੇਸਰ ਸਿੰਘ ਭੰਗੂ



ਭਾਰਤ ਦੁਨੀਆਂ ਵਿੱਚ ਖੇਤੀ ਲਈ ਵਾਹੀਯੋਗ ਜ਼ਮੀਨ ਦੇ ਰਕਬੇ ਦੇ ਹਿਸਾਬ ਨਾਲ ਪਹਿਲੇ ਨੰਬਰ 'ਤੇ ਆਉਂਦਾ ਹੈ ਇਸ ਤੋਂ ਬਾਅਦ ਅਮਰੀਕਾ, ਰੂਸ, ਬ੍ਰਾਜ਼ੀਲ ਅਤੇ ਚੀਨ ਆਉਂਦੇ ਹਨ। ਇਸ ਵਾਹੀਯੋਗ ਜ਼ਮੀਨ ਉੱਤੇ ਕਣਕ, ਝੋਨਾ, ਮੱਕੀ, ਜਵਾਰ, ਬਾਜਰਾ, ਕਈ ਕਿਸਮ ਦੀਆਂ ਦਾਲਾਂ, ਆਦਿ ਬਹੁਤ ਸਾਰੀਆਂ ਖਾਦ ਪਦਾਰਥਾਂ ਵਾਲੀਆਂ ਹੋਰ ਫਸਲਾਂ ਅਤੇ ਪਸ਼ੂਆਂ ਲਈ ਚਾਰੇ ਦੀਆਂ ਫਸਲਾਂ ਬੀਜੀਆਂ ਜਾਂਦੀਆਂ ਹਨ। ਇਸੇ ਹੀ ਤਰ੍ਹਾਂ ਭਾਰਤ ਫਲਾਂ, ਸਬਜ਼ੀਆਂ, ਸੁੱਕੇ ਮੇਵਿਆਂ ਆਦਿ ਦੀ ਖੇਤੀ ਦੇ ਮਾਮਲੇ ਵਿੱਚ ਦੁਨੀਆਂ ਦੇ ਉਪਰਲੇ ਉਤਪਾਦਕਾਂ ਵਿੱਚ ਸ਼ੁਮਾਰ ਹੈ। ਇਸ ਤੱਥ ਤੋਂ ਇਹ ਅਨੁਮਾਨ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਭਾਰਤ ਵਿਚ ਹਰੇਕ ਸ਼ਹਿਰੀ ਲਈ ਭੋਜਨ ਦੀ ਕੋਈ ਘਾਟ ਨਹੀਂ ਹੋਵੇਗੀ ਅਤੇ ਸਭ ਨੂੰ ਰੋਜ਼ਾਨਾ ਪੇਟ ਭਰ ਖਾਣਾ ਮਿਲਦਾ ਹੋਵੇਗਾ ਅਤੇ ਕੋਈ ਵੀ ਵਿਅਕਤੀ ਭੁੱਖਾ ਨਹੀਂ ਸੌਂਦਾ ਹੋਵੇਗਾ ਅਤੇ ਸਾਰੇ ਬੱਚੇ ਤੰਦਰੁਸਤ ਪੈਦਾ ਹੁੰਦੇ ਹੋਣਗੇ ਅਤੇ ਨਾ ਹੀ ਬੱਚਿਆਂ ਵਿੱਚ ਕੁਪੋਸ਼ਣ ਦੀ ਸਮੱਸਿਆ ਹੋਵੇਗੀ ਅਤੇ ਮਾਵਾਂ ਨੂੰ ਵੀ ਪੂਰੀ ਸੰਤੁਲਿਤ ਅਤੇ ਉੱਤਮ ਦਰਜੇ ਦੀ ਖ਼ੁਰਾਕ ਉਪਲਬਧ ਹੋਵੇਗੀ। ਪਰ ਅਸਲੀਅਤ ਵਿੱਚ ਅਜਿਹਾ ਨਹੀਂ ਹੈ ਕਿਉਂਕਿ ਜੇਕਰ ਵਿਸ਼ਵ ਭੁੱਖਮਰੀ ਰਿਪੋਰਟ, 2024 ਦੇ ਅੰਕੜਿਆਂ ਦਾ ਅਧਿਐਨ ਕਰੀਏ ਤਾਂ ਪਤਾ ਲੱਗਦਾ ਹੈ ਕਿ Global Hunger Index (GHI) 2024 ਵਿਸ਼ਵ ਭੁੱਖਮਰੀ ਸੂਚਕ ਦੇ ਮਾਮਲੇ ਵਿੱਚ ਭਾਰਤ ਦੁਨੀਆਂ ਦੇ 145 ਦੇਸ਼ਾਂ ਦੇ ਸਰਵੇ ਵਿੱਚ 105ਵੇਂ ਨੰਬਰ 'ਤੇ ਹੈ ਅਤੇ ਭੁੱਖਮਰੀ ਦੀ (Serious) ਭਿਆਨਕ ਪੱਧਰ ਦੀ ਸ਼੍ਰੇਣੀ ਵਿੱਚ 42 ਹੋਰ ਮੁਲਕਾਂ ਸਮੇਤ ਸ਼ਾਮਲ ਹੈ, ਜਿਹਨਾਂ ਵਿੱਚੋਂ 6 ਮੁਲਕ ਬੁਰੂੰਡੀ, ਚਾਡ, ਮੈਡਗਾਸਕਰ, ਸੋਮਾਲੀਆ, ਦੱਖਣੀ ਸੂਡਾਨ ਅਤੇ ਯਮਨ (Alarimng) ਘੋਰ ਭਿਆਨਕ ਪੱਧਰ ਭੁੱਖਮਰੀ ਦੀ ਸ਼੍ਰੇਣੀ ਵਿੱਚ ਸ਼ੁਮਾਰ ਹਨ ਅਤੇ ਭਾਰਤ ਸਮੇਤ 36 ਦੇਸ਼ ਭਿਆਨਕ ਪੱਧਰ ਦੀ ਭੁੱਖਮਰੀ ਦੀ ਸ਼੍ਰੇਣੀ ਵਿੱਚ ਸ਼ੁਮਾਰ ਹਨ।

ਵਿਸ਼ਵ ਭੁੱਖਮਰੀ ਸੂਚਕ ਦਾ ਸਕੋਰ 100 ਤੋਂ 0 (ਸਿਫ਼ਰ) ਦੇ ਵਿਚਕਾਰ ਹੁੰਦਾ ਹੈ ਭਾਵ ਜੇ ਵਿਸ਼ਵ ਭੁੱਖਮਰੀ ਸੂਚਕ ਦਾ ਸਕੋਰ ਜ਼ਿਆਦਾ ਹੈ ਤਾਂ ਭੁੱਖਮਰੀ ਦਾ ਪੱਧਰ ਬਹੁਤ ਵੱਧ ਹੁੰਦਾ ਹੈ ਅਤੇ ਜੇਕਰ ਇਹ ਸਿਫ਼ਰ ਦੇ ਨੇੜੇ ਹੁੰਦਾ ਹੈ ਤਾਂ ਭੁੱਖਮਰੀ ਦਾ ਪੱਧਰ ਘੱਟ ਹੁੰਦਾ ਹੈ। ਵਿਸ਼ਵ ਭੁੱਖਮਰੀ ਰਿਪੋਰਟ 2024 ਮੁਤਾਬਕ ਜੇ ਭੁੱਖਮਰੀ ਸਕੋਰ 9.9 ਜਾਂ ਇਸ ਤੋਂ ਘੱਟ ਹੈ ਤਾਂ ਇਸ ਨੂੰ (Low Hunger) ਨੀਵੇਂ ਪੱਧਰ ਦੀ ਭੁੱਖਮਰੀ ਕਿਹਾ ਜਾਂਦਾ ਹੈ। ਜੇਕਰ ਸਕੋਰ 10.0 - 19.9 ਦੇ ਵਿਚਕਾਰ ਹੋਵੇ ਤਾਂ ਉਸ ਨੂੰ (Moderate Hunger) ਦਰਮਿਆਨੇ ਪੱਧਰ ਦੀ ਭੁੱਖਮਰੀ ਕਿਹਾ ਜਾਂਦਾ ਹੈ। ਜੇਕਰ ਇਹ ਸਕੋਰ 20.0 - 34.9 ਦੇ ਵਿਚਕਾਰ ਹੋਵੇ ਤਾਂ (Seirous Hunger) ਭਿਆਨਕ ਪੱਧਰ ਦੀ ਭੁੱਖਮਰੀ, 35.0 - 49.9 ਦੇ ਵਿਚਕਾਰ ਹੋਵੇ ਤਾਂ (Alarming Hunger) ਬਹੁਤ ਭਿਆਨਕ ਪੱਧਰ ਦੀ ਭੁੱਖਮਰੀ ਅਤੇ ਜੇ ਇਹ ਸਕੋਰ 50 ਜਾਂ ਵੱਧ ਹੋਵੇ ਤਾਂ ਉਸ ਨੂੰ (Extremely Alarimng Hunger) ਘੋਰ ਭਿਆਨਕ ਪੱਧਰ ਦੀ ਭੁੱਖਮਰੀ ਕਿਹਾ ਜਾਂਦਾ ਹੈ। ਵਿਸ਼ਵ ਭੁੱਖਮਰੀ ਸੂਚਕ ਅੰਕ ਦੇ ਸਕੋਰ ਨੂੰ ਤਿਆਰ ਕਰਨ ਵੇਲੇ ਇਸ ਵਿੱਚ ਕਈ ਮੱਦਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ। ਪਹਿਲਾ, ਜਿਵੇਂ ਕਿ ਬੱਚਿਆਂ ਅਤੇ ਵੱਡਿਆਂ ਨੂੰ ਪੂਰੀ ਖ਼ੁਰਾਕ ਦਾ ਨਾ ਮਿਲਣਾ ਭਾਵ ਜਿੰਨੀਆਂ ਕੈਲੋਰੀਜ਼ ਤੰਦਰੁਸਤ ਰਹਿਣ ਲਈ ਜ਼ਰੂਰੀ ਹਨ, ਉਸ ਤੋਂ ਘੱਟ ਮਾਤਰਾ ਵਿੱਚ ਖ਼ੁਰਾਕ ਦਾ ਮਿਲਣਾ। ਦੂਜਾ, ਬੱਚਿਆਂ ਵਿੱਚ ਕੁਪੋਸ਼ਣ ਕਾਰਨ ਬੱਚਿਆਂ ਦਾ ਭਾਰ ਉਮਰ ਮੁਤਾਬਕ ਘੱਟ ਹੋਣਾ (Child stunting)। ਤੀਜਾ, ਬੱਚਿਆਂ ਵਿੱਚ ਕੁਪੋਸ਼ਣ ਕਾਰਨ ਉਹਨਾਂ ਦੀ ਲੰਬਾਈ ਅਨੁਸਾਰ ਭਾਰ ਘੱਟ ਹੋਣਾ (Child wasting)। ਅਤੇ ਚੌਥਾ, ਪੰਜ ਸਾਲ ਦੇ ਬੱਚਿਆਂ ਵਿੱਚ ਮੌਤ ਦੀ ਦਰ ਨੂੰ ਸ਼ਾਮਲ ਕੀਤਾ ਜਾਂਦਾ ਹੈ। ਸੰਯੁਕਤ ਰਾਸ਼ਟਰ ਸੰਘ ਦੇ ਟਿਕਾਊ ਵਿਕਾਸ ਦੇ ਟੀਚਿਆਂ ਵਿੱਚ ਇਹ ਸ਼ਾਮਲ ਹੈ ਕਿ ਦੁਨੀਆਂ ਵਿੱਚ 2030 ਤੱਕ ਭੁੱਖਮਰੀ ਖ਼ਤਮ ਕਰ ਦਿੱਤੀ ਜਾਵੇਗੀ। ਭਾਵ ਦੁਨੀਆਂ ਵਿੱਚ ਵਿਸ਼ਵ ਭੁੱਖਮਰੀ ਸੂਚਕ ਅੰਕ ਦਾ ਸਕੋਰ ਸਿਫ਼ਰ ਹੋ ਜਾਵੇਗਾ।

ਜਦੋਂ ਵਿਸ਼ਵ ਭੁੱਖਮਰੀ ਸੂਚਕ ਅੰਕ 2024 ਦੇ ਸਕੋਰਾਂ ਦਾ ਅਧਿਐਨ ਕਰੀਏ ਤਾਂ ਪਤਾ ਲੱਗਦਾ ਹੈ ਕਿ 6 ਦੇਸ਼ ਜਿਹੜੇ ਘੋਰ ਭਿਆਨਕ ਭੁੱਖਮਰੀ ਸ਼੍ਰੇਣੀ ਵਿੱਚ ਸ਼ੁਮਾਰ ਹਨ ਉਨ੍ਹਾਂ ਦਾ ਸਕੋਰ 35 ਤੋਂ ਲੈ ਕੇ 50 ਤੱਕ ਸੀ। ਜਿਹੜੇ 36 ਦੇਸ਼ ਭਿਆਨਕ ਭੁੱਖਮਰੀ ਦੀ ਸ਼੍ਰੇਣੀ ਵਿੱਚ ਆਉਂਦੇ ਹਨ, ਇਨ੍ਹਾਂ ਵਿਚ ਭਾਰਤ ਵੀ ਸ਼ਾਮਲ ਹੈ, ਦਾ ਵਿਸ਼ਵ ਭੁੱਖਮਰੀ ਸੂਚਕ ਦਾ ਸਕੋਰ 20.6 ਤੋਂ 34.9 ਦੇ ਵਿਚਕਾਰ ਸੀ। ਭਾਰਤ ਦੇ ਵਿਸ਼ਵ ਭੁੱਖਮਰੀ ਸੂਚਕ ਅੰਕ ਦਾ ਸਕੋਰ 2000 ਵਿੱਚ 38.4, 2008 ਵਿੱਚ 35.2, 2016 ਵਿੱਚ 29.3 ਵਿੱਚ ਅਤੇ 2024 ਵਿੱਚ 27.3 ਸੀ। ਭਾਵੇਂ 2000-2024 ਦੌਰਾਨ ਭਾਰਤ ਨੇ ਭੁੱਖਮਰੀ ਨੂੰ ਘਟਾਉਣ ਦੀ ਕੋਸ਼ਿਸ਼ ਕੀਤੀ ਹੈ ਪਰ ਦੇਸ਼ ਉੰਨੀ ਸਫਲਤਾ ਹਾਸਲ ਨਹੀਂ ਕਰ ਸਕਿਆ, ਜਿੰਨੀ ਹਾਸਲ ਕੀਤੀ ਜਾਣੀ ਚਾਹੀਦੀ ਸੀ ਅਤੇ ਪਰ ਇਸੇ ਸਮੇਂ ਦੌਰਾਨ ਗੁਆਂਢੀ ਦੇਸ਼ਾਂ ਬੰਗਲਾਦੇਸ਼ ਅਤੇ ਨੇਪਾਲ ਨੇ ਭੁੱਖਮਰੀ ਨੂੰ ਘਟਾਉਣ ਵਿੱਚ ਕਾਫ਼ੀ ਸਫਲਤਾ ਹਾਸਲ ਕੀਤੀ ਹੈ। ਭਾਵੇਂ ਸਿਫ਼ਰ ਭੁੱਖਮਰੀ ਸੂਚਕ ਅੰਕ ਹਾਸਲ ਕਰਨ ਦਾ ਸਮਾਂ, ਸਾਲ 2030, ਬਹੁਤ ਨਜ਼ਦੀਕ ਆ ਗਿਆ ਹੈ। ਪਰ ਜੇ ਇਸ ਮਾਮਲੇ ਵਿੱਚ ਇਸੇ ਹੀ ਤਰ੍ਹਾਂ ਪ੍ਰਗਤੀ ਹੋਈ ਤਾਂ ਨੀਵੇਂ ਪੱਧਰ ਦੀ ਭੁੱਖਮਰੀ 'ਤੇ ਪਹੁੰਚਣ ਲਈ ਵੀ ਹੁਣ ਤੋਂ 130 ਸਾਲ ਦਾ ਸਮਾਂ ਲੱਗ ਸਕਦਾ ਹੈ, ਭਾਵ ਨੀਵੇਂ ਪੱਧਰ ਦੀ ਭੁੱਖਮਰੀ ਦਾ ਟੀਚਾ ਵੀ 2160 ਪ੍ਰਾਪਤ ਹੋਵੇਗਾ, ਸਿਫ਼ਰ ਭੁੱਖਮਰੀ ਦਾ ਟੀਚਾ ਹਾਸਲ ਕਰਨਾ ਤਾਂ ਬਹੁਤ ਦੂਰ ਦੀ ਗੱਲ ਹੋਵੇਗੀ ਕਿਉਂਕਿ ਦੁਨੀਆਂ ਵਿੱਚ ਅਫ਼ਰੀਕਾ ਦੇ ਸਹਾਰਾ ਦੇ ਦੱਖਣੀ ਹਿੱਸਿਆਂ ਅਤੇ ਦੱਖਣੀ ਏਸ਼ੀਆ, ਜਿਸ ਵਿਚ ਭਾਰਤ ਵੀ ਸ਼ਾਮਲ ਹੈ, ਭੁੱਖਮਰੀ ਦੀ ਹਾਲਤ ਕਾਫ਼ੀ ਪਤਲੀ ਅਤੇ ਭਿਆਨਕ ਪੱਧਰ 'ਤੇ ਹੈ। ਇਹਨਾਂ ਖਿੱਤਿਆਂ ਵਿਚ ਭੁੱਖਮਰੀ ਨੂੰ ਪ੍ਰਭਾਵਿਤ ਕਰਨ ਵਾਲੇ ਸੂਚਕਾਂ ਜਿਵੇਂ ਕਿ ਪੂਰੀ ਖ਼ੁਰਾਕ ਦਾ ਨਾ ਮਿਲਣਾ, ਬੱਚਿਆਂ ਵਿੱਚ ਕੁਪੋਸ਼ਣ, ਪੰਜ ਸਾਲ ਦੇ ਬੱਚਿਆਂ ਵਿੱਚ ਮੌਤ ਦੀ ਦਰ, ਆਦਿ ਹੁਣ ਵੀ ਬਹੁਤ ਉੱਚੇ ਪੱਧਰ ਦੇ ਪਾਏ ਜਾ ਰਹੇ ਹਨ।

ਵਿਸ਼ਵ ਭੁੱਖਮਰੀ ਰਿਪੋਰਟ ਦੁਨੀਆਂ ਵਿੱਚ ਭੁੱਖਮਰੀ ਨੂੰ ਘਟਾਉਣ ਅਤੇ ਖ਼ਤਮ ਕਰਨ ਲਈ ਕੁਝ ਮੁੱਖ ਮੁਸ਼ਕਲਾਂ ਅਤੇ ਅੜਿੱਕਿਆਂ ਦਾ ਜ਼ਿਕਰ ਵੀ ਕਰਦੀ ਹੈ, ਜਿਨ੍ਹਾਂ ਵਿੱਚ ਖ਼ਾਸ ਤੌਰ 'ਤੇ ਲੋਕਾਂ ਵਿਚਕਾਰ ਧਰਮ , ਜਾਤਪਾਤ, ਰੰਗ-ਨਸਲ, ਖਿੱਤਿਆਂ ਆਦਿ ਦੇ ਮਸਲਿਆਂ ਨੂੰ ਲੈ ਕੇ ਹਥਿਆਰਬੰਦ ਆਪਸੀ ਲੜਾਈਆਂ, ਦੰਗੇ ਅਤੇ ਖਿੱਚੋਤਾਣ, ਵਾਤਾਵਰਣ ਪ੍ਰਦੂਸ਼ਣ ਅਤੇ ਵਾਤਾਵਰਣ ਵਿੱਚ ਮਨੁੱਖਤਾ ਵਿਰੋਧੀ ਤਬਦੀਲੀਆਂ, ਖਾਦ ਪਦਾਰਥਾਂ ਦੀਆਂ ਘਰੇਲੂ ਬਜ਼ਾਰਾਂ ਵਿੱਚ ਉੱਚੀਆਂ ਕੀਮਤਾਂ, ਮੰਡੀ ਵਿੱਚ ਮੰਡੀ ਸ਼ਕਤੀਆਂ ਵੱਲੋਂ ਗੜਬੜਾਂ ਕਰਨੀਆਂ, ਲੋਕਾਂ ਦੀਆਂ ਵਿੱਤੀ ਤੇ ਆਰਥਿਕ ਹਾਲਤ ਵਿੱਚ ਵੱਡੀਆਂ ਕਮਜ਼ੋਰੀਆਂ ਅਤੇ ਬਹੁਤੇ ਗ਼ਰੀਬ ਅਤੇ ਦਰਮਿਆਨੀ ਆਮਦਨ ਵਾਲੇ ਦੇਸ਼ਾਂ ਦਾ ਕਰਜ਼ੇ ਦੇ ਜੰਜਾਲ ਵਿੱਚ ਫਸੇ ਹੋਏ ਹੋਣਾ ਆਦਿ। ਰਿਪੋਰਟ ਵਿੱਚ ਇਹ ਵੀ ਸਪਸ਼ਟ ਕੀਤਾ ਗਿਆ ਹੈ 2000-2016 ਦੇ ਸਮੇਂ ਦੌਰਾਨ ਦੁਨੀਆਂ ਦੇ ਭੁੱਖਮਰੀ ਦਾ ਸ਼ਿਕਾਰ ਸਾਰੇ ਦੇਸ਼ਾਂ ਨੇ ਭੁੱਖਮਰੀ ਨੂੰ ਘਟਾਉਣ ਲਈ ਕਾਫ਼ੀ ਕੋਸ਼ਿਸ਼ਾਂ ਕੀਤੀਆਂ ਅਤੇ ਵੱਡੀਆਂ ਸਫਲਤਾਵਾਂ ਪ੍ਰਾਪਤ ਕੀਤੀਆਂ ਸਨ ਕਿਉਂਕਿ ਕਈ ਘੋਰ ਭਿਆਨਕ ਪੱਧਰ ਦੀ ਭੁੱਖਮਰੀ ਦੇ ਸ਼ਿਕਾਰ ਦੇਸ਼ਾਂ, ਜਿਨ੍ਹਾਂ ਦਾ ਭੁੱਖਮਰੀ ਸੂਚਕ ਦਾ ਸਕੋਰ 50 ਤੋਂ ਵੱਧ ਸੀ, ਉਨ੍ਹਾਂ ਨੇ ਇਸ ਸਮੇਂ ਦੌਰਾਨ ਇਹ ਸਕੋਰ 30 ਤੋਂ ਘਟਾ ਲਿਆ ਹੈ। ਪਰ 2016 ਤੋਂ ਬਾਅਦ ਇਕ ਵਾਰ ਫੇਰ ਇਸ ਮਾਮਲੇ ਵਿੱਚ ਦੁਨੀਆਂ ਭਰ ਦੇ ਭੁੱਖਮਰੀ ਦਾ ਸ਼ਿਕਾਰ ਦੇਸ਼, ਸਮੇਤ ਭਾਰਤ ਵਿੱਚ ਬਹੁਤੀ ਪ੍ਰਗਤੀ ਨਹੀਂ ਕੀਤੀ ਗਈ। ਕਿਉਂਕਿ ਪੂਰੀ ਦੁਨੀਆਂ ਦੇ ਭੁੱਖਮਰੀ ਸੂਚਕ ਅੰਕ ਦਾ ਸਕੋਰ ਜਿਹੜਾ 2016 ਵਿੱਚ 18.8 ਸੀ, 2024 ਵਿੱਚ ਮਾਮੂਲੀ ਘੱਟ ਕੇ ਕੇਵਲ 18.3 'ਤੇ ਹੀ ਪਹੁੰਚ ਸਕਿਆ। ਇਸੇ ਸਮੇਂ ਦੌਰਾਨ ਭਾਰਤ ਦੇ ਸਕੋਰ ਵਿਚ ਵੀ ਕੋਈ ਬਹੁਤਾ ਸੁਧਾਰ ਨਹੀਂ ਹੋਇਆ, ਇਹ 29.3 ਤੋਂ ਘਟ ਕੇ ਕੇਵਲ 27.3 'ਤੇ ਪਹੁੰਚਿਆ ਹੈ। ਸਾਲ 2000 ਤੋਂ ਬਾਅਦ ਭਾਵੇਂ ਭਾਰਤ ਦਾ ਭੁੱਖਮਰੀ ਸੂਚਕ ਅੰਕ ਦਾ ਸਕੋਰ ਲਗਾਤਾਰ ਘਟਿਆ ਹੈ ਪਰ ਚਿੰਤਾ ਦਾ ਵਿਸ਼ਾ ਹੈ, ਅੱਜ ਵੀ 33 ਪ੍ਰਤੀਸ਼ਤ ਬੱਚਿਆਂ ਵਿੱਚ ਕੁਪੋਸ਼ਣ ਕਾਰਨ ਬੱਚਿਆਂ ਦਾ ਭਾਰ ਉਮਰ ਮੁਤਾਬਕ ਘੱਟ ਹੋਣਾ, 20 ਪ੍ਰਤੀਸ਼ਤ ਬੱਚਿਆਂ ਵਿੱਚ ਕੁਪੋਸ਼ਣ ਕਾਰਨ ਉਹਨਾਂ ਦੀ ਲੰਬਾਈ ਅਨੁਸਾਰ ਭਾਰ ਘੱਟ ਹੋਣਾ ਅਤੇ ਲਗਭਗ 77 ਪ੍ਰਤੀਸ਼ਤ, ਕਈਆਂ ਸੂਬਿਆਂ ਵਿੱਚ 80 ਪ੍ਰਤੀਸ਼ਤ ਤੋਂ ਵੀ ਜ਼ਿਆਦਾ ਬੱਚੇ ਵਿਸ਼ਵ ਸਿਹਤ ਸੰਗਠਨ ਵੱਲੋਂ ਸੁਝਾਈ ਪੌਸ਼ਟਿਕ ਖ਼ੁਰਾਕ ਤੋਂ ਵਾਂਝੇ ਹਨ। ਇੱਥੇ ਹੀ ਬਸ ਨਹੀਂ ਸਗੋਂ ਬੱਚਿਆਂ ਵਿੱਚ ਕੁਪੋਸ਼ਣ ਦਾ ਪੱਧਰ ਵੀ ਬਹੁਤ ਉੱਚਾ ਅਤੇ ਮਾਵਾਂ ਦੀ ਖ਼ੁਰਾਕ ਦਾ ਪੱਧਰ ਵੀ ਬਹੁਤ ਨੀਵੇਂ ਦਰਜੇ ਦਾ ਪਾਇਆ ਜਾਂਦਾ ਹੈ। ਭਾਰਤ ਵਿੱਚ ਬੱਚਿਆਂ ਵਿੱਚ ਮੌਤ ਦੀ ਦਰ, ਖ਼ਾਸ ਕਰਕੇ 6-23 ਮਹੀਨਿਆਂ ਦੇ ਬੱਚਿਆਂ ਵਿੱਚ, ਵੀ ਵਿਕਸਤ ਦੇਸ਼ਾਂ ਅਤੇ ਹੋਰ ਭੁੱਖਮਰੀ ਦਾ ਸਾਹਮਣਾ ਕਰ ਰਹੇ ਦੇਸ਼ਾਂ ਦੇ ਮੁਕਾਬਲੇ ਹਾਲੇ ਵੀ ਕਾਫ਼ੀ ਜ਼ਿਆਦਾ ਹੈ।

ਭਾਰਤ ਨੂੰ ਭੁੱਖਮਰੀ ਦੇ ਚੱਕਰਵਿਊ ਵਿੱਚੋਂ ਨਿਕਲ ਕੇ ਸੰਯੁਕਤ ਰਾਸ਼ਟਰ ਸੰਘ ਦੇ ਟਿਕਾਊ ਵਿਕਾਸ ਦੇ ਟੀਚਿਆਂ ਨੂੰ ਹਾਸਲ ਕਰਨ ਹਿਤ, ਭਾਵ ਸਿਫ਼ਰ ਭੁੱਖਮਰੀ ਸਕੋਰ ਹਾਸਲ ਕਰਕੇ ਭੁੱਖਮਰੀ ਖ਼ਤਮ ਕਰਨ ਲਈ ਕੁਝ ਮੁੱਦਿਆਂ ਵੱਲ ਖ਼ਾਸ ਧਿਆਨ ਦੇਣਾ ਪਵੇਗਾ। ਸਭ ਤੋਂ ਪਹਿਲਾ, ਦੇਸ਼ ਵਿੱਚ ਭੋਜਨ ਸੁਰੱਖਿਆ ਅਤੇ ਭੋਜਨ ਦਾ ਅਧਿਕਾਰ ਸਬੰਧੀ ਕਾਨੂੰਨਾਂ ਅਤੇ ਨਿਯਮਾਂ ਦਾ ਅੰਤਰਰਾਸ਼ਟਰੀ ਮਿਆਰਾਂ ਅਨੁਸਾਰ ਵਿਸਤਾਰ ਕਰਨ ਦੇ ਨਾਲ ਨਾਲ ਲਾਗੂ ਕਰਨ ਵਿੱਚ ਆ ਰਹੀਆਂ ਮੁਸ਼ਕਲਾਂ ਅਤੇ ਊਣਤਾਈਆਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਨੂੰ ਤੁਰੰਤ ਠੀਕ ਕਰਨਾ ਚਾਹੀਦਾ ਹੈ। ਦੂਜਾ, ਭੋਜਨ ਸੁਰੱਖਿਆ ਅਤੇ ਭੋਜਨ ਦਾ ਅਧਿਕਾਰ ਦੇ ਮਾਮਲਿਆਂ ਵਿੱਚ ਕਿਸੇ ਵੀ ਅਧਾਰ, ਜਿਵੇਂ ਕਿ ਧਰਮ, ਜਾਤਪਾਤ , ਲਿੰਗ, ਗ਼ਰੀਬੀ-ਅਮੀਰੀਆਦਿ 'ਤੇ ਕਿਸੇ ਨਾਲ ਵੀ ਪੱਖਪਾਤ ਨਹੀਂ ਹੋਣ ਦੇਣਾ ਚਾਹੀਦਾ। ਅਜਿਹੇ ਵਿਤਕਰਿਆਂ ਲਈ ਜ਼ਿੰਮੇਵਾਰ ਤਾਕਤਾਂ ਅਤੇ ਕਾਰਨਾਂ ਦੇ ਕਾਨੂੰਨੀ ਜਾਂ ਸੰਵਿਧਾਨਕ ਜਾਂ ਪ੍ਰਬੰਧਕੀ ਤਰਜੀਹਾਂ ਦੇ ਅਧਾਰ 'ਤੇ ਜਲਦੀ ਤੋਂ ਜਲਦੀ ਹੱਲ ਕੱਢਣੇ ਚਾਹੀਦੇ ਹਨ। ਤੀਜਾ, ਦੇਸ਼ ਨੂੰ ਨਾਗਰਿਕਾਂ ਵਿੱਚ ਪਾਈਆਂ ਜਾਂਦੀਆਂ ਹਰ ਪ੍ਰਕਾਰ ਦੀਆਂ ਨਾ-ਬਰਾਬਰੀਆ, ਜਿਵੇਂ ਆਮਦਨ, ਧੰਨ-ਦੌਲਤ, ਸਾਧਨਾਂ ਆਦਿ ਨੂੰ ਆਰਥਿਕ ਅਤੇ ਸਮਾਜਿਕ ਬਰਾਬਰੀ ਲਿਆਉਣ ਅਤੇ ਸਭ ਨੂੰ ਇਨਸਾਫ਼ ਦੇਣ ਦੇ ਮਕਸਦ ਨਾਲ ਦੂਰ ਕਰਨ ਲਈ ਚਾਰਾਜੋਈ ਕਰਨੀ ਚਾਹੀਦੀ ਹੈ। ਭਾਰਤ ਸਰਕਾਰ ਵੱਲੋਂ ਭਾਵੇਂ ਦੇਸ਼ ਨੂੰ 2047 ਤੱਕ ਵਿਕਸਤ ਦੇਸ਼ ਬਣਾਉਣ ਦਾ ਐਲਾਨ ਕੀਤਾ ਗਿਆ ਹੈ ਪਰ ਇਸ ਉਦੇਸ਼ ਦੀ ਥਾਂ 2047 ਤੱਕ ਭੁੱਖਮਰੀ ਨੂੰ ਖ਼ਤਮ ਕਰਨ ਦੇ ਉਦੇਸ਼ ਦਾ ਐਲਾਨ ਕਰਨਾ ਚਾਹੀਦਾ ਹੈ ਕਿਉਂਕਿ ਜੇਕਰ ਭੁੱਖਮਰੀ ਖ਼ਤਮ ਹੋ ਜਾਂਦੀ ਹੈ ਤਾਂ ਦੇਸ਼ ਆਪਣੇ ਆਪ ਵਿਕਸਤ ਦੇਸ਼ ਬਣਨ ਦੇ ਰਾਹ 'ਤੇ ਪੈ ਜਾਵੇਗਾ।

ਉਪਰੋਕਤ ਵਿਸ਼ਲੇਸ਼ਣ ਅਤੇ ਤੱਥ ਸਪਸ਼ਟ ਕਰਦੇ ਹਨ ਕਿ ਜੇਕਰ ਭਾਰਤ 2047 ਤੱਕ ਭੁੱਖਮਰੀ ਤੋਂ ਨਿਜ਼ਾਤ ਪਾਉਣ ਦੇ ਉਦੇਸ਼ ਨੂੰ ਹਾਸਲ ਕਰਨ ਵਿੱਚ ਕਾਮਯਾਬ ਹੋ ਜਾਂਦਾ ਹੈ ਤਾਂ ਇਹ ਨਿਆਮਤ ਹੋਵੇਗੀ। ਜਦੋਂ ਕਿ ਭਾਰਤ 2047 ਤੱਕ ਕੇਵਲ ਕੁੱਲ ਉਤਪਾਦਨ ਵਧਾ ਕੇ ਹੀ ਵਿਕਸਤ ਦੇਸ਼ਾਂ ਵਿੱਚ ਸ਼ੁਮਾਰ ਹੋਣ ਦਾ ਸੁਫ਼ਨਾ ਵੇਖ ਰਿਹਾ ਹੈ, ਜਿਸ ਦਾ ਪੂਰਾ ਹੋਣਾ ਮੁਸ਼ਕਲ ਹੈ ਕਿਉਂਕਿ ਵਿਕਸਤ ਦੇਸ਼ਾਂ ਵਿੱਚ ਭੁੱਖਮਰੀ ਸੂਚਕ ਅੰਕ ਸਿਫ਼ਰ ਹੋਣ ਦੇ ਨਾਲ ਨਾਲ ਹੋਰ ਬਹੁਤ ਸਾਰੇ ਆਰਥਿਕ ਅਤੇ ਸਮਾਜਿਕ ਸੂਚਕ ਵੀ ਬਹੁਤ ਵਧੀਆ ਅਤੇ ਉੱਤਮ ਦਰਜੇ ਦੇ ਪਾਏ ਜਾਂਦੇ ਹਨ।

# ਮਨੁੱਖ ਮਾਨਸਿਕ ਤਣਾਉ ਦਾ ਸ਼ਿਕਾਰ ਕਿਉਂ ਹੁੰਦਾ ਜਾ ਰਿਹਾ ਹੈ?

**ਲੇਖਕ : ਡਾ. ਸੁਖਰਾਜ ਸਿੰਘ ਬਾਜਵਾ**



ਮਨੁੱਖ ਵੀ ਬਾਕੀ ਜਾਨਵਰਾਂ ਦੀ ਤਰ੍ਹਾਂ ਹੀ ਧਰਤੀ ’ਤੇ ਇੱਕ ਸੈਲੀ ਜੀਵ ਤੋਂ ਵਿਕਸੀਤ ਹੋਇਆ ਹੈ। ਮਨੁੱਖ ਨੂੰ ਬਾਕੀ ਜੀਵਾਂ ਤੋਂ ਅਲੱਗ ਕਰਕੇ ਸਿਰਫ ਉਸਦੀ ਅਕਲ ਅਤੇ ਜ਼ਬਾਨ ਵਿੱਚ ਸ਼ਬਦਾਂ ਦੀ ਵਰਤੋਂ ਕਰਕੇ ਰੱਖਿਆ ਗਿਆ ਹੈ। ਧਰਤੀ ਉੱਪਰ ਜਿਸ ਤਰ੍ਹਾਂ ਬਾਕੀ ਜੀਵ ਕੁਦਰਤੀ ਜੀਵਨ ਬਤੀਤ ਕਰਦੇ ਹਨ, ਉਸੇ ਤਰ੍ਹਾਂ ਮਨੁੱਖ ਦਾ ਵਿਕਾਸ ਵੀ ਕੁਦਰਤੀ ਰੂਪ ਵਿੱਚ ਕੁਦਰਤੀ ਜੀਵਨ ਜਿਊਣ ਲਈ ਹੀ ਹੋਇਆ ਹੈ। ਪਰ ਮਨੁੱਖ ਦੀ ਜ਼ਬਾਨ ਨੂੰ ਸ਼ਬਦ ਮਿਲਣ ਕਰਕੇ ਅਤੇ ਦਿਮਾਗ ਦਾ ਵਿਕਾਸ ਹੋਣ ਕਰਕੇ ਮਨੁੱਖ ਨੇ ਆਪਣੇ ਆਪ ਨੂੰ ਬਾਕੀ ਜੀਵਾਂ ਤੋਂ ਅਲੱਗ ਕਰ ਲਿਆ, ਇੱਥੋਂ ਤਕ ਕੇ ਆਪਣੇ ਆਪ ਨੂੰ ਜਾਨਵਰ ਕਹਾਉਣਾ ਇੱਕ ਗਾਲ੍ਹ ਸਮਝਣ ਲੱਗ ਗਿਆ। ਮਨੁੱਖ ਨੇ ਆਪਣੇ ਦਿਮਾਗ ਦਾ ਇਸਤੇਮਾਲ ਕਰਕੇ ਅਨਾਜ ਪੈਦਾ ਕਰਨ ਤੋਂ ਲੈਕੇ ਬਹੁਤ ਕੁਝ ਅਜਿਹਾ ਬਣਾ ਲਿਆ, ਜਿਸਨੂੰ ਉਹ ਆਪਣੇ ਸੁਖ ਆਰਾਮ ਲਈ ਇਸਤੇਮਾਲ ਕਰਨ ਲੱਗ ਗਿਆ। ਪੈਦਲ ਚੱਲਣਾ, ਭੋਜਨ ਦੀ ਤਲਾਸ਼ ਕਰਨਾ ਅਤੇ ਭੋਜਨ ਲਈ ਸੰਘਰਸ਼ ਕਰਨਾ ਹਰ ਜਾਨਵਰ ਦੀ ਫਿਤਰਤ ਹੈ, ਪਰ ਮਨੁੱਖ ਦੇ ਵਿਕਾਸ਼ੀਲ ਦਿਮਾਗ ਨੇ ਜੀਵਨ ਦੇ ਇਸ ਸੰਘਰਸ਼ ਨੂੰ ਖਤਮ ਕਰਕੇ ਸੰਘਰਸ਼ ਨੂੰ ਇੱਕ ਨਵੇਂ ਪਾਸੇ ਵੱਲ ਮੋੜ ਦਿੱਤਾ ਅਤੇ ਉਹ ਸੀ ਵੱਧ ਤੋਂ ਵੱਧ ਤਾਕਤ ਹਾਸਲ ਕਰਨੀ, ਵੱਧ ਤੋਂ ਵੱਧ ਧਨ ਜੋੜਨਾ। ਇਸ ਤਾਕਤ ਦੇ ਨਸ਼ੇ ਨੇ ਮਨੁੱਖ ਨੂੰ ਈਰਖਾਲੂ ਅਤੇ ਝਗੜਾਲੂ ਬਣਾ ਦਿੱਤਾ। ਮਨੁੱਖ ਹੀ ਮਨੁੱਖ ਦਾ ਵੈਰੀ ਬਣਨ ਲੱਗਾ ਅਤੇ ਇਸੇ ਲੜੀ ਤਹਿਤ ਵਿਨਾਸ਼ ਵਾਲੇ ਹਥਿਆਰਾਂ ਦੀ ਦੌੜ ਸ਼ੁਰੂ ਹੋਈ, ਜਿਹੜੀ ਕੇ ਪਰਮਾਣੂ ਬੰਬ, ਹਾਈਡ੍ਰੋਜਨ ਬੰਬ ਦੇ ਰੂਪ ਵਿੱਚ ਵੀ ਖਤਮ ਨਹੀਂ ਹੋਈ।

ਦੋ ਪਹੀਆ ਤੋਂ ਫਿਰ ਚਾਰ ਪਹੀਆ ਦੇ ਸਫ਼ਰ ਨੇ ਮਨੁੱਖ ਨੂੰ ਆਲਸੀ ਬਣਾ ਦਿੱਤਾ। ਦੋ ਪੈਰ ਤੁਰਨਾ ਉਹ ਆਪਣੀ ਸ਼ਾਨ ਦੇ ਖਿਲਾਫ ਸਮਝਣ ਲੱਗਾ। ਏਸੀ ਦੀ ਹਵਾ ਅਤੇ ਫਿਰ ਮੋਬਾਇਲ ਫੋਨ ਦੇ ਵਿਕਾਸ ਨੇ ਮਨੁੱਖ ਨੂੰ ਸਮਾਜਿਕ ਪ੍ਰਾਣੀ ਦੀ ਸ਼੍ਰੇਣੀ ਤੋਂ ਵੱਖ ਕਰ ਦਿੱਤਾ ਤੇ ਮਨੁੱਖ ਬੰਦ ਕਮਰੇ ਵਿੱਚ ਕੈਦ ਹੋ ਕੇ ਰਹਿਣਾ ਪਸੰਦ ਕਰਨ ਲੱਗਾ। ਵਿਕਾਸ ਦੀ ਇਸ ਦੌੜ ਵਿੱਚ ਮਨੁੱਖ ਔਲਾਦ ਦੀ ਲੋੜ ਬਾਰੇ ਵੀ ਭੁੱਲਣ ਲੱਗ ਗਿਆ ਤੇ ਪਰਿਵਾਰ ਛੋਟੇ ਹੋਣ ਲੱਗੇ। ਹੁਣ ਹਾਲਾਤ ਇਹ ਹੋ ਗਏ ਹਨ ਕਿ ਪਰਿਵਾਰ ਸ਼ਬਦ ਦੇ ਹੌਲੀ ਹੌਲੀ ਅਲੋਪ ਹੋਣ ਦਾ ਖਤਰਾ ਪੈਦਾ ਹੋਣ ਲੱਗ ਗਿਆ ਹੈ। ਮਨੁੱਖ ਇਕੱਲੇਪਣ ਵਿੱਚ ਰਹਿਣ ਲੱਗ ਗਿਆ ਪਰ ਇਸ ਇਕੱਲੇਪਣ ਨੇ ਮਨੁੱਖ ਦੇ ਦਿਮਾਗ ਨੂੰ ਜਕੜ ਕੇ ਰੱਖ ਦਿੱਤਾ ਤੇ ਮਨੁੱਖ ਮਾਨਸਿਕ ਤੌਰ ’ਤੇ ਤਣਾਅ ਵਿੱਚ ਜਿਊਣ ਦੀ ਕੋਸ਼ਿਸ਼ ਵਿੱਚ ਲੱਗਾ ਹੋਇਆ ਹੈ। ਆਪਣੇ ਹੀ ਦਿਮਾਗ ਨਾਲ ਵਿਕਸਿਤ ਕੀਤੇ ਟੈਲੀਵਿਜ਼ਨ, ਮੋਬਾਇਲ ਫੋਨ, ਗੱਡੀਆਂ ਉਸਦੇ ਇਕੱਲੇਪਣ ਨੂੰ ਦੂਰ ਨਹੀਂ ਕਰ ਸਕੇ ਅਤੇ ਇਹ ਸਾਧਨ ਹੀ ਹੌਲੀ ਹੌਲੀ ਮਾਨਸਿਕ ਤੌਰ ’ਤੇ ਤਨਾਵ ਦਾ ਕਾਰਨ ਬਣਨ ਲੱਗੇ ਹਨ।

ਬੰਦ ਕਮਰੇ ਵਿੱਚ ਬੈਠਕੇ ਸਿਰਫ ਦੀਵਾਰਾਂ ਜਾਂ ਛੱਤ ਨੂੰ ਹੀ ਵੇਖੀ ਜਾਣਾ, ਇਹ ਬਿਮਾਰ ਦਿਮਾਗ ਦੀ ਨਿਸ਼ਾਨੀ ਹੈ। ਅਸਲ ਵਿੱਚ ਮਨੁੱਖ ਆਪਣੇ ਸੁਭਾਅ ਦੇ ਉਲਟ ਜਿਊਣ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਇਹੀ ਬਿਮਾਰੀ ਦਾ ਸਭ ਤੋਂ ਵੱਡਾ ਕਾਰਨ ਹੈ।

ਉਦਾਹਰਣ ਦੇ ਤੌਰ ’ਤੇ ਕੁੱਤਾ ਇੱਕ ਅਜਿਹਾ ਜਾਨਵਰ ਹੈ ਜੋ ਕੁਦਰਤ ਦੇ ਨੇੜੇ ਜਿਊਣਾ ਪਸੰਦ ਕਰਦਾ ਹੈ ਪਰ ਅਸੀਂ ਕੁਝ ਕੁੱਤਿਆਂ ਦੀਆਂ ਨਸਲਾਂ ਨੂੰ ਪਾਲਤੂ ਬਣਾ ਲਿਆ। ਖੋਜ ਨੇ ਦੱਸਿਆ ਕਿ ਜੰਗਲੀ ਤੌਰ ’ਤੇ ਰਹਿ ਰਹੇ ਕੁੱਤਿਆਂ ਨਾਲੋਂ ਪਾਲਤੂ ਕੁੱਤੇ ਜਲਦੀ ਅਤੇ ਜ਼ਿਆਦਾ ਬਿਮਾਰ ਹੁੰਦੇ ਹਨ ਅਤੇ ਉਹ ਪਾਲਤੂ ਕੁੱਤੇ ਜਿਨ੍ਹਾਂ ਨੂੰ ਹਰ ਵਕਤ ਬੰਨ੍ਹ ਕੇ ਰੱਖਿਆ ਜਾਂਦਾ ਹੈ ਜਾਂ ਇਕੱਲੇ ਘਰਾਂ ਵਿੱਚ ਰੱਖਿਆ ਜਾਂਦਾ ਹੈ, ਉਹਨਾਂ ਵਿੱਚ ਡਿਪਰੈਸ਼ਨ ਵੇਖਿਆ ਜਾਂਦਾ ਹੈ। ਡਿਪਰੈਸ਼ਨ ਕਾਰਨ ਉਹ ਚਿੜਚਿੜੇ ਹੋ ਜਾਂਦੇ ਹਨ ਅਤੇ ਕਈ ਵਾਰ ਆਪਣੇ ਮਾਲਿਕ ਨੂੰ ਹੀ ਪੈ ਜਾਂਦੇ ਹਨ। ਕੁੱਤਿਆਂ ਦਾ ਸੁਭਾਅ ਨਹੀਂ ਹੈ ਬੱਝ ਕੇ ਰਹਿਣਾ। ਇਸੇ ਤਰ੍ਹਾਂ ਦੁਧਾਰੂ ਪਸ਼ੂ ਜੋ ਘਰਾਂ ਵਿੱਚ ਰੱਖੇ ਜਾਂਦੇ ਹਨ ਜੇਕਰ ਇਹਨਾਂ ਨੂੰ ਵੀ ਇਕੱਲੇ ਰੱਖਿਆ ਜਾਵੇ ਤਾਂ ਇਹ ਵੀ ਡਿਪਰੈਸ਼ਨ ਦਾ ਸ਼ਿਕਾਰ ਹੋ ਜਾਂਦੇ ਹਨ, ਇਸ ਹਾਲਤ ਵਿੱਚ ਇਹਨਾਂ ਵਿੱਚ ਦੁੱਧ ਦਾ ਘਟਣਾ ਵੇਖਿਆ ਗਿਆ ਹੈ। ਇਸੇ ਤਰ੍ਹਾਂ ਰੁੱਖਾਂ ਵਿੱਚ ਵੀ ਵੇਖਿਆ ਗਿਆ ਹੈ ਕਿ ਕੋਈ ਬੂਟਾ ਜਾਂ ਰੁੱਖ ਅਗਰ ਇੱਕ ਵੱਡੇ ਸਮੂਹ ਵਿੱਚ ਹੋਵੇ ਤਾਂ ਜ਼ਿਆਦਾ ਵਧ ਰਿਹਾ ਹੁੰਦਾ ਹੈ ਪਰ ਇਕੱਲਾ ਰੁੱਖ ਹੌਲੀ ਹੌਲੀ ਵਧਦਾ ਹੈ ਜਾਂ ਮਰ ਜਾਂਦਾ ਹੈ।

ਉੱਪਰ ਦੱਸੀਆਂ ਉਦਾਹਰਣਾਂ ਇਹ ਸਪਸ਼ਟ ਕਰਦੀਆਂ ਹਨ ਕਿ ਕੋਈ ਵੀ ਜੀਵ ਜਦੋਂ ਇਕੱਲਾ ਰਹਿ ਜਾਵੇ ਜਾਂ ਚਾਰਦੀਵਾਰੀ ਵਿੱਚ ਬੰਦ ਹੋ ਕੇ ਰਹੇ ਤਾਂ ਉਸਦਾ ਡਿਪਰੈਸ਼ਨ ਵਿੱਚ ਚਲੇ ਜਾਣਾ ਆਮ ਗੱਲ ਹੈ। ਡਿਪਰੈਸ਼ਨ ਤੋਂ ਬਚਣ ਲਈ ਜਾਂ ਇਸਦੇ ਇਲਾਜ ਲਈ ਅਕਸਰ ਮਨੁੱਖ ਡਾਕਟਰ ਦਾ ਸਹਾਰਾ ਲੈਂਦਾ ਹੈ ਅਤੇ ਨੀਂਦ ਦੀਆਂ ਗੋਲੀਆਂ ਜਾਂ ਦਿਮਾਗ ਨੂੰ ਸੁੰਨ ਕਰਨ ਵਾਲੀਆਂ ਦਵਾਈਆਂ ਨਾਲ ਕੋਸ਼ਿਸ਼ ਕਰਦਾ ਹੈ ਕਿ ਉਹ ਇਸ ਸਥਿਤੀ ਤੋਂ ਬਾਹਰ ਆ ਜਾਵੇ ਪਰ ਇਸ ਤਰ੍ਹਾਂ ਉਹ ਦੂਸਰੀਆਂ ਬਿਮਾਰੀਆਂ ਦਾ ਸ਼ਿਕਾਰ ਹੋਣ ਲੱਗ ਜਾਂਦਾ ਹੈ। ਡਿਪਰੈਸ਼ਨ ਵਿੱਚੋਂ ਨਿਕਲਣ ਦਾ ਠੋਸ ਉਪਾ ਦਵਾਈਆਂ ਨਹੀਂ, ਜੀਵਨਸ਼ੈਲੀ ਵਿੱਚ ਬਦਲਾਵ ਹੈ। ਕੁਦਰਤ ਦੇ ਨੇੜੇ ਹੋਣਾ, ਖੁੱਲ੍ਹ ਕੇ ਜ਼ਿੰਦਗੀ ਜਿਊਣਾ, ਸਮੂਹ ਵਿੱਚ ਰਹਿਣਾ ਮਤਲਬ ਆਪਣੇ ਆਪ ਨੂੰ ਸਮਾਜਿਕ ਤੌਰ ਤੇ ਵੱਧ ਕਿਰਿਆਸ਼ੀਲ ਕਰਨਾ। ਪੁਰਾਣੇ ਸਮਿਆਂ ਵਿੱਚ ਮਨੁੱਖ ਡਿਪਰੈਸ਼ਨ ਦਾ ਘੱਟ ਸ਼ਿਕਾਰ ਹੁੰਦਾ ਸੀ ਕਿਉਂਕਿ ਉਹ ਦਿਨ ਵੇਲੇ ਸਖ਼ਤ ਮਿਹਨਤ ਤੋਂ ਬਾਅਦ ਰਾਤ ਨੂੰ ਖੁੱਲ੍ਹੇ ਅਸਮਾਨ ਹੇਠ ਸੌਂਦਾ ਸੀ, ਖੁੱਲ੍ਹਾ ਖਾਣਾ ਖਾਂਦਾ ਸੀ, ਖੁੱਲ੍ਹੇ ਕੱਪੜੇ ਪਹਿਨਦਾ ਸੀ। ਪਰਿਵਾਰ ਵੱਡਾ ਹੁੰਦਾ ਸਿ ਤੇ ਹਰ ਗੱਲ ਵਿੱਚ ਇੱਕ ਦੂਸਰੇ ਨਾਲ ਸਾਂਝ ਹੁੰਦੀ ਸੀ।

ਬਾਕੀ ਜਾਨਵਰਾਂ ਵਾਂਗ ਬੇਸ਼ਕ ਮਨੁੱਖ ਪੂਰੀ ਤਰ੍ਹਾਂ ਖੁੱਲ੍ਹ ਕੇ ਆਪਣਾ ਜੀਵਨ ਨਹੀਂ ਜੀ ਸਕਦਾ ਜਿਸਦਾ ਕਾਰਨ ਮਨੁੱਖ ਦਾ ਸਮਾਜਿਕ ਬੰਧਨਾਂ ਵਿੱਚ ਬੱਝੇ ਹੋਣਾ ਹੈ ਪਰ ਇਸਦਾ ਅਰਥ ਇਹ ਵੀ ਨਹੀਂ ਕਿ ਸਮਾਜ ਨੂੰ ਖੁਸ਼ ਕਰਦੇ ਕਰਦੇ ਅਸੀਂ ਆਪਣੀ ਕੁਦਰਤੀ ਤੌਰ ’ਤੇ ਜੀਣ ਵਾਲੀ ਜ਼ਿੰਦਗੀ ਨੂੰ ਹੀ ਦਾਅ ’ਤੇ ਲਾ ਦੇਈਏ। ਕੁਦਰਤ ਨੇ ਜੋ ਜੀਵਨ ਜਿਊਣ ਲਈ ਸਾਨੂੰ ਦਿੱਤਾ ਹੈ, ਇਸ ਨੂੰ ਹੱਸ ਕੇ ਜਿਊਣਾ ਬਣਦਾ ਹੈ। ਇਸਦੇ ਲਈ ਸਾਨੂੰ ਨਾਂਹ ਪੱਖੀ ਵਿਕਾਸ, ਜਿਸ ਨਾਲ ਵਿਨਾਸ਼ ਜ਼ਿਆਦਾ ਹੋ ਰਿਹਾ ਹੈ, ਨੂੰ ਤਿਆਗ ਕੇ ਕੁਦਰਤ ਦੇ ਨੇੜੇ ਹੋ ਕੇ, ਬੰਦ ਕਮਰਿਆਂ ਵਿੱਚੋਂ ਬਾਹਰ ਆ ਕੇ ਜਿਊਣਾ ਪਏਗਾ। ਸਾਨੂੰ ਆਪਣੇ ਦੋਸਤਾਂ ਮਿੱਤਰਾਂ ਦਾ ਦਾਇਰਾ ਵਧਾਉਣਾ ਪਵੇਗਾ। ਮੋਬਾਇਲ ਫੋਨਾਂ ’ਤੇ ਰਿਸ਼ਤੇਦਾਰ ਜਾਂ ਦੋਸਤਾਂ ਦਾ ਹਾਲਚਾਲ ਪੁੱਛਣ ਨਾਲੋਂ ਉਹਨਾਂ ਕੋਲ ਜਾ ਕੇ ਉਹਨਾਂ ਦਾ ਹਾਲ ਪੁੱਛਣ ਦੀ ਆਦਤ ਪਾਓ। ਕਮਾਈ ਕਰੋ ਪਰ ਪੈਸੇ ਪਿੱਛੇ ਭੱਜਣ ਨੂੰ ਹੀ ਜ਼ਿੰਦਗੀ ਨਾ ਬਣਾ ਲਵੋ। ਪੈਸਾ ਸਿਰਫ ਇੰਨਾ ਹੀ ਕਾਫੀ ਹੈ ਕਿ ਰੱਜ ਕੇ ਖਾ ਸਕੋ, ਲੋੜਾਂ ਪੂਰੀਆਂ ਹੁੰਦੀਆਂ ਰਹਿਣ, ਤੰਗੀ ਨੇੜੇ ਨਾ ਆਵੇ। ਬਿਮਾਰੀ ਦੇ ਇਲਾਜ ਨਾਲੋਂ ਬਿਮਾਰ ਹੀ ਨਾ ਹੋਵੋ, ਇਸ ਬਾਰੇ ਆਪਣੀ ਸੋਚ ਅਤੇ ਕਰਮ ਵਿਕਸਿਤ ਕਰੋ, ਤਾਂ ਹੀ ਅਸੀਂ ਇੱਕ ਤਨਾਵ ਰਹਿਤ ਜੀਵਨ ਜੀ ਪਾਵਾਂਗੇ।

# ਕੀ ਅਦਾਲਤੀ ਦਖ਼ਲ ਸਰਕਾਰਾਂ ਲਈ ਜ਼ਰੂਰੀ ਹੈ?

**ਲੇਖਕ : ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

ਕਿਸੇ ਵੀ ਦੇਸ਼ ਦੀ ਸਰਕਾਰ ਨੂੰ ਚਲਾਉਣ ਲਈ ਇੱਕ ਸੰਵਿਧਾਨ ਦਾ ਹੋਣਾ ਜ਼ਰੂਰੀ ਹੁੰਦਾ ਹੈ, ਜਿਸ ਸੰਵਿਧਾਨ ਨੂੰ ਉੱਥੇ ਦੀ ਜਨਤਾ ਦੇ ਨੁਮਾਇੰਦੇ ਬਣਾਉਂਦੇ ਹਨ ਜਾਂ ਫਿਰ ਉੱਥੇ ਦਾ ਰਾਜਾ ਬਣਾਉਂਦਾ ਹੈ। ਭਾਰਤੀ ਸੰਵਿਧਾਨ ਦੀ ਇਹ ਖੂਬਸੂਰਤੀ ਹੈ ਕਿ ਇਹ ਭਾਰਤ ਵਿਚਲੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਨੁਮਾਇਦਿਆਂ ਅਤੇ ਮਾਹਰ ਬੰਦਿਆਂ ਰਾਹੀਂ ਇੱਕ ਲੰਬੀ ਸੋਚ ਵਿਚਾਰ ਤੋਂ ਬਾਅਦ ਹੋਂਦ ਵਿੱਚ ਆਇਆ ਹੈ। ਸਾਡੇ ਸੰਵਿਧਾਨ ਵਿੱਚ ਦੁਨੀਆ ਦੇ ਸੰਵਿਧਾਨਾਂ ਦੀਆਂ ਚੰਗੀਆਂ ਸਿਫ਼ਤਾਂ ਨੂੰ ਥਾਂ ਦਿੱਤੀ ਗਈ ਹੈ, ਜੋ ਅੰਤ ਨੂੰ ਇੱਕ ਚੰਗੇ ਪੜ੍ਹੇ-ਲਿਖੇ ਨੇਤਾ ਸ੍ਰੀ ਅੰਬੇਦਕਰ ਜੀ ਦੀ ਪ੍ਰਧਾਨਗੀ ਹੇਠ ਪੂਰਾ ਕੀਤਾ ਗਿਆ। ਇਸ ਵਿੱਚ ਅੱਜ ਤਕ ਮੌਕੇ ਦੀਆਂ ਸਰਕਾਰਾਂ ਕਦੇ ਆਪਣੇ ਅਤੇ ਕਦੇ ਜਨਤਾ ਦੇ ਮੁਫ਼ਾਦ ਨੂੰ ਅੱਗੇ ਰੱਖ ਕੇ ਅਣਗਿਣਤ ਸੋਧਾਂ ਕਰ ਚੁੱਕੀਆਂ ਹਨ। ਸਾਡੇ ਦੇਸ਼ ਦਾ ਸੰਘੀ ਢਾਂਚਾ ਹੋਣ ਕਰਕੇ ਹਰ ਸੰਪੂਰਨ ਸੂਬੇ ਦਾ ਪ੍ਰਬੰਧ ਇੱਕ ਮੁੱਖ ਮੰਤਰੀ ਆਪਣੇ ਮੰਤਰੀ ਮੰਡਲ ਦੀ ਸਹਾਇਤਾ ਨਾਲ ਚਲਾਉਂਦਾ ਹੈ। ਅਧੂਰੇ ਸੂਬਿਆਂ ਦਾ ਪ੍ਰਬੰਧ ਐੱਲ ਜੀ ਹਵਾਲੇ ਹੈ, ਜਦੋਂ ਕਿ ਸਮੁੱਚੇ ਦੇਸ਼ ਨੂੰ ਭਾਰਤ ਦੀ ਚੁਣੀ ਹੋਈ ਪੂਰੀ ਸੰਸਦ ਨੂੰ ਪ੍ਰਧਾਨ ਮੰਤਰੀ ਆਪਣੇ ਮੰਤਰੀ ਮੰਡਲ ਰਾਹੀਂ ਚਲਾਉਂਦਾ ਹੈ।

ਸੰਵਿਧਾਨ ਵਿੱਚ ਭਾਰਤੀ ਨਾਗਰਿਕਾਂ ਅਤੇ ਸਰਕਾਰਾਂ ਦੇ ਅਧਿਕਾਰ ਬਾਰੇ ਪੂਰੀ-ਪੂਰੀ ਜਾਣਕਾਰੀ ਦਿੱਤੀ ਹੋਈ ਹੈ ਅਤੇ ਨਾਲ ਹੀ ਸਣੇ ਸਰਕਾਰ ਸਭ ਦੇ ਅਧਿਕਾਰ ਵੀ ਪਰਿਭਾਸ਼ਤ ਕੀਤੇ ਹੋਏ ਹਨ। ਕੁਝ ਹੱਦ ਤਕ ਇਹ ਗੱਲ ਅਲੱਗ ਹੈ ਕਿ ਉਸ ਵੇਲੇ ਦੀ ਜਨਤਾ ਅਤੇ ਅੱਜ ਵੇਲੇ ਦੀ ਜਨਤਾ ਦੀ ਸੋਚ ਵਿੱਚ ਸੰਵਿਧਾਨ ਅਤੇ ਸਰਕਾਰ ਪ੍ਰਤੀ ਸੋਚ ਵਿੱਚ ਫ਼ਰਕ ਹੋ ਸਕਦਾ ਹੈ। ਪਰ ਇਸ ਸਭ ਦੇ ਬਾਵਜੂਦ ਸੰਵਿਧਾਨ ਵਿੱਚ ਸਭ ਸਪਸ਼ਟ ਕੀਤਾ ਹੋਇਆ ਹੈ ਕਿ ਕਿਸ ਨੇ ਕੀ ਕਰਨਾ ਹੈ ਤੇ ਕਿਸੇ ਨੇ ਕੀ ਨਹੀਂ ਕਰਨਾ। ਫਿਰ ਵੀ ਇਸਦੇ ਬਾਵਜੂਦ ਮਨੁੱਖ ਸਮੇਤ ਸੂਬੇ ਦੀਆਂ ਸਰਕਾਰਾਂ ਅਤੇ ਕੇਂਦਰੀ ਸਰਕਾਰ ਆਪਣੀ ਲਾਪ੍ਰਵਾਹੀ ਕਰਕੇ ਇੱਕ ਸਿੱਧੀ ਜਾਂਦੀ ਲੀਹ ਨੂੰ ਪਾੜ ਦਿੰਦੇ ਹਨ, ਜਿਸ ਕਰਕੇ ਸਭ ਕੁਰਾਹੇ ਪੈ ਜਾਂਦੇ ਹਨ। ਇਸ ਨਾਲ ਮਿਥੇ ਟੀਚੇ ਤਕ ਪਹੁੰਚਣ ਵਿੱਚ ਦੇਰ ਹੋ ਜਾਂਦੀ ਹੈ। ਅਗਰ ਸੰਬੰਧਤ ਸਰਕਾਰਾਂ ਵਿਕਾਸ ਕਰਦੀਆਂ ਲੀਹਾਂ ਨਾ ਪਾੜਨ ਤਾਂ ਫਿਰ ਅਦਾਲਤਾਂ ਨੂੰ ਕਦੇ ਵੀ ਦਖ਼ਲ-ਅੰਦਾਜ਼ੀ ਦਾ ਮੌਕਾ ਨਾ ਮਿਲੇ।

ਭਾਰਤ ਸੂਬਿਆਂ ਦੀ ਗਿਣਤੀ, ਧਰਮਾਂ ਦੀ ਗਿਣਤੀ, ਜਾਤ-ਪਾਤ ਦੀ ਗਿਣਤੀ, ਭਾਸ਼ਾਵਾਂ ਦੀ ਗਿਣਤੀ ਅਤੇ ਖਾਸ ਕਰ ਜਨਸੰਖਿਆ ਦੀ ਗਿਣਤੀ ਕਰਕੇ ਇੱਕ ਵੱਡਾ ਅਤੇ ਮਹਾਨ ਦੇਸ਼ ਹੈ, ਜਿਸ ਵਿੱਚ ਸੂਬਿਆਂ ਤੋਂ ਵੱਧ ਸਿਆਸੀ ਪਾਰਟੀਆਂ ਦੀ ਗਿਣਤੀ ਹੈ। ਵੱਧ ਸਿਆਸੀ ਪਾਰਟੀਆਂ ਹੋਣ ਕਰਕੇ ਗਠਜੋੜ ਦੀ ਨੀਤੀ ਹੋਂਦ ਵਿੱਚ ਆਈ ਹੈ, ਜਿਸ ਕਰਕੇ ਸਭ ਪਾਰਟੀਆਂ ’ਤੇ ਇੱਕ ਦਾ ਕੰਟਰੋਲ ਨਾ ਹੋਣ ਕਰਕੇ ਤਰ੍ਹਾਂ-ਤਰ੍ਹਾਂ ਦੇ ਸਵਾਲ ਅਤੇ ਝਗੜੇ ਪੈਦਾ ਹੁੰਦੇ ਰਹਿੰਦੇ ਹਨ। ਇਸੇ ਕਰਕੇ ਸਾਡਾ ਧਰਮ-ਨਿਰਪੱਖ ਲੋਕ ਢਾਂਚਾ ਹੋਣ ਕਰਕੇ ਅੱਜ ਧਰਮਾਂ ਅਤੇ ਜਾਤ-ਪਾਤ ਦਾ ਰੌਲਾ ਆਮ ਚੋਣਾਂ ਵਿੱਚ ਸੁਣਿਆ ਜਾ ਸਕਦਾ ਹੈ। ਜੋ ਜ਼ਿਮਨੀ ਅਤੇ ਆਮ ਚੋਣਾਂ ਇਸ ਚਾਲੂ ਮਹੀਨੇ ਵਿੱਚ ਸੰਪੂਰਨ ਹੋਣੀਆਂ ਹਨ, ਉਨ੍ਹਾਂ ਵਿੱਚ ਤੁਸੀਂ ਆਮ ਨੋਟ ਕੀਤਾ ਹੋਵੇਗਾ ਕਿ ਆਮ ਗਰੀਬ ਜਨਤਾ ਦੇ ਸਭ ਮੁੱਦੇ ਗਾਇਬ ਹਨ। ਜਿਵੇਂ ਬੇਰੁਜ਼ਗਾਰੀ ਦਾ ਹੱਲ, ਮਹਿੰਗਾਈ, ਵਿੱਦਿਆ, ਸਿਹਤ, ਲਾਅ ਐਂਡ ਆਰਡਰ ਦੀ ਸਮੱਸਿਆ, ਔਰਤਾਂ ਪ੍ਰਤੀ ਅੱਤਿਆਚਾਰ ਦੀ ਰੋਕਥਾਮ, ਕਿਸਾਨ ਦੀਆਂ ਫ਼ਸਲਾਂ ਨੂੰ ਉਚਿਤ ਮੁੱਲ ਅਤੇ ਵਧ ਰਹੀ ਮਹਿੰਗਾਈ ਨੂੰ ਕਿਵੇਂ ਨੱਥ ਪਾਈ ਜਾਵੇ? ਹਿੰਦੂ-ਮੁਸਲਮਾਨ ਸਿਆਸੀ ਰਿਉੜੀਆਂ ਦੀ ਦੁਹਾਈ, ਕਿਸਾਨੀ ਫ਼ਸਲਾਂ ਨੂੰ ਪੂਰਾ ਮੁੱਲ ਨਹੀਂ, ਬਲਕਿ ਧੀਆਂ ਅਤੇ ਬਜ਼ੁਰਗਾਂ ਨੂੰ ਕੁਝ ਦੇਣ ਦੀਆਂ ਬੋਲੀਆਂ ਲੱਗ ਰਹੀਆਂ ਹਨ, ਜਦਕਿ ਪਿਛਲਾ ਚੋਣ ਇਤਿਹਾਸ ਦੱਸਦਾ ਹੈ ਕਿ ਅਜਿਹੀਆਂ ਗਰੰਟੀਆਂ ਅਤੇ ਰਿਉੜੀਆਂ ਵੰਡ ਕੇ ਕੀ ਕੁਝ ਹੁੰਦਾ ਰਿਹਾ।

ਸਮੁੱਚੇ ਦੇਸ਼ ਦਾ ਕਿਸਾਨ ਇਸ ਕਰਕੇ ਕੁਰਲਾ ਕੇ ਰਿਹਾ ਹੈ ਕਿ ਉਸ ਨੂੰ ਉਸ ਦੀਆਂ ਫ਼ਸਲਾਂ ਦਾ ਵਾਜਬ ਮੁੱਲ ਨਹੀਂ ਮਿਲ ਰਿਹਾ। ਗਰੀਬ ਜਨਤਾ ਇਸ ਕਰਕੇ ਕੁਰਲਾ ਰਹੀ ਹੈ ਕਿ ਉਸ ਨੂੰ ਸਭ ਕੁਝ ਮਹਿੰਗੇ ਭਾਅ ’ਤੇ ਮਿਲ ਰਿਹਾ ਹੈ। ਜਿਵੇਂ ਜਦੋਂ ਪਿਆਜ਼, ਆਲੂ ਤੇ ਟਮਾਟਰ ਕਿਸਾਨ ਪਾਸ ਸੀ ਤਾਂ ਉਸ ਨੂੰ ਪੂਰਾ ਭਾਅ ਨਹੀਂ ਮਿਲਿਆ ਪਰ ਅੱਜ ਜਦੋਂ ਇਹ ਵਪਾਰੀ ਪਾਸ ਸਸਤਾ ਲਿਆ ਜਮ੍ਹਾਂ ਹੈ ਤਾਂ ਖਾਣ ਵਾਲੀ ਗਰੀਬ ਜਨਤਾ ਨੂੰ ਕਿਸਾਨ ਨੂੰ ਦਿੱਤੇ ਮੁੱਲ ਤੋਂ ਕਈ ਗੁਣਾ ਵੱਧ ਦੇ ਭਾਅ ’ਤੇ ਸਭ ਕੁਝ ਦਿੱਤਾ ਜਾ ਰਿਹਾ। ਕਿਸਾਨ ਤੋਂ ਸੱਤ ਰੁਪਏ ਖਰੀਦਿਆ ਪਿਆਜ਼ ਅੱਜ ਅੱਸੀ ਰੁਪਏ ਗਰੀਬ ਜਨਤਾ ਨੂੰ ਦਿੱਤਾ ਜਾ ਰਿਹਾ। ਹੁਣ ਜਾਣੋ, ਕਿਸਾਨ ਦੁਖੀ, ਖਾਣ ਵਾਲੇ ਦੁਖੀ ਤੇ ਖੁਸ਼ ਕੌਣ ਹਨ, ਸਿਰਫ਼ ਉਹ ਲਾਣਾ ਹੈ, ਜੋ ਸਿਰਫ਼ ਅਮੀਰ ਕਰਕੇ ਤੇ ਸਰਕਾਰ ਦੀਆਂ ਮਾੜੀਆਂ ਨੀਤੀਆਂ ਕਰਕੇ ਵਿਚੋਲਾ ਬਣ ਕੇ ਕਮਾ ਰਿਹਾ ਹੈ ਤੇ ਜਨਤਾ ਦਾ ਖੂਨ ਚੂਸ ਰਿਹਾ ਹੈ। ਇਹ ਲੋਕ ਉਹ ਹਨ ਜੋ ਸਮੇਂ-ਸਮੇਂ ਸਰਕਾਰਾਂ ਨੂੰ ਸਿਆਸੀ ਚੰਦੇ ਨਾਲ ਨਿਵਾਜਦੇ ਰਹਿੰਦੇ ਹਨ।

ਭਾਰਤ ਦੀ ਸਮੁੱਚੀ ਕਿਸਾਨੀ ਨੇ ਫ਼ਸਲਾਂ ਦੇ ਪੂਰੇ ਭਾਅ ਲੈਣ ਲਈ ਅਜਿਹੇ ਦਲਾਲਾਂ ਨੂੰ ਵਿੱਚੋਂ ਕੱਢਣ ਲਈ ਸਾਲਾਂ-ਬੱਧੀ ਸੰਘਰਸ਼ ਕੀਤਾ, ਡਾਂਗਾਂ ਖਾਧੀਆਂ, ਹੱਡ ਤੁੜਵਾਏ ਅਤੇ ਲਗਭਗ ਅੱਠ ਸੌ ਦੇ ਕਰੀਬ ਆਪਣੇ ਕਿਸਾਨ ਸਾਥੀ ਸ਼ਹੀਦ ਕਰਵਾਏ। ਪਰ ਸਰਕਾਰ ਨੇ ਇੱਕ ਝੂਠਾ ਵਾਅਦਾ ਸਿਰਜਣ ਤੋਂ ਬਿਨਾਂ ਕੁਝ ਨਹੀਂ ਕੀਤਾ। ਅਜਿਹੀ ਨਿਕੰਮੀ ਸਰਕਾਰ ਕਾਰਨ ਅੱਜ ਵੀ ਕਿਸਾਨੀ ਰੁਲ ਰਹੀ ਹੈ।

ਇੱਕ ਦੇਸ਼, ਇੱਕ ਚੋਣ ਕਰਾਉਣ ਦੀਆਂ ਡੀਂਗਾਂ ਮਾਰਨ ਵਾਲੀ ਸਰਕਾਰ ਲਈ ਜ਼ਿਮਨੀ ਚੋਣਾਂ ਇੱਕ ਦਿਨ ਵਿੱਚ ਕਰਾਉਣ ਦਾ ਹੌਸਲਾ ਨਹੀਂ। ਚੋਣਾਂ ਤੋਂ ਪਹਿਲਾਂ ਮਨਮਰਜ਼ੀ ਦੇ ਅਫਸਰਾਂ ਦੇ ਤਬਾਦਲੇ, ਮਨਮਰਜ਼ੀ ਦੇ ਚੋਣ ਅਧਿਕਾਰੀ ਲਾਉਣ ਦੇ ਵੱਖ-ਵੱਖ ਸਮੇਂ ਵੱਖ-ਵੱਖ ਪਾਰਟੀਆਂ ਵੱਲੋਂ ਦੋਸ਼ ਲਗਦੇ ਰਹਿੰਦੇ ਹਨ। ਅਗਰ ਅੱਜ ਦੇ ਦਿਨ ਸਭ ਸਰਕਾਰਾਂ ਨੂੰ ਅਦਾਲਤੀ ਦਖ਼ਲ ਦਾ ਡਰ ਨਾ ਹੋਵੇ ਤਾਂ ਹੁਣ ਤਕ ਬਹੁਤ ਕੁਝ ਘਟ ਚੁੱਕਾ ਹੋਣਾ ਸੀ। ਅਦਾਲਤੀ ਪ੍ਰਕਿਰਿਆ ਨੂੰ ਨਜ਼ਰਅੰਦਾਜ਼ ਕਰਕੇ, ਬਿਨਾਂ ਮੁਕੱਦਮੇ ਚਲਾਏ ਜੋ ਬੁਲਡੋਜ਼ਰ ਨਾਲ ਇਨਸਾਫ਼ ਸ਼ੁਰੂ ਹੋਇਆ ਸੀ, ਜਿਸ ਨੂੰ ਅਦਾਲਤ ਨੇ ਬੜੀ ਬੁਰੀ ਤਰ੍ਹਾਂ ਦਖਲ ਦੇ ਕੇ ਰੋਕ ਲਾਈ ਹੈ। ਹੱਦ ਤਾਂ ਉਦੋਂ ਹੋ ਗਈ ਜਦੋਂ ਚੋਣ ਕਮਿਸ਼ਨ ਨੂੰ ਚੰਡੀਗੜ੍ਹ ਵਰਗੇ ਛੋਟੇ ਨਗਰ ਨਿਗਮ ਦੀਆਂ ਚੋਣਾਂ ਬਾਅਦ ਸਿਰਫ਼ ਉੱਨੀ ਵੋਟਾਂ ਹੀ ਸਹੀ ਤਰੀਕੇ ਨਾਲ ਗਿਣਨੀਆਂ ਨਹੀਂ ਆਈਆਂ, ਜਿਸ ਨੂੰ ਦੇਸ਼ ਦੀ ਸਿਖ਼ਰਲੀ ਅਦਾਲਤ ਨੇ ਚੋਣ ਕਮਿਸ਼ਨਰ ਦਾ ਫ਼ੈਸਲਾ ਉਲਟਾ ਕੇ ਇਨਸਾਫ਼ ਦਿੱਤਾ। ਦੂਰ ਜਾਣ ਦੀ ਲੋੜ ਨਹੀਂ, ਪੰਜਾਬ ਵਿੱਚ ਮੌਜੂਦਾ ਸਰਕਾਰ ਪੰਚਾਇਤੀ ਚੋਣਾਂ ਸਮੇਂ ਸਿਰ ਕਰਾਉਣ ਤੋਂ ਪਾਸਾ ਵੱਟਦੀ ਰਹੀ। ਅਜਿਹਾ ਉਸ ਨੇ ਲਗਭਗ ਨੌਂ ਮਹੀਨੇ ਕੀਤਾ। ਅਖੀਰ ਹਾਈਕੋਰਟ ਦੇ ਦਖ਼ਲ ਤੋਂ ਬਾਅਦ ਪੰਚਾਇਤ ਚੋਣਾਂ ਸੰਭਵ ਹੋ ਸਕੀਆਂ। ਹੁਣ ਅਜਿਹੀ ਬੇਲੋੜੀ ਦੇਰੀ ਨਗਰ ਨਿਗਮ ਦੀਆਂ ਚੋਣਾਂ ਕਰਾਉਣ ਵਿੱਚ ਕਰ ਰਹੀ ਸਰਕਾਰ ਨੂੰ ਸੁਪਰੀਮ ਕੋਰਟ ਦੀ ਝਾੜ ਨੇ ਅੱਠ ਹਫ਼ਤਿਆਂ ਵਿੱਚ ਕਰਾਉਣ ਦਾ ਹਕਮ ਦਿੱਤਾ ਹੈ। ਸਾਡੀ ਰਾਏ ਮੁਤਾਬਕ ਜਾਇਜ਼ ਕਾਨੂੰਨੀ ਦਖ਼ਲ ਹਮੇਸ਼ਾ ਅਦਾਲਤਾਂ ਨੂੰ ਦੇਣਾ ਚਾਹੀਦਾ ਹੈ, ਜਿਸ ਨਾਲ ਲੋਕਾਂ ਅਤੇ ਸਰਕਾਰਾਂ ਦੀ ਸਿਹਤ ਵੀ ਠੀਕ ਰਹਿੰਦੀ ਹੈ ਅਤੇ ਰਹੇਗੀ। ਕਾਰਨ, ਸਰਕਾਰਾਂ ਨੂੰ ਸਿਰਫ਼ ਅਦਾਲਤਾਂ ਦਾ ਹੀ ਥੋੜ੍ਹਾ ਬਹੁਤ ਡਰ ਹੁੰਦਾ ਹੈ, ਵਰਨਾ ਅੱਜ-ਕੱਲ੍ਹ ਅਜਿਹੀ ਲੁੱਟ ਮਚੀ ਹੋਈ ਹੈ ਕਿ ਸਰਕਾਰੀ ਜਾਇਦਾਦਾਂ ਉਹ ਲੋਕ ਖਰੀਦ ਰਹੇ ਹਨ, ਜਿਨ੍ਹਾਂ ਪਾਸ ਬੈਂਕਾਂ ਦੀ ਕਿਸ਼ਤ ਮੋੜਨ ਜੋਗੇ ਵੀ ਪੈਸੇ ਨਹੀਂ ਹੁੰਦੇ।

ਅਜਿਹੇ ਵਿੱਚ ਅਗਲੀ ਗੱਲ ਇਹ ਹੈ ਕਿ ਜਨਤਾ ਦੇ ਮਨਾਂ ਵਿੱਚ ਜੋ ਅਦਾਲਤੀ ਢਾਂਚਾ ਇੱਕ ਇਨਸਾਫ਼ ਦਾ ਮੰਦਰ ਬਣ ਕੇ ਵਸਿਆ ਹੋਇਆ ਹੈ, ਇਹ ਸਭ ਉਦੋਂ ਤਕ ਹੀ ਰਹੇਗਾ ਜਦੋਂ ਤਕ ਇਸ ਇਨਸਾਫ਼ ਦੇ ਸੰਬੰਧਤ ਕਰਿੰਦੇ ਆਪਣੀ ਰਿਟਾਇਰਮੈਂਟ ਤੋਂ ਬਾਅਦ ਵੀ ਸਭ ਤਰ੍ਹਾਂ ਦੀਆਂ ਸਰਕਾਰੀ ਰਿਉੜੀਆਂ ਤੋਂ ਦੂਰ ਰਹਿਣਗੇ। ਫਿਰ ਹੀ ਇਨਸਾਫ਼ ਲੈਣ ਵਾਲਿਆਂ ਲਈ ਭਗਵਾਨ ਦਾ ਰੁਤਬਾ ਰਹੇਗਾ।

# ਰੁਜ਼ਗਾਰ ਦੇ ਘਟਦੇ ਮੌਕੇ ਅਤੇ ਵਧਦੀ ਬੇਚੈਨੀ

ਲੇਖਕ : ਮਨਦੀਪ
ਸੰਪਰਕ: +1-438-924-2052


ਕਰੋਨਾ ਮਹਾਮਾਰੀ ਤੋਂ ਬਾਅਦ ਮੱਧ ਪੂਰਬੀ ਖਿੱਤੇ ਦੇ ਜੰਗੀ/ਸਰਹੱਦੀ ਕਲੇਸ਼ ਦਾ ਅਸਰ ਦਿਨ-ਬ-ਦਿਨ ਕੁੱਲ ਆਲਮ ਨੂੰ ਆਪਣੀ ਲਪੇਟ ਵਿੱਚ ਲੈ ਰਿਹਾ ਹੈ। ਰੂਸ ਯੂਕਰੇਨ ਅਤੇ ਇਜ਼ਰਾਈਲ ਫ਼ਲਸਤੀਨ ਜੰਗ ਜਿੱਥੇ ਹੋਰ ਲੰਮੀ ਖਿੱਚੀ ਜਾ ਰਹੀ ਹੈ ਉੱਥੇ ਮੱਧ ਪੂਰਬੀ ਖਿੱਤੇ ਦੇ ਇਰਦ-ਗਿਰਦ ਜੰਗੀ ਕਲੇਸ਼ ਦਾ ਘੇਰਾ ਲਗਾਤਾਰ ਵਧ ਰਿਹਾ ਹੈ। ਸੰਸਾਰ ਦੀਆਂ ਮਹਾਂ ਸ਼ਕਤੀਆਂ ਦੀ ਸਰਪ੍ਰਸਤੀ ਹੇਠ ਚੱਲ ਰਹੀਆਂ ਜੰਗਾਂ ਵਿੱਚ ਉਲਝੇ ਦੇਸ਼ਾਂ ਦੁਆਲੇ ਕਈ ਖੇਤਰੀ ਝਗੜੇ ਹੋਰ ਤਿੱਖੇ ਹੋ ਰਹੇ ਹਨ। ਸੰਸਾਰ ਦੇ ਦੋ ਵੱਡੇ ਤੇ ਪੁਰਾਣੇ ਵਿਰੋਧੀ ਧੜੇ ਦੁਨੀਆ ਦੇ ਸਾਰੇ ਮੁਲਕਾਂ ਨੂੰ ਇਨ੍ਹਾਂ ਜੰਗਾਂ ਦੇ ਇਰਦ-ਗਿਰਦ ਵੰਡਣ ਅਤੇ ਲਾਮਬੰਦ ਕਰਨ ਵਿੱਚ ਮਸਰੂਫ਼ ਹਨ।

ਇੱਕ ਪਾਸੇ ਅਮਰੀਕਾ ਦੀ ਅਗਵਾਈ ਵਾਲੀਆਂ ਪੱਛਮੀ ਤਾਕਤਾਂ ਦਾ ਗੱਠਜੋੜ ਹੈ ਅਤੇ ਦੂਜੇ ਪਾਸੇ ਰੂਸ ਤੇ ਉਸ ਦੇ ਕਮਜ਼ੋਰ ਭਾਈਵਾਲਾਂ ਦਾ ਧੜਾ ਹੈ। ਚੀਨ ਭਾਵੇਂ ਸਿੱਧੀ-ਅਸਿੱਧੀ ਫੌਜੀ ਕਾਰਵਾਈ ਜਾਂ ਜੰਗ ਦਾ ਹਿੱਸਾ ਨਹੀਂ ਬਣ ਰਿਹਾ ਪਰ ਆਲਮੀ ਵਪਾਰਕ ਜੰਗ ਦੇ ਹਿੱਤਾਂ ਦੀ ਰਾਖੀ ਲਈ ਉਸ ਦਾ ਅਮਰੀਕਾ ਵਿਰੋਧੀ ਤਾਕਤਾਂ ਨੂੰ ਕੂਟਨੀਤਿਕ ਅਤੇ ਵਿੱਤੀ-ਵਪਾਰਕ ਸਹਿਯੋਗ ਬੇਰੋਕ ਜਾਰੀ ਹੈ। ਸੰਸਾਰ ਦੇ ਦੋਵੇਂ ਧੜੇ ਆਪੋ-ਆਪਣੇ ਕੌਮਾਂਤਰੀ ਪਸਾਰਵਾਦੀ ਆਰਥਿਕ-ਸਿਆਸੀ ਹਿੱਤਾਂ ਲਈ ਜ਼ੋਰ-ਅਜ਼ਮਾਇਸ਼ ਕਰ ਰਹੇ ਹਨ। ਇਨ੍ਹਾਂ ਤਾਕਤਾਂ ਦੀ ਨੂਰਾ ਕੁਸ਼ਤੀ ਵਿਚਕਾਰ ਸੰਸਾਰ ਦੇ ਆਮ ਲੋਕ ਪਿਸ ਰਹੇ ਹਨ। ਸਾਮਰਾਜੀ ਜੰਗਾਂ-ਝਗੜਿਆਂ ਅਤੇ ਇਨ੍ਹਾਂ ਤਾਕਤਾਂ ਦੀਆਂ ਆਰਥਿਕ-ਸਿਆਸੀ ਤੇ ਕੂਟਨੀਤਕ ਨੀਤੀਆਂ ਕਰ ਕੇ ਕੁੱਲ ਸੰਸਾਰ ਵਿੱਚ ਮਹਿੰਗਾਈ, ਬੇਰੁਜ਼ਗਾਰੀ, ਗਰੀਬੀ, ਰਿਹਾਇਸ਼ੀ ਘਰਾਂ ਦਾ ਸੰਕਟ, ਟੈਕਸ ਬੋਝ, ਨਸਲੀ ਵਿਤਕਰੇਬਾਜ਼ੀ, ਸ਼ਰਨਾਰਥੀ ਤੇ ਪਰਵਾਸ ਸੰਕਟ ਲਗਾਤਾਰ ਹੋਰ ਗਹਿਰਾ ਹੋ ਰਿਹਾ ਹੈ। ਜਿੱਥੇ ਇਸ ਸਾਮਰਾਜੀ ਉਜਾੜੇ ਦਾ ਸਭ ਤੋਂ ਵੱਧ ਸ਼ਿਕਾਰ ਸੰਸਾਰ ਦੇ ਵਿਕਾਸਸ਼ੀਲ ਮੁਲਕਾਂ ਦੇ ਲੋਕ ਹੋ ਰਹੇ ਹਨ, ਉੱਥੇ ਇਸ ਦੇ ਦੁਰਪ੍ਰਭਾਵ ਦੇ ਚਿੰਨ੍ਹ ਵਿਕਾਸਸ਼ੀਲ ਮੁਲਕਾਂ ਵਿੱਚ ਵੀ ਉੱਘੜ ਰਹੇ ਹਨ।

ਵਿਕਾਸਸ਼ੀਲ ਮੁਲਕਾਂ ਦੀ ਤੁਲਨਾ ਵਿੱਚ ਵਿਕਸਿਤ ਪੂੰਜੀਵਾਦੀ ਮੁਲਕਾਂ ਵਿੱਚ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ ਆਦਿ ਸੰਕਟ ਬਹੁਤੀ ਦਫ਼ਾ 'ਆਮ ਵਰਤਾਰਾ' ਨਹੀਂ ਰਹੇ ਪਰ ਵਿਸ਼ਵੀਕਰਨ ਅਧੀਨ ਸੰਸਾਰ ਦੇ ਲਗਾਤਾਰ ਤੇਜ਼ੀ ਨਾਲ ਹੋ ਰਹੇ ਪੂੰਜੀਵਾਦੀ ਵਿਕਾਸ ਅਤੇ ਇਸ ਤੋਂ ਪੈਦਾ ਹੋਏ ਵਿਨਾਸ਼ ਕਾਰਨ, ਵਿਸ਼ਵ ਤਾਕਤਾਂ ਵੀ ਪੂੰਜੀਵਾਦੀ ਉਜਾੜੇ ਦੇ ਦੁਰਪ੍ਰਭਾਵਾਂ ਦੀ ਲਪੇਟ ਵਿੱਚ ਆ ਰਹੀਆਂ ਹਨ। ਪਿਛਲੇ ਕੁਝ ਦਹਾਕਿਆਂ ਤੋਂ ਗਿਣਤੀ ਦੇ ਘੱਟ-ਵੱਧ ਅੰਤਰ ਨਾਲ ਕੈਨੇਡਾ, ਅਮਰੀਕਾ, ਆਸਟਰੇਲੀਆ, ਨਿਊਜ਼ੀਲੈਂਡ, ਇੰਗਲੈਂਡ ਆਦਿ ਮੁਲਕਾਂ ਵਿੱਚ ਬੇਸ਼ੁਮਾਰ ਪਰਵਾਸ ਦੇ ਬਾਵਜੂਦ ਬੇਰੁਜ਼ਗਾਰੀ ਆਮ ਵਰਤਾਰਾ ਨਹੀਂ ਰਹੀ। ਇਸ ਦੇ ਉਲਟ ਇਨ੍ਹਾਂ ਮੁਲਕਾਂ ਵਿੱਚ ਵੱਖ-ਵੱਖ ਖੇਤਰਾਂ ਵਿੱਚ ਹੁਨਰਮੰਦ ਕਾਮਿਆਂ ਦੀ ਵਕਤੀ-ਬੇਵਕਤੀ ਘਾਟ ਰਹੀ ਹੈ। ਵੱਖ-ਵੱਖ ਖੇਤਰਾਂ ਵਿੱਚ ਲੇਬਰ ਦੀ ਇਸੇ ਘਾਟ ਦੀ ਪੂਰਤੀ ਲਈ ਇਨ੍ਹਾਂ ਵਿਕਸਿਤ ਪੂੰਜੀਵਾਦੀ ਮੁਲਕਾਂ ਨੇ ਵਿਕਾਸਸ਼ੀਲ ਮੁਲਕਾਂ ਦੇ ਹੁਨਰਮੰਦ ਕਾਮਿਆਂ ਲਈ ਵੱਖ-ਵੱਖ ਤਰ੍ਹਾਂ ਦੇ ਇਮੀਗ੍ਰੇਸ਼ਨ ਪ੍ਰੋਗਰਾਮ ਚਲਾ ਕੇ ਆਪਣੇ ਮੁਲਕਾਂ ਦੇ ਪੈਦਾਵਾਰੀ ਖੇਤਰਾਂ ਨੂੰ ਹੋਰ ਵੱਧ ਨਿਪੁੰਨ ਤੇ ਵਿਕਸਿਤ ਕੀਤਾ ਹੈ।

ਸਾਮਰਾਜੀ ਮੁਲਕਾਂ ਦੇ ਇਨ੍ਹਾਂ ਪੈਦਾਵਾਰੀ ਖੇਤਰਾਂ ਦੀਆਂ ਪੈਦਾਵਾਰੀ ਵਸਤੂਆਂ ਦੀਆਂ ਮੰਡੀਆਂ ਵੀ ਮੋੜਵੇਂ ਰੂਪ ਵਿੱਚ ਵਿਕਾਸਸ਼ੀਲ ਮੁਲਕ ਹੀ ਬਣਦੇ ਰਹੇ ਹਨ। ਪਿਛਲੇ ਇੱਕ ਦਹਾਕੇ ਵਿੱਚ ਇਨ੍ਹਾਂ ਮੁਲਕਾਂ ਦੇ ਪੈਦਾਵਾਰੀ ਖੇਤਰ ਵਿੱਚ ਆਈ ਤੇਜ਼ੀ ਵਿੱਚ ਜਿੱਥੇ ਸਾਮਰਾਜੀ ਸਰਮਾਏ ਤੇ ਨਵੀਂ ਤਕਨੀਕ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ, ਉੱਥੇ ਸਸਤੀ ਤੇ ਹੁਨਰਮੰਦ ਪਰਵਾਸੀ ਕਿਰਤ ਦੀ ਵਰਤੋਂ ਨਾਲ ਇਨ੍ਹਾਂ ਸਾਮਰਾਜੀ ਮੁਲਕਾਂ ਨੇ ਮੰਡੀ ਦੀਆਂ ਲੋੜਾਂ ਤੋਂ ਵੱਧ ਪੈਦਾਵਾਰ ਕਰ ਕੇ ਵੱਖ-ਵੱਖ ਜਿਣਸਾਂ ਦੇ ਅੰਬਾਰ ਲਾ ਲਏ। ਇਸ ਵਾਧੂ ਪੈਦਾਵਾਰ ਦੀ ਖਪਤ ਲਈ ਸਾਮਰਾਜੀ ਤਾਕਤਾਂ ਵਿਚਕਾਰ ਵਪਾਰਕ ਜੰਗ ਦੇ ਚੱਲਦਿਆਂ ਸੰਸਾਰ ਭਰ ਵਿੱਚ ਮੰਡੀਆਂ ਦੇ ਪਸਾਰ ਦੀ ਹੋੜ ਲੱਗ ਗਈ। ਜਿਣਸਾਂ ਦੀ ਖਪਤ, ਮੰਡੀ ਦੇ ਪਸਾਰ ਅਤੇ ਸੰਸਾਰ ਚੌਧਰ ਲਈ ਇੱਕ ਤੋਂ ਬਾਅਦ ਇੱਕ ਜੰਗਾਂ ਤੇ ਖੇਤਰੀ-ਸਰਹੱਦੀ ਝਗੜਿਆਂ-ਵਿਵਾਦਾਂ ਦੀ ਲੜੀ ਸ਼ੁਰੂ ਕੀਤੀ ਗਈ।

ਸਰਹੱਦੀ ਵਿਵਾਦਾਂ, ਜੰਗਾਂ ਤੇ ਖੇਤਰੀਆਂ ਝਗੜਿਆਂ ਕਾਰਨ ਵਪਾਰਕ ਸਬੰਧਾਂ ਅਤੇ ਆਰਥਿਕ-ਵਪਾਰਕ ਰੋਕਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਪੱਛਮੀ ਖੇਮੇ ਦੇ ਦੇਸ਼ਾਂ ਨੇ ਮਿਲ ਕੇ ਰੂਸ ਉੱਤੇ ਆਰਥਿਕ ਰੋਕਾਂ ਲਗਾ ਦਿੱਤੀਆਂ। ਰੂਸ ਨੇ ਭਾਰਤ-ਚੀਨ ਸਮੇਤ ਅਮਰੀਕਾ ਵਿਰੋਧੀ ਮੱਧ-ਪੂਰਬੀ ਤੇ ਖੱਬੇ ਪੱਖੀ ਅਤੀਤ ਵਾਲੇ ਕਈ ਲਾਤੀਨੀ ਮੁਲਕਾਂ ਨਾਲ ਵਪਾਰਕ ਸਾਂਝ ਦਾ ਹੱਥ ਵਧਾ ਦਿੱਤਾ। ਰੂਸ ਨਾਲ ਵਪਾਰਕ ਸਾਂਝ ਰੱਖਣ ਵਾਲੇ ਦੇਸ਼ਾਂ ਨੂੰ ਲਗਾਤਾਰ ਅਮਰੀਕੀ ਸਾਮਰਾਜੀ ਵਿਰੋਧ ਤੇ ਕੂਟਨੀਤਕ ਘੁਰਕੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।




> "ਸਾਮਰਾਜੀ ਨੀਤੀਆਂ ਕਾਰਨ ਧੀਮੀ ਹੋਈ ਗਲੋਬਲ ਆਰਥਿਕਤਾ ਕਾਰਨ ਵਸਤੂਆਂ ਅਤੇ ਸੇਵਾਵਾਂ ਦੀ ਮੰਗ ਲਗਾਤਾਰ ਘਟੀ ਹੈ ਜਿਸ ਨਾਲ ਵੱਡੇ ਕਾਰੋਬਾਰੀਆਂ ਨੇ ਇੱਕ ਤਾਂ ਆਪਣੇ ਕਾਮਿਆਂ ਦੀ ਛਾਂਟੀ ਕਰ ਕੇ ਲਾਗਤਾਂ ਨੂੰ ਘੱਟ ਕੀਤਾ ਹੈ; ਦੂਸਰਾ ਨਵੀਂ ਤਕਨੀਕ (ਖਾਸਕਰ ਮਸਨੂਈ ਬੁੱਧੀ) ਦੇ ਵਾਧੇ ਨਾਲ ਰਵਾਇਤੀ ਉਦਯੋਗ ਅਤੇ ਰਵਾਇਤੀ ਕਾਮੇ ਕਿਰਤ ਮੰਡੀ ਵਿੱਚ ਬੇਮੇਚੇ ਹੁਨਰ ਕਰਕੇ ਮੁਕਾਬਲੇ ਵਿੱਚੋਂ ਬਾਹਰ ਹੋ ਗਏ ਹਨ ਜਿਸ ਨਾਲ ਰੁਜ਼ਗਾਰ ਸੰਕਟ ਹੋਰ ਗਹਿਰਾ ਹੋ ਗਿਆ ਹੈ। ਸਾਮਰਾਜੀ ਮੁਲਕਾਂ ਵਿੱਚੋਂ ਕ੍ਰਮਵਾਰ ਅਮਰੀਕਾ, ਆਸਟਰੇਲੀਆ ਅਤੇ ਇੰਗਲੈਂਡ ਵਿੱਚ ਸਾਲ 2024 (ਅਗਸਤ-ਸਤੰਬਰ) ਵਿੱਚ ਬੇਰੁਜ਼ਗਾਰੀ ਦਰ 4.1% ਰਹੀ ਹੈ। ਨਿਊਜ਼ੀਲੈਂਡ ਵਿੱਚ ਬੇਰੁਜ਼ਗਾਰੀ ਦਰ 4.3% ਅਤੇ ਸਤੰਬਰ 2024 ਦੇ ਤਾਜ਼ਾ ਅੰਕੜਿਆਂ ਮੁਤਾਬਕ ਕੈਨੇਡਾ ਵਿੱਚ ਸਭ ਤੋਂ ਵੱਧ 6.5% ਰਹੀ ਹੈ। ਇਨ੍ਹਾਂ ਦੇਸ਼ਾਂ ਵਿੱਚ ਹਕੀਕੀ ਹਾਲਾਤ ਬੇਰੁਜ਼ਗਾਰੀ ਦੇ ਸਰਕਾਰੀ ਅੰਕੜਿਆਂ ਤੋਂ ਕਿਤੇ ਬਦਤਰ ਹਨ। ਇਨ੍ਹਾਂ ਮੁਲਕਾਂ ਵਿੱਚ ਨਵੇਂ ਪਰਵਾਸੀਆਂ ਤੇ ਆਮ ਲੋਕਾਂ ਕੋਲ ਨੌਕਰੀ ਜਾਂ ਛੋਟਾ-ਮੋਟਾ ਧੰਦਾ ਨਾ ਹੋਣ ਦਾ ਅਰਥ ਜ਼ਿੰਦਗੀ ਦੀ ਬਰਬਾਦੀ। ਵੱਡੀਆਂ ਕੰਪਨੀਆਂ ਦੀ ਇਜਾਰੇਦਾਰੀ, ਧੀਮੀ ਹੋਈ ਗਲੋਬਲ ਆਰਥਿਕਤਾ ਤੇ ਮੁਕਾਬਲੇਬਾਜ਼ੀ ਕਾਰਨ ਛੋਟੇ-ਮੋਟੇ ਕਾਰੋਬਾਰ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹਨ ਬਲਕਿ ਛੋਟੇ ਕਾਰੋਬਾਰ ਲਗਾਤਾਰ ਬੰਦ ਹੋ ਰਹੇ ਹਨ। ਦੂਸਰਾ ਇਨ੍ਹਾਂ ਮੁਲਕਾਂ ਵਿੱਚ ਰੋਟੀ-ਕੱਪੜਾ-ਮਕਾਨ, ਸਿੱਖਿਆ, ਸਿਹਤ, ਕਾਰ ਆਦਿ ਜਿਹੀਆਂ ਮਹਿੰਗੀਆਂ ਤੇ ਬੁਨਿਆਦੀ ਲੋੜਾਂ ਲਈ ਰੁਜ਼ਗਾਰ ਅਣਸਰਦੀ ਲੋੜ ਹੈ।"

ਸਾਮਰਾਜੀ ਤਾਕਤਾਂ ਦੀ ਧੜੇਬੰਦੀ ਕਾਰਨ ਵਿਸ਼ਵ ਵਪਾਰਕ ਆਵਾਜਾਈ ਲਈ ਅਹਿਮ ਲਾਲ ਸਾਗਰ, ਕਾਲਾ ਸਾਗਰ ਅਤੇ ਹਿੰਦ ਪ੍ਰਸ਼ਾਂਤ ਮਹਾਸਾਗਰ ਦੇ ਆਲੇ-ਦੁਆਲੇ ਦਾ ਖੇਤਰ ਵਿਸ਼ਵ ਵਪਾਰ ਨੂੰ ਬੁਰੇ ਰੁਖ ਪ੍ਰਭਾਵਿਤ ਕਰ ਰਿਹਾ ਹੈ। ਇਨ੍ਹਾਂ ਜੰਗਾਂ ਤੇ ਝਗੜਿਆਂ ਤੋਂ ਪ੍ਰਭਾਵਿਤ ਵਿਸ਼ਵ ਵਪਾਰ ਕਾਰਨ ਵਸਤਾਂ ਦੀ ਸਪਲਾਈ ਦੀ ਘਾਟ ਅਤੇ ਸਪਲਾਈ ਦੀ ਇਸ ਘਾਟ ਵਿੱਚੋਂ ਪੈਦਾ ਹੋਈ ਮੰਗ ਕਾਰਨ ਕੀਮਤਾਂ ਵਿੱਚ ਹੋਏ ਬੇਸ਼ੁਮਾਰ ਵਾਧੇ ਕਰ ਕੇ ਕੁੱਲ ਆਲਮ ਮਹਿੰਗਾਈ ਦੀ ਮਾਰ ਹੇਠ ਆ ਗਿਆ ਹੈ। ਇਸੇ ਕਰ ਕੇ ਕਰੋਨਾ ਕਾਲ ਤੋਂ ਲੈ ਕੇ ਮੌਜੂਦਾ ਜੰਗਾਂ-ਝਗੜਿਆਂ ਦੇ ਚੱਲਦਿਆਂ ਆਮ ਲੋਕਾਂ ਦਾ ਗੁਜ਼ਰ-ਬਸਰ ਬੇਹੱਦ ਮੁਸ਼ਕਿਲ ਹੋ ਰਿਹਾ ਹੈ ਅਤੇ ਸੰਸਾਰ ਕਾਰਪੋਰੇਟ ਘਰਾਣਿਆਂ ਦੇ ਸੁਪਰ ਮੁਨਾਫਿਆਂ ਵਿੱਚ ਕਈ-ਕਈ ਸੌ ਫੀਸਦੀ ਇਜ਼ਾਫਾ ਹੋ ਰਿਹਾ ਹੈ।

ਸਾਮਰਾਜੀ ਨੀਤੀਆਂ ਕਾਰਨ ਧੀਮੀ ਹੋਈ ਗਲੋਬਲ ਆਰਥਿਕਤਾ ਕਾਰਨ ਵਸਤੂਆਂ ਅਤੇ ਸੇਵਾਵਾਂ ਦੀ ਮੰਗ ਲਗਾਤਾਰ ਘਟੀ ਹੈ ਜਿਸ ਨਾਲ ਵੱਡੇ ਕਾਰੋਬਾਰੀਆਂ ਨੇ ਇੱਕ ਤਾਂ ਆਪਣੇ ਕਾਮਿਆਂ ਦੀ ਛਾਂਟੀ ਕਰ ਕੇ ਲਾਗਤਾਂ ਨੂੰ ਘੱਟ ਕੀਤਾ ਹੈ; ਦੂਸਰਾ ਨਵੀਂ ਤਕਨੀਕ (ਖਾਸਕਰ ਮਸਨੂਈ ਬੁੱਧੀ) ਦੇ ਵਾਧੇ ਨਾਲ ਰਵਾਇਤੀ ਉਦਯੋਗ ਅਤੇ ਰਵਾਇਤੀ ਕਾਮੇ ਕਿਰਤ ਮੰਡੀ ਵਿੱਚ ਬੇਮੇਚੇ ਹੁਨਰ ਕਰਕੇ ਮੁਕਾਬਲੇ ਵਿੱਚੋਂ ਬਾਹਰ ਹੋ ਗਏ ਹਨ ਜਿਸ ਨਾਲ ਰੁਜ਼ਗਾਰ ਸੰਕਟ ਹੋਰ ਗਹਿਰਾ ਹੋ ਗਿਆ ਹੈ। ਸਾਮਰਾਜੀ ਮੁਲਕਾਂ ਵਿੱਚੋਂ ਕ੍ਰਮਵਾਰ ਅਮਰੀਕਾ, ਆਸਟਰੇਲੀਆ ਅਤੇ ਇੰਗਲੈਂਡ ਵਿੱਚ ਸਾਲ 2024 (ਅਗਸਤ-ਸਤੰਬਰ) ਵਿੱਚ ਬੇਰੁਜ਼ਗਾਰੀ ਦਰ 4.1% ਰਹੀ ਹੈ। ਨਿਊਜ਼ੀਲੈਂਡ ਵਿੱਚ ਬੇਰੁਜ਼ਗਾਰੀ ਦਰ 4.3% ਅਤੇ ਸਤੰਬਰ 2024 ਦੇ ਤਾਜ਼ਾ ਅੰਕੜਿਆਂ ਮੁਤਾਬਕ ਕੈਨੇਡਾ ਵਿੱਚ ਸਭ ਤੋਂ ਵੱਧ 6.5% ਰਹੀ ਹੈ। ਇਨ੍ਹਾਂ ਦੇਸ਼ਾਂ ਵਿੱਚ ਹਕੀਕੀ ਹਾਲਾਤ ਬੇਰੁਜ਼ਗਾਰੀ ਦੇ ਸਰਕਾਰੀ ਅੰਕੜਿਆਂ ਤੋਂ ਕਿਤੇ ਬਦਤਰ ਹਨ। ਇਨ੍ਹਾਂ ਮੁਲਕਾਂ ਵਿੱਚ ਨਵੇਂ ਪਰਵਾਸੀਆਂ ਤੇ ਆਮ ਲੋਕਾਂ ਕੋਲ ਨੌਕਰੀ ਜਾਂ ਛੋਟਾ-ਮੋਟਾ ਧੰਦਾ ਨਾ ਹੋਣ ਦਾ ਅਰਥ ਜ਼ਿੰਦਗੀ ਦੀ ਬਰਬਾਦੀ। ਵੱਡੀਆਂ ਕੰਪਨੀਆਂ ਦੀ ਇਜਾਰੇਦਾਰੀ, ਧੀਮੀ ਹੋਈ ਗਲੋਬਲ ਆਰਥਿਕਤਾ ਤੇ ਮੁਕਾਬਲੇਬਾਜ਼ੀ ਕਾਰਨ ਛੋਟੇ-ਮੋਟੇ ਕਾਰੋਬਾਰ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹਨ ਬਲਕਿ ਛੋਟੇ ਕਾਰੋਬਾਰ ਲਗਾਤਾਰ ਬੰਦ ਹੋ ਰਹੇ ਹਨ। ਦੂਸਰਾ ਇਨ੍ਹਾਂ ਮੁਲਕਾਂ ਵਿੱਚ ਰੋਟੀ-ਕੱਪੜਾ-ਮਕਾਨ, ਸਿੱਖਿਆ, ਸਿਹਤ, ਕਾਰ ਆਦਿ ਜਿਹੀਆਂ ਮਹਿੰਗੀਆਂ ਤੇ ਬੁਨਿਆਦੀ ਲੋੜਾਂ ਲਈ ਰੁਜ਼ਗਾਰ ਅਣਸਰਦੀ ਲੋੜ ਹੈ।

ਅਰਧ ਬੇਰੁਜ਼ਗਾਰੀ ਵਿੱਚ ਸ਼ੁਮਾਰ ਅਸਥਾਈ ਨੌਕਰੀਆਂ, ਘੱਟ ਉਜਰਤਾਂ ਤੇ ਘੱਟ ਸਹੂਲਤਾਂ ਵਾਲੀਆਂ ਨੌਕਰੀਆਂ, ਅਸੁਰੱਖਿਅਤ ਤੇ ਬਿਨਾਂ ਲਾਭ ਵਾਲੀਆਂ ਨੌਕਰੀਆਂ ਅਤੇ ਪਾਰਟ-ਟਾਈਮ ਨੌਕਰੀਆਂ ਬੇਰੁਜ਼ਗਾਰੀ ਦੇ ਅੰਕੜਿਆਂ ਤੋਂ ਬਾਹਰ ਹਨ। 'ਫਾਈਵ ਆਈਜ਼' ਨਾਲ ਜਾਣੇ ਜਾਂਦੇ ਇਹੀ ਉਹ ਵਿਕਸਿਤ ਪੂੰਜੀਵਾਦੀ ਮੁਲਕ ਹਨ ਜਿਨ੍ਹਾਂ ਵੱਲ ਦੁਨੀਆ ਭਰ ਦੇ ਵੱਖ-ਵੱਖ ਮੁਲਕਾਂ ਵਿੱਚੋਂ ਪਰਵਾਸ ਦਾ ਵਹਿਣ ਸਭ ਤੋਂ ਵੱਧ ਵਹਿ ਰਿਹਾ ਹੈ ਅਤੇ ਇਨ੍ਹਾਂ ਮੁਲਕਾਂ ਵਿੱਚ ਨਵੇਂ ਪਰਵਾਸੀਆਂ ਨੂੰ ਸਭ ਤੋਂ ਵੱਧ ਬੇਰੁਜ਼ਗਾਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਪੰਜਾਂ ਮੁਲਕਾਂ ਨੇ ਪਿਛਲੇ ਦੋ-ਤਿੰਨ ਸਾਲਾਂ ਤੋਂ ਬੜੀ ਤੇਜ਼ੀ ਨਾਲ ਆਪਣੀਆਂ ਇਮੀਗ੍ਰੇਸ਼ਨ ਤੇ ਉਸ ਦੇ ਅਨੁਸਾਰੀ ਵੀਜ਼ਾ ਤੇ ਸਿੱਖਿਆ ਨੀਤੀਆਂ ਵਿੱਚ ਵੱਡੀਆਂ ਤੇ ਤਿੱਖੀਆਂ ਤਬਦੀਲੀਆਂ ਕੀਤੀਆਂ ਹਨ। ਇਨ੍ਹਾਂ ਮੁਲਕਾਂ ਵਿੱਚ ਨਸਲੀ ਵਿਤਕਰੇ, ਧੋਖਾਧੜੀ, ਸ਼ੋਸ਼ਣ ਅਤੇ ਕਿਰਤ ਲੁੱਟ ਦੇ ਸਭ ਤੋਂ ਵੱਧ ਕੇਸ ਸਾਹਮਣੇ ਆਏ ਹਨ ਅਤੇ ਕਿਰਤ ਕਰਨ ਵਾਲਿਆਂ ਵਿੱਚ ਬੇਗਾਨਗੀ ਤੇ ਬੇਚੈਨੀ ਦਾ ਤਿੱਖਾ ਇਜ਼ਹਾਰ ਹੋ ਰਿਹਾ ਹੈ।

ਹਾਲਤ ਦਾ ਕਰੂਰ ਪਹਿਲੂ ਇਹ ਵੀ ਹੈ ਕਿ ਕੈਨੇਡਾ ਵਰਗੇ ਮੁਲਕ ਵਿੱਚ 2022 ਵਿੱਚ ਪ੍ਰਤੀ ਵਿਅਕਤੀ ਆਮਦਨ ਵਿੱਚ 3% ਦਾ ਵਾਧਾ ਹੋਇਆ ਪਰ ਮਹਿੰਗਾਈ ਦਰ 6.8% ਦੀ ਗਤੀ ਨਾਲ ਛੜੱਪੇ ਮਾਰ ਕੇ ਵਧੀ। ਵਿਕਸਿਤ ਮੁਲਕਾਂ ਵਿੱਚ ਗੁਜ਼ਰ-ਬਸਰ ਦੀਆਂ ਕੀਮਤਾਂ, ਫੈਡਰਲ ਬੈਂਕਾਂ ਦੀਆਂ ਵਿਆਜ ਦਰਾਂ, ਰਿਹਾਇਸ਼ੀ ਘਰਾਂ ਦੇ ਕਿਰਾਏ ਤੇ ਟੈਕਸ ਲਗਾਤਾਰ ਉਪਰ ਵੱਲ ਜਾ ਰਹੇ ਹਨ ਅਤੇ ਲੋਕਾਂ ਦੀ ਆਮਦਨ, ਨੌਕਰੀਆਂ ਤੇ ਰਿਹਾਇਸ਼ੀ ਘਰਾਂ ਦੀ ਜ਼ਰੂਰਤ ਲੁੜਕ ਰਹੀ ਹੈ। ਇਨ੍ਹਾਂ ਦੇਸ਼ਾਂ ਵਿੱਚ ਆਰਥਿਕ ਸੰਕਟ ਦੀ ਤੇਜ਼ੀ ਨਾਲ ਹੋ ਰਹੀ ਆਮਦ ਦਾ ਸਹਿਮ ਵਧ ਰਿਹਾ ਹੈ ਅਤੇ ਸ਼ੇਅਰ ਮਾਰਕਿਟ, ਰੀਅਲ ਅਸਟੇਟ ਤੇ ਬੈਂਕਿੰਗ ਸੈਕਟਰ ਲਗਾਤਾਰ ਉਤਰਾਅ-ਚੜ੍ਹਾਅ ਦੀ ਘੁੰਮਣਘੇਰੀ ਵਿੱਚ ਫਸਿਆ ਹੋਇਆ ਹੈ। ਇਮੀਗ੍ਰੇਸ਼ਨ ਤੇ ਕਿਰਤ ਕਾਨੂੰਨਾਂ ਵਿੱਚ ਤਿੱਖੀਆਂ ਸੋਧਾਂ ਦਾ ਵਰਤਾਰਾ ਸਭਨਾਂ ਵਿਕਸਿਤ ਮੁਲਕਾਂ ਵਿੱਚ ਇਕਸਾਰ ਤੇਜ਼ ਹੋ ਰਿਹਾ ਹੈ।

ਸਾਮਰਾਜੀ ਦੇਸ਼ਾਂ ਵਿੱਚ ਨੌਜਵਾਨਾਂ ਤੇ ਕੌਮਾਂਤਰੀ ਵਿਦਿਆਰਥੀਆਂ ਲਈ ਨੌਕਰੀਆਂ ਦਾ ਸੰਕਟ ਸਭ ਤੋਂ ਵੱਧ ਚਿੰਤਾਜਨਕ ਹੈ। ਕੌਮਾਂਤਰੀ ਵਿਦਿਆਰਥੀਆਂ ਲਈ ਮਹਿੰਗੀਆਂ ਫੀਸਾਂ, ਮਹਿੰਗੇ ਰਿਹਾਇਸ਼ੀ ਕਿਰਾਏ, ਮਹਿੰਗੀ ਗਰੌਸਰੀ, ਇਕਲਾਪਾ, ਭਾਸ਼ਾ ਤੇ ਸੱਭਿਆਚਾਰਕ ਵਖਰੇਵੇਂ ਆਦਿ ਮੁਸ਼ਕਿਲਾਂ ਦੇ ਚੱਲਦਿਆਂ ਗੁਜ਼ਾਰੇ ਲਈ ਪਾਰਟ ਟਾਈਮ ਨੌਕਰੀਆਂ ਲੱਭਣਾ ਸਭ ਤੋਂ ਵੱਧ ਔਖਾ ਕਾਰਜ ਹੈ। ਸਟੈਟਿਸਟਿਕਸ ਕੈਨੇਡਾ ਦੇ ਮਈ 2023 ਦੇ ਸਰਵੇ ਮੁਤਾਬਿਕ, 15 ਤੋਂ 24 ਸਾਲ ਦੇ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦਰ 10.7% ਹੈ। ਇਹੀ ਵਰਤਾਰਾ ਬਾਕੀ ਦੇ ਵਿਕਸਿਤ ਮੁਲਕਾਂ ਵਿੱਚ ਹੈ। ਵਿਦੇਸ਼ਾਂ ਵਿੱਚ ਹੋਰਾਂ ਮੁਲਕਾਂ ਦੀ ਤੁਲਨਾ ਵਿੱਚ ਭਾਰਤੀ ਨੌਜਵਾਨਾਂ, ਵਿਦਿਆਰਥੀਆਂ ਤੇ ਪਰਵਾਸੀਆਂ ਦੀ ਬਦਤਰ ਹਾਲਤ ਦੀਆਂ ਘਟਨਾਵਾਂ ਉਭਰਵੇਂ ਰੂਪ ਵਿੱਚ ਸੁਰਖੀਆਂ ਵਿੱਚ ਰਹਿੰਦੀਆਂ ਹਨ। ਇਸ ਦਾ ਉਘੜਵਾਂ ਕਾਰਨ ਭਾਰਤ ਵਿੱਚ ਨੌਜਵਾਨਾਂ ਵਿੱਚ ਸਭ ਤੋਂ ਵੱਧ ਬੇਰੁਜ਼ਗਾਰੀ ਹੈ। ਕੌਮਾਂਤਰੀ ਕਿਰਤ ਸੰਸਥਾ ਦੇ 2024 ਦੇ ਅੰਕੜੇ ਮੁਤਾਬਿਕ ਭਾਰਤ ਵਿੱਚ ਕੁੱਲ ਬੇਰੁਜ਼ਗਾਰਾਂ ਵਿੱਚੋਂ 83% ਕੇਵਲ ਨੌਜਵਾਨ ਬੇਰੁਜ਼ਗਾਰ ਹਨ। ਹਜ਼ਾਰਾਂ ਭਾਰਤੀ ਨੌਜਵਾਨਾਂ ਨੂੰ ਜੰਗ ਵਿੱਚ ਉਲਝੇ ਹੋਏ ਯੂਕਰੇਨ ਤੇ ਮੱਧ-ਪੂਰਬੀ ਦੇਸ਼ਾਂ ਵਿੱਚ ਘੱਟ ਉਜਰਤ ਤੇ ਕੰਮ ਕਰਨ ਜਾਣਾ ਪੈ ਰਿਹਾ ਹੈ। ਭਾਰਤ ਵਿਚਲੀ ਬੇਰੁਜ਼ਗਾਰੀ, ਨਸ਼ੇ, ਗਰੀਬੀ, ਅਸੁਰੱਖਿਅਤ ਭਵਿੱਖ ਤੇ ਹੋਰ ਤੰਗੀਆਂ-ਤੁਰਸ਼ੀਆਂ ਦੇ ਧੱਕੇ ਨੌਜਵਾਨ-ਵਿਦਿਆਰਥੀ ਵਿਦੇਸ਼ਾਂ ਵੱਲ ਪਰਵਾਸ ਕਰਨ ਲਈ ਮਜਬੂਰ ਹੋ ਰਹੇ ਹਨ ਪਰ ਬਦਲਦੇ ਹਾਲਾਤ ਕਰ ਕੇ ਵਿਦੇਸ਼ੀ ਧਰਤ ਵੀ ਉਨ੍ਹਾਂ ਦੇ ਸੁਫਨਿਆਂ ਦੀ ਸੈਰਗਾਹ ਨਹੀਂ ਰਹੀ।

ਤੇਜ਼ੀ ਨਾਲ ਬਦਲ ਰਹੇ ਵਿਸ਼ਵ ਆਰਥਿਕ ਸਿਆਸੀ ਹਾਲਾਤ ਕਾਰਨ ਵਿਦੇਸ਼ਾਂ ਵਿੱਚ ਸ਼ਰਨਾਰਥੀਆਂ, ਨੌਜਵਾਨਾਂ, ਕੌਮਾਂਤਰੀ ਵਿਦਿਆਰਥੀਆਂ ਅਤੇ ਪਰਵਾਸੀਆਂ ਨੂੰ ਵੱਡੇ ਆਰਥਿਕ-ਸਮਾਜਿਕ ਬੋਝ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਾਮਰਾਜੀ ਆਰਥਿਕ ਨੀਤੀਆਂ ਦੇ ਪੈਦਾ ਕੀਤੇ ਹੋਏ ਸੰਕਟ ਵਿੱਚ ਉਲਝੇ ਹੋਏ ਵਿਕਸਿਤ ਮੁਲਕ ਜਿੱਥੇ ਕਿਰਤ, ਸ਼ਰਨਾਰਥੀ ਤੇ ਇਮੀਗ੍ਰੇਸ਼ਨ ਕਾਨੂੰਨਾਂ ਵਿੱਚ ਤਿੱਖੀਆਂ ਸੋਧਾਂ ਕਰ ਰਹੇ ਹਨ ਉੱਥੇ ਇਹ ਮੁਲਕ ਆਪਣੇ ਘਰੇਲੂ ਤੇ ਕੌਮਾਂਤਰੀ ਸਿਆਸੀ ਲਾਹੇ ਲਈ ਪਰਵਾਸੀਆਂ ਨੂੰ ਸਮੁੱਚੇ ਸੰਕਟ ਦਾ ਜ਼ਿੰਮੇਵਾਰ ਬਣਾ ਕੇ ਪੇਸ਼ ਕਰ ਰਹੇ ਹਨ। ਵਿਦੇਸ਼ੀ ਸਰਕਾਰਾਂ ਵੱਲੋਂ ਪਰਵਾਸੀਆਂ ਨਾਲ ਸਖਤੀ ਨਾਲ ਪੇਸ਼ ਆਉਣ ਕਰ ਕੇ ਨਸਲੀ ਵਿਤਕਰੇਬਾਜ਼ੀ, ਸਹਿਮ ਤੇ ਸਮਾਜਿਕ-ਆਰਥਿਕ ਅਸੁਰੱਖਿਆ ਦਾ ਮਾਹੌਲ ਪਨਪ ਰਿਹਾ ਹੈ। ਪਰਵਾਸੀਆਂ ਸਮੇਤ ਲੋਕਾਂ ਦੀਆਂ ਬੁਨਿਆਦੀ ਲੋੜਾਂ, ਮਾਨਵੀ ਅਧਿਕਾਰਾਂ ਅਤੇ ਸੁਰੱਖਿਆ ਵੱਲ ਧਿਆਨ ਕੇਂਦਰਿਤ ਕਰਨ ਦੀ ਬਜਾਇ ਇਨ੍ਹਾਂ ਮੁਲਕਾਂ ਦੀਆਂ ਸਰਕਾਰਾਂ ਜੰਗੀ ਸਹਾਇਤਾ, ਨਸਲੀ ਵਿਤਕਰੇ, ਕੂਟਨੀਤਕ ਵਿਵਾਦਾਂ, ਲੋਕ ਵਿਰੋਧੀ ਕਾਨੂੰਨ ਲਾਗੂ ਕਰਨ ਵਿੱਚ ਲੱਗੀਆਂ ਹੋਈਆਂ ਹਨ। ਸਾਰੇ ਸਾਮਰਾਜੀ ਦੇਸ਼ਾਂ ਅੰਦਰ ਵਧਦੀ ਬੇਰੁਜ਼ਗਾਰੀ ਕਾਰਨ ਇਮੀਗ੍ਰੇਸ਼ਨ ਨੀਤੀਆਂ ਵਿਚ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ ਪਰ ਭਾਰਤ ਦੇ ਬੇਰੁਜ਼ਗਾਰੀ ਨਾਲ ਝੰਬੇ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਸੁਫਨ-ਦੇਸ਼ ਬਣੇ ਕੈਨੇਡਾ ਵੱਲੋਂ ਵਿਦੇਸ਼ੀ ਨਾਗਰਿਕਾਂ ਉੱਤੇ ਪਾਬੰਦੀਆਂ ਲਾਉਣ ਨੇ ਭਾਰਤ ਵਿੱਚੋਂ ਕੈਨੇਡਾ ਪਹੁੰਚਣ ਦੀ ਆਸ ਲਾਈ ਬੈਠੇ ਲੱਖਾਂ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਚਿੰਤਾਵਾਂ ਨੂੰ ਵੱਡੇ ਪੱਧਰ ਉੱਤੇ ਵਧਾ ਦਿੱਤਾ ਹੈ। ਇਸ ਦੇ ਨਾਲ ਹੀ ਸਾਮਰਾਜੀ ਦੇਸ਼ਾਂ ਅੰਦਰ ਵੱਖ-ਵੱਖ ਹਾਕਮ ਜਮਾਤੀ ਪਾਰਟੀਆਂ ਵੱਲੋਂ ਵਿਦੇਸ਼ੀ ਵਿਦਿਆਰਥੀਆਂ ਖ਼ਿਲਾਫ਼ ਫਾਸ਼ੀਵਾਦੀ ਜਨੂਨ ਭੜਕਾਇਆ ਜਾ ਰਿਹਾ ਹੈ।

ਵਿਦੇਸ਼ਾਂ ਵਿੱਚ ਚੰਗੇ ਭਵਿੱਖ ਤੇ ਬਿਹਤਰ ਜੀਵਨ ਲਈ ਸਥਾਨਕ ਕਿਰਤੀ ਕਾਮਿਆਂ, ਮੂਲ ਨਿਵਾਸੀਆਂ, ਕੌਮਾਂਤਰੀ ਵਿਦਿਆਰਥੀਆਂ, ਪਰਵਾਸੀਆਂ, ਬਹੁਕੌਮੀ ਲੋਕਾਂ ਵਿਚਕਾਰ ਏਕਤਾ ਤੇ ਸਾਂਝੀਵਾਲਤਾ ਬੇਹੱਦ ਜ਼ਰੂਰੀ ਹੈ। ਇਸੇ ਏਕਤਾ ਤੇ ਚੇਤਨਾ ਦੇ ਆਧਾਰ 'ਤੇ ਸਰਕਾਰਾਂ ਦੇ ਲੋਕ ਵਿਰੋਧੀ ਫੈਸਲਿਆਂ ਖਿਲਾਫ ਸੰਘਰਸ਼ ਦੀ ਆਵਾਜ਼ ਉਠਾਈ ਜਾਣੀ ਚਾਹੀਦੀ ਹੈ।

# ਕੇਂਦਰ ਅੰਦਰ ਹਾਕਮ ਧਿਰ ਦਾ ਵੰਡਵਾਦੀ ਰਵੱਈਆ, ਲੋਕਤੰਤਰ ਲਈ ਖ਼ਤਰਾ?

ਲੇਖਕ : ਜਗਦੀਸ਼ ਸਿੰਘ ਚੋਹਕਾ
ਸੰਪਰਕ : 9217997445 +1 403-285-4208


ਕਿਸੇ ਸਿਸਟਮ ਅਧੀਨ ਅੱਜ ਬਹੁਪਰਤੀ (ਮਿਲਿਆ-ਜੁਲਿਆ) ਜਨ-ਸਮੂਹ ਜਾਂ ਭਾਈਚਾਰਾ ਵਿਚਾਰਾਂ ਵਿੱਚ ਪੂਰੀ ਤਰ੍ਹਾਂ ਇੱਕ ਸੁਰ ਜਾਂ ਇੱਕ ਮੱਤ ਨਹੀਂ ਜੋ ਸਕਦਾ। ਪਰ ਹਰ ਸਭਿਅਕ ਅਤੇ ਉਸਾਰੂ ਵਿਚਾਰਾਂ ਵਾਲਾ ਸਮਾਜ ਇਹ ਤਾਂ ਚੰਗੀ ਤਰ੍ਹਾਂ ਜਾਣਦਾ ਅਤੇ ਸਮਝਦਾ ਹੈ ਕਿ ਲੋਕਤੰਤਰ ਅੰਦਰ ਸਰਵਸੰਮਤੀ ਨਾਲ ਫੈਸਲਾ ਲੈਣਾ ਕਿਉਂ ਜਰੂਰੀ ਹੁੰਦਾ ਹੈ। ਇਹ ਫੈਸਲੇ ਕਿਸ ਤਰ੍ਹਾਂ ਲਏ ਜਾਂਦੇ ਹਨ ਅਤੇ ਕਿ ਆਪਸੀ ਸਤਿਕਾਰ ਅਤੇ ਸਨਮਾਨ ਇਨ੍ਹਾਂ ਅੰਦਰ ਹੋ ਸਕਦਾ ਹੋਵੇ। ਇਹ ਵੀ ਨਹਾਇਤ ਜਰੂਰੀ ਹੈ, ਕਿ ਲੋਕ-ਤੰਤਰ ਅੰਦਰ ਤੋਂ ਅਰਥ ਵਿਵੱਸਥਾ ਦੀਆਂ ਜੜ੍ਹਾਂ ਵੀ ਤਾਂ ਹੀ ਮਜਬੂਤ ਹੋਣਗੀਆਂ ਜੇਕਰ ਲੋਕ-ਤੰਤਰ ਮਜਬੂਤ ਹੈ।

ਦੂਸਰੇ ਸੰਸਾਰ ਜੰਗ ਦੀ ਭਿਆਨਕ ਤਬਾਹੀ ਬਾਅਦ ਇਹ ਵੀ ਸਾਡੇ ਸਾਹਮਣੇ ਹੈ ਕਿ ਜਿੰਨੇ ਵੀ ਦੇਸ਼ ਸਾਮਰਾਜੀ ਬਸਤੀਵਾਦ ਦੇ ਚੁੰਗਲ 'ਚੋਂ ਬਾਹਰ ਆ ਜਾਣ ਤੇ ਮੁਕਤ ਹੋਏ, ਇਨ੍ਹਾਂ ਵਿੱਚ ਜਿਨ੍ਹਾਂ ਨੇ ਲੋਕਤੰਤਰ ਨੂੰ ਆਪਣਾਇਆ ਅਤੇ ਮੁਕਤੀ ਬਾਅਦ ਜਮਹੂਰੀ ਪ੍ਰਕਿਰਿਆ ਨੂੰ ਮਜਬੂਤ ਕਰਨ ਲਈ ਵੱਧੇ, ਉਹ ਨਵ-ਬਸਤੀਵਾਦ ਅਤੇ ਸਾਮਰਾਜਵਾਦ ਤੋਂ ਵੀ ਮੁਕਤ ਰਹੇ, ਕਿਉਂਕਿ ਉਥੋਂ ਦੇ ਲੋਕਾਂ ਨੇ ਬਸਤੀਵਾਦ ਤੋਂ ਜੋ ਛੁਟਕਾਰਾ ਪਾਉਣ ਲਈ ਲੱਖਾਂ ਲੋਕਾਂ ਨੇ ਕੁਰਬਾਨੀਆਂ ਕੀਤੀਆਂ, ਫਾਂਸੀਆਂ ਤੇ ਚੜ੍ਹੇ, ਲੰਬੀਆਂ ਸਜਾਵਾਂ ਕੱਟੀਆਂ ਅਤੇ ਜਾਇਦਾਦਾਂ ਦੀਆਂ ਕੁਰਕੀਆਂ ਵੀ ਕਰਾਈਆਂ ਤਾਂ ਜਾ ਕੇ ਦੇਸ਼ ਆਜਾਦ ਹੋਏ। ਇਹ ਉਨ੍ਹਾਂ ਲੋਕਾਂ ਦੀਆਂ ਕੁਰਬਾਨੀਆਂ ਤੇ ਲੰਬੇ ਸੰਘਰਸ਼ਾਂ ਦਾ ਨਤੀਜਾ ਸੀ। ਪਰ ! ਜਿਹੜੇ ਦੇਸ਼ਾਂ ਨੇ ਮੁੜ, ਬਸਤੀਵਾਦੀ ਸਾਮਰਾਜੀਆਂ ਦੀਆਂ ਨੀਤੀਆਂ ਨੂੰ ਜਾਰੀ ਰੱਖਿਆ ਅਤੇ ਉਨਾਂ ਸਾਮਰਾਜੀਆਂ ਦੀ ਕਠਪੁਤਲੀ ਬਣੇ ਰਹੇ ਹਨ, ਉਹ ਦੇਸ਼ ਅੱਜ ਵੀ ਗਰੀਬੀ ਗੁਰਬਤ ਦਾ ਹੀ ਸ਼ਿਕਾਰ ਹਨ। ਉਨ੍ਹਾਂ ਨੇ ਕਿਉਂਕਿ ਵਿਕਾਸ ਦਾ ਲੋਕਪੱਖੀ ਰਾਹ ਨਹੀਂ ਸਗੋਂ, ਲੁੱਟ-ਖਸੁੱਟ ਵਾਲਾ ਰਾਹ ਆਪਣਾਇਆ। ਜਿਸ ਕਰਕੇ ਉਨ੍ਹਾਂ ਦੇਸ਼ਾਂ 'ਚ ਗਰੀਬੀ, ਬੇਰੁਜ਼ਗਾਰੀ, ਕਪੋਸ਼ਨ, ਆਰਥਿਕ ਅਸਮਾਨਤਾ ਅਤੇ ਅਨਪੜ੍ਹਤਾ ਅੱਗੇ ਨਾਲੋਂ ਵੱਧੀ ਹੈ। ਉਹ ਪੁਰਾਣੀਆਂ ਚੁਣੌਤੀਆਂ ਵਿਰਾਸਤ 'ਚ ਮਿਲੀਆਂ ਹਨ, ਜਿਸ ਤੋਂ ਸਾਡੇ ਦੇਸ਼ ਭਗਤ ਤੇ ਆਵਾਮ ਮੁਕਤੀ ਚਾਹੁੰਦੀ ਸੀ ਉਹ ਅੱਜ ਵੀ ਦੁਰਮੇਸ਼ ਹਨ।

ਭਾਰਤ ਅੰਦਰ ਹੀ ਕੁਝ ਅਪਵਾਦਾਂ ਨੂੰ ਛੱਡ ਦਈਏ ਕਿ ਅਸੀਂ ਆਜ਼ਾਦ ਹੋ ਗਏ ਹਾਂ। ਪਰ ਬਾਕੀ ਬਜ਼ਰ ਸਮੱਸਿਆਵਾਂ, ਚੁਣੌਤੀਆਂ ਤੇ ਦੁਸ਼ਵਾਰੀਆਂ ਜਿਉਂ ਦੀਆਂ ਤਿਉਂ ਖੜ੍ਹੀਆਂ ਹਨ। ਅੱਜ ਦੇਸ਼ ਅੰਦਰ 78ਵੇਂ ਵਰ੍ਹੇ ਦੀ ਆਜ਼ਾਦੀ ਭਾਵੇਂ ਕਈਂ ਪਹਿਲਾਂ ਵਾਂਗ ਵਾਹਦੇ ਤੇ ਦਾਅਵੇ ਕਰਕੇ ਲੰਘ ਗਈ ਹੈ, ਪਰ ਸਾਡਾ ਲੋਕਤੰਤਰ ਨਿਸ਼ਫਲ ਦਿਸ ਰਿਹਾ ਹੈ। ਭਾਰਤ ਅੰਦਰ ਭਾਵੇ ਪਾਰਲੀਮਾਨੀ ਜਮਹੂਰੀਅਤ ਹੈ ਤੇ ਦੁਨੀਆਂ ਨੂੰ ਅਸੀਂ ਲੋਕ-ਤੰਤਰ ਹੋਣ ਦਾ ਹੋਕਾ ਵੀ ਦਿੰਦੇ ਹਾਂ ਕਿ ਸਾਡਾ ਸੰਵਿਧਾਨ ਬਹੁਤ ਸਾਰੇ ਦੇਸ਼ਾਂ ਤੋਂ ਵਧੀਆ ਵੀ ਅਤੇ ਹੈ ਵੀ ਹੈ ! ਪਰ ਹਾਕਮਾਂ ਨੇ ਆਪਣੇ ਜਮਾਤੀ ਹਿੱਤਾਂ ਲਈ ਸਾਰੇ ਜਮਹੂਰੀ ਲੋਕ-ਤੰਤਰ ਥੰਮ ਬੋਡੇ ਕਰ ਦਿੱਤੇ ਗਏ ਹਨ। ਆਰਥਿਕ ਇਨਸਾਫ ਜਿਸ ਰਾਹੀਂ ਲੋਕਾਂ ਨੂੰ ਰਾਮਰਾਜ ਦਾ ਹੋਕਾ ਦੇ ਕੇ ਬਰਾਬਤਾ ਦਾ ਢੋਲ ਪਿੱਟਿਆ ਸੀ, ਉਹ ਸਭ ਹੁਣ ਕਾਗਜ਼ੀ ਰਹਿ ਗਏ ਹਨ। ਹਾਕਮ ਅਤੇ ਰਾਜਸੱਤਾ ਤੇ ਕਾਬਜ਼ ਜਮਾਤ ਆਪਣੀ ਲੁੱਟ-ਖਸੁੱਟ ਨੂੰ ਆਪਣੀ ਮਰਜ਼ੀ ਅਨੁਸਾਰ ਹਰ ਰੋਜ ਤੇਜ ਕਰਕੇ ਜਨਤਾ ਦੀ ਦੋ ਡੰਗ ਦੀ ਰੋਟੀ ਵੀ ਖੋਹ ਰਹੀ ਹੈ।

ਆਜ਼ਾਦੀ ਦੇ ਪਹਿਲੇ ਦਹਾਕੇ ਤੱਕ ਜਦੋਂ ਲੋਕਾਂ ਅਤੇ ਹਾਕਮਾਂ ਅੰਦਰ ਦੇਸ਼ ਭਗਤੀ ਦਾ ਪਿਆਰ ਅਤੇ ਕੁਰਬਾਨੀ ਵਾਲੀ ਭਾਵਨਾ ਰਹੀ, ਲੋਕਾਂ ਨੂੰ ਵੀ ਕੁਝ ਧਰਾਸ ਮਿਲਦੇ ਰਹੇ ਪਰ ਜਿਉਂ-ਜਿਉਂ ਰਾਜਸੱਤਾ ਤੇ ਹਾਕਮ ਜਮਾਤਾਂ ਨੇ ਆਪਣੀ ਲੁੱਟ ਨੂੰ ਦੋਨੋਂ ਹੱਥੀ ਲੁੱਟਣਾ ਸ਼ੁਰੂ ਕਰ ਦਿੱਤਾ। ਅੱਜ ਲੋਕ ਆਜ਼ਾਦੀ ਦਾ ਨਾਂ ਵੀ ਨਹੀਂ ਲੈਣਾ ਚਾਹੁੰਦੇ ! ਤਾਂ ! ਰਸਮੀ ਤੌਰ 'ਤੇ ਹਰ ਪਾਸੇ ਆਜ਼ਾਦੀ ਮਨਾਉਣ ਦੀਆਂ ਖਬਰਾਂ ਜਰੂਰ ਸਮੇਂ-ਸਮੇਂ ਆਉਦੀਆਂ ਰਹਿੰਦੀਆਂ ਹਨ। ਅੱਜ ਹਾਕਮਾਂ ਦੇ ਮਨ ਅਤੇ ਮਸਤਕ ਅੰਦਰ ਵੀ ਦੇਸ਼ ਦੀ ਆਜ਼ਾਦੀ ਇਕ ਰਸਮ ਹੀ ਬਣ ਗਈ ਹੋਈ ਹੈ।

ਸਮੇਂ-ਸਮੇਂ ਸਿਰ ਹਾਕਮ ਜਮਾਤਾਂ ਰਾਜਸਤਾ 'ਤੇ ਜੋ ਕਾਬਜ਼ ਹਨ, ਲੋਕਾਂ ਪ੍ਰਤੀ ਆਪਣੇ ਫਰਜ਼, ਦੇਸ਼ ਭਗਤੀ ਅਤੇ ਲੋਕ-ਭਾਵਨਾ ਨੂੰ ਵੀ ਹੁਣ ਪਰੇ ਸੁੱਟ ਕੇ ਆਪਣੇ ਜਮਾਤੀ ਹਿੱਤਾਂ ਲਈ ਹੀ ਅੱਜ ਰਾਜਨੀਤਕ ਪੱਖ ਤੋਂ ਵੀ ਪੂਰੀ ਤਰ੍ਹਾਂ ਆਪਣੇ ਜਮਾਤੀ ਸ਼ੋਸ਼ਣ ਨੂੰ ਮਜ਼ਬੂਤ ਕਰਨ ਲਈ ਪੂਰੀ ਤਰ੍ਹਾਂ ਹੋਰ ਸਰਗਰਮ ਹਨ। ਉਹ ਸੰਵਿਧਾਨਕ ਸੌਂਹ ਅਤੇ ਫਰਜ਼ ਜੋ ਉਹ ਚੋਣ ਜਿੱਤਣ ਉਪਰੰਤ ਚੁੱਕੇ ਜਾਂਦੇ ਹਨ, ਪਰ ਬਾਅਦ ਵਿੱਚ ਉਹ ਬਾਤਾਂ ਹੀ ਰਹਿ ਜਾਂਦੀਆਂ ਹਨ। ਉਹ ਦੇਸ਼ ਭਗਤੀ ਅਤੇ ਲੋਕ ਸੇਵਾ ਦੇ ਨਾਂ ਹੇਠ ਹੀ ਜਿੱਤ ਕੇ ਆਉਂਦੇ ਹਨ। ਪਰ ਉਨ੍ਹਾਂ ਦੀਆਂ ਜੀਵਨ ਕਦਰਾਂ-ਕੀਮਤਾਂ, ਦ੍ਰਿਸ਼ਟੀਕੋਣ ਸਭ ਬਦਲ ਜਾਂਦੇ ਹਨ। ਆਜ਼ਾਦੀ ਵੇਲੇ ਹਰ ਪਾਰਟੀ ਨੇ ਇਹ ਨਾਅਰਾ ਦਿਤਾ ਸੀ ਕਿ ਆਜ਼ਾਦੀ ਬਾਅਦ ਜੋ ਆਵਾਮ ਜਮੀਨੀ ਸਤਹਿ 'ਤੇ ਅਤੇ ਹਾਸ਼ੀਏ 'ਤੇ ਚਲੇ ਗਏ ਹਨ ਉਨ੍ਹਾਂ ਦੀ ਕਦੋਂ ਬਾਂਹ ਫੜੀ ਜਾਵੇਗੀ ? ਅੱਜ ਵੀ ਆਜ਼ਾਦੀ ਦੇ 77 ਸਾਲਾਂ ਬਾਅਦ 81 ਕਰੋੜ ਆਵਾਮ ਇੱਕ ਦਿਨ ਲਈ ਰੋਟੀ-ਦਾਲ ਪ੍ਰਾਪਤ ਕਰਨ ਲਈ ਹਾਕਮਾਂ ਦੇ ਦਰ ਵੱਲ ਝਾਕ ਰਹੇ ਹਨ। ਭਾਵ ਸਮਾਜਕ-ਆਰਥਿਕ ਨਿਆਂ ਮਿਲ ਨਹੀਂ ਰਿਹਾ ਹੈ, ਲੋਕ ਅਨ੍ਹਿਆਏ ਦਾ ਸ਼ਿਕਾਰ ਹਨ। ਸਮਾਜ ਦੇ ਮੁੱਖ ਤਿੰਨ ਵਰਗਾ, ਇਸਤ੍ਰੀਆਂ, ਘੱਟ ਗਿਣਤੀ ਅਤੇ ਦਲਿਤ ਸਮਾਜ ਹਰ ਤਰ੍ਹਾਂ ਦੇ ਅਨਿਆਏ ਦਾ ਸ਼ਿਕਾਰ ਹਨ। ਸਾਡੀ ਆਜ਼ਾਦੀ ਫਿਰ ਕਿਹੜੀਆਂ ਨੈਤਿਕ, ਮਨੁੱਖੀ ਕਦਰਾਂ ਕੀਮਤਾਂ ਅਤੇ ਸਮਾਨਤਾ ਲੈ ਕੇ ਆਈ ਹੈ ? ਮੌਜੂਦਾ ਦੇਸ਼ ਦੀ ਇਸ ਸਥਿਤੀ ਵਿੱਚ ਕੌਮੀ ਨੀਤੀ ਦੀ ਵਿਸ਼ਾ-ਵਸਤੂ ਸਕੰਲਪਨਾ ਕਰਨੀ, ਉਸਾਰੀ ਵਿਵਾਹਾਰਕ ਕਾਰਜਗੁਜਾਰੀ ਨੂੰ ਲੱਭਣਾ ਬਹੁਤ ਮੁਸ਼ਕਲ ਹੈ। ਜਦੋਂ ਦੇਸ਼ ਅੰਦਰ ਰਾਜਨੀਤੀ ਇੱਕ ਵਰਗ, ਭਾਵ ਬਹੁਤ ਗਿਣਤੀ ਭਾਰੂ ਲੋਕਾਂ ਅਤੇ ਜੇਤੂ ਫਿਰਕੇ ਅਤੇ ਫਿਰਕੂ ਸੋਚ ਭਰਭੂਰ ਹੋਵੇਗੀ ਤਾਂ ਉਸ ਵਿੱਚ ਇਮਾਨਦਾਰੀ ਤੇ ਲੋਕਾਂ ਪ੍ਰਤੀ ਵਿਵਹਾਰਕ ਸੋਚ ਦੀਆਂ ਜੜ੍ਹਾਂ ਵੀ ਖੋਖਲੀਆਂ ਮਿਲਣਗੀਆਂ। ਖੁਦਗਰਜ਼ੀ ਵੱਧੇਗੀ, ਨਿਸ਼ਚਿਤ ਹੀ ਲੋਕ ਰਾਜੀ ਲੋਕ ਕਦਰਾਂ-ਕੀਮਤਾ ਵੀ ਬੋਡੀਆਂ ਹੋ ਜਾਣਗੀਆਂ ? ਫਿਰ ਜਦੋਂ ਆਵਾਮ ਵਿੱਚ ਵਿਸ਼ਵਾਸ ਹਾਕਮਾਂ ਦੀ ਵਿਵਹਾਰਕ ਕਾਰਗੁਜ਼ਾਰੀ ਪ੍ਰਤੀ ਸ਼ੱਕੀ ਹੋਵੇਗਾ ਫਿਰ ਲੋਕ-ਤੰਤਰ ਨੂੰ ਕਿਵੇਂ ਮਜਬੂਤ ਮੰਨਿਆ ਜਾ ਸਕਦਾ ਹੈ ?




"ਅੱਜ ਵੀ ਆਜ਼ਾਦੀ ਦੇ 77 ਸਾਲਾਂ ਬਾਅਦ 81 ਕਰੋੜ ਆਵਾਮ ਇੱਕ ਦਿਨ ਲਈ ਰੋਟੀ-ਦਾਲ ਪ੍ਰਾਪਤ ਕਰਨ ਲਈ ਹਾਕਮਾਂ ਦੇ ਦਰ ਵੱਲ ਝਾਕ ਰਹੇ ਹਨ। ਭਾਵ ਸਮਾਜਕ-ਆਰਥਿਕ ਨਿਆਂ ਮਿਲ ਨਹੀਂ ਰਿਹਾ ਹੈ, ਲੋਕ ਅਨ੍ਹਿਆਏ ਦਾ ਸ਼ਿਕਾਰ ਹਨ। ਸਮਾਜ ਦੇ ਮੁੱਖ ਤਿੰਨ ਵਰਗਾ, ਇਸਤ੍ਰੀਆਂ, ਘੱਟ ਗਿਣਤੀ ਅਤੇ ਦਲਿਤ ਸਮਾਜ ਹਰ ਤਰ੍ਹਾਂ ਦੇ ਅਨਿਆਏ ਦਾ ਸ਼ਿਕਾਰ ਹਨ। ਸਾਡੀ ਆਜ਼ਾਦੀ ਫਿਰ ਕਿਹੜੀਆਂ ਨੈਤਿਕ, ਮਨੁੱਖੀ ਕਦਰਾਂ ਕੀਮਤਾਂ ਅਤੇ ਸਮਾਨਤਾ ਲੈ ਕੇ ਆਈ ਹੈ ? ਮੌਜੂਦਾ ਦੇਸ਼ ਦੀ ਇਸ ਸਥਿਤੀ ਵਿੱਚ ਕੌਮੀ ਨੀਤੀ ਦੀ ਵਿਸ਼ਾ-ਵਸਤੂ ਸਕੰਲਪਨਾ ਕਰਨੀ, ਉਸਾਰੀ ਵਿਵਾਹਾਰਕ ਕਾਰਜਗੁਜਾਰੀ ਨੂੰ ਲੱਭਣਾ ਬਹੁਤ ਮੁਸ਼ਕਲ ਹੈ। ਜਦੋਂ ਦੇਸ਼ ਅੰਦਰ ਰਾਜਨੀਤੀ ਇੱਕ ਵਰਗ, ਭਾਵ ਬਹੁਤ ਗਿਣਤੀ ਭਾਰੂ ਲੋਕਾਂ ਅਤੇ ਜੇਤੂ ਫਿਰਕੇ ਅਤੇ ਫਿਰਕੂ ਸੋਚ ਭਰਭੂਰ ਹੋਵੇਗੀ ਤਾਂ ਉਸ ਵਿੱਚ ਇਮਾਨਦਾਰੀ ਤੇ ਲੋਕਾਂ ਪ੍ਰਤੀ ਵਿਵਹਾਰਕ ਸੋਚ ਦੀਆਂ ਜੜ੍ਹਾਂ ਵੀ ਖੋਖਲੀਆਂ ਮਿਲਣਗੀਆਂ। ਖੁਦਗਰਜ਼ੀ ਵੱਧੇਗੀ, ਨਿਸ਼ਚਿਤ ਹੀ ਲੋਕ ਰਾਜੀ ਲੋਕ ਕਦਰਾਂ-ਕੀਮਤਾ ਵੀ ਬੋਡੀਆਂ ਹੋ ਜਾਣਗੀਆਂ ? ਫਿਰ ਜਦੋਂ ਆਵਾਮ ਵਿੱਚ ਵਿਸ਼ਵਾਸ ਹਾਕਮਾਂ ਦੀ ਵਿਵਹਾਰਕ ਕਾਰਗੁਜ਼ਾਰੀ ਪ੍ਰਤੀ ਸ਼ੱਕੀ ਹੋਵੇਗਾ ਫਿਰ ਲੋਕ-ਤੰਤਰ ਨੂੰ ਕਿਵੇਂ ਮਜਬੂਤ ਮੰਨਿਆ ਜਾ ਸਕਦਾ ਹੈ ?"

ਲੋਕ-ਤੰਤਰ ਅੰਦਰ ਸਾਰੇ ਫੈਸਲੇ ਲੋਕ ਪੱਖੀ ਅਤੇ ਸਰਵ-ਸੰਮਤੀ ਵਾਲੇ ਹੋਣੇ ਚਾਹੀਦੇ ਹਨ। ਲੋਕ-ਤੰਤਰ ਤਾਂ ਹੀ ਜਿਉਂਦਾ ਰਹਿ ਸਕਦਾ ਹੈ ਜਦੋਂ ਹਰ ਨਾਗਰਿਕ ਲੋਕਤੰਤਰ ਅੰਦਰ ਆਪਣੇ ਆਪ ਨੂੰ ਸੁਰੱਖਿਅਤ, ਬਿਨ੍ਹਾਂ ਭਿੰਨ-ਭੇਦ ਤੇ ਡਰ-ਡੈਅ ਰਹਿਤ ਰਹਿੰਦਾ ਹੋਵੇ ? ਉਹ ਫਿਰ ਹੀ ਆਪਣੇ ਸਮਾਜਕ ਫਰਜਾਂ ਅਤੇ ਡਿਊਟੀ ਨੂੰ ਤਨਦੇਹੀ ਨਾਲ ਨਿਭਾ ਸਕੇਗਾ। ਨਾਗਰਿਕ ਇਹ ਵੀ ਮਾਣ ਸਮਝੇ ਕਿ ਉਸ ਨੂੰ ਦੇਸ਼ ਅੰਦਰ ਹਰ ਤਰ੍ਹਾਂ ਸੁਰੱਖਿਆ ਮਿਲ ਰਹੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਰੇ ਲੋਕ, ਨਾਗਰਿਕ ਅਤੇ ਜਨ-ਸਮੂਹ ਆਪਣੀ-ਆਪਣੀ ਵਿਚਾਰਧਾਰਾ ਨਾਲ ਜੁੜੇ ਹੁੰਦੇ ਹਨ। ਇਸ ਲਈ ਹੀ ਉਹ ਇਹ ਸਮਝਦੇ ਹਨ ਕਿ ਉਹ ਸੱਭਿਆ ਸਮਾਜ ਅੰਦਰ ਵਧੀਆ ਵਿਚਾਰ ਪੇਸ਼ ਕਰਕੇ ਅਤੇ ਹਾਕਮਾਂ ਤੋਂ ਵੀ ਅਜਿਹੀ ਆਸ ਰੱਖਣੀ ਹੀ ਦੇਸ਼ ਅਤੇ ਨਾਗਰਿਕਾਂ ਦੇ ਸਨਮਾਨ ਅਤੇ ਆਦਰ ਲਈ ਉਹ ਇੱਕ ਮਿਸਾਲੀ ਫੈਸਲਾ ਹੋਵੇਗਾ ? ਜਿੱਥੇ ਅਜਿਹੇ ਸਰਵ-ਸੰਮਤੀ ਵਾਲੇ ਫੈਸਲੇ ਨਾ ਹੋਣ ਜਾਂ ਆਸ ਨਾ ਰੱਖੀ ਜਾਵੇ ਤਾਂ ਉਥੇ ਫਿਰ ਹਮਲਾਵਾਰੀ ਰੁੱਖ, ਸ਼ੰਕਾਂ ਅਤੇ ਆਸਥਾ ਪ੍ਰਤੀ ਸਵਾਲ ਵੀ ਉਠਣਗੇ ਹੀ। ਹਾਕਮਾਂ ਦਾ, ਹਾਕਮ ਪਾਰਟੀ ਦਾ ਅਤੇ ਰਾਜਤੰਤਰ ਇੱਕ ਤਰਫਾ, ਇੱਕ ਪਾਸੜ ਅਤੇ ਅਨਿਆ ਤੇ ਨਾਬਰ ਹੀ ਸਮਝਿਆ ਜਾਵੇਗਾ। ਕੋਈ ਵੀ ਫੈਸਲਾ ਭਾਵੇਂ ਸਰਵ-ਸੰਮਤੀ ਵਾਲਾ ਹੀ ਹੋਵੇ, ਉਸ ਦੀ ਗੁਣਵੰਤਾ ਦਾ ਕੋਈ ਅਰਥ ਨਹੀਂ ਰਹਿੰਦਾ ਹੈ। ਜਦੋਂ ਹਾਕਮਾਂ ਦੇ ਦਬਾਅ ਅਧੀਨ ਰਾਜਤੰਤਰ ਦੀ ਸਮਝ, ਨਿਯਮਾਂ, ਉਪ-ਨਿਯਮਾਂ ਅਤੇ ਨਿਜ-ਪੱਖੀ ਪਰਤਾਂ ਦੀ ਜਕੜ ਵਿੱਚ ਆ ਜਾਵੇ ਉਹ ਫੈਸਲਾ ਗੈਰ-ਸੰਵੇਦਨਸ਼ੀਲ ਤੇ ਨਾਬਰ ਹੋ ਜਾਂਦਾ ਹੈ। ਉਥੇ ਲੋਕਤੰਤਰ ਦੀ ਅੰਦਰੂਨੀ ਆਤਮਾ ਵਾਲੀ ਸੋਚ-ਸਮਝ ਦਾ ਮਹੱਤਵ ਨਹੀਂ ਰਹਿੰਦਾ ਹੈ। ਜਿਸ ਦਾ ਖਮਿਆਜਾ ਜਨ-ਸਮੂਹ ਨੂੰ ਭੁਗਤਣਾ ਪੈਂਦਾ ਹੈ। ਅੱਜ ਦੇਸ਼ ਅੰਦਰ ਅਜਿਹਾ ਹੀ ਭਾਣਾ ਵਰਤ ਰਿਹਾ ਹੈ।

ਭਾਰਤੀ ਲੋਕਤੰਤਰ ਦੇ ਰਾਜਤੰਤਰ ਅੰਦਰ ਚੋਣਾਂ ਤੇ ਨਿਯੁਕਤੀਆਂ ਅੱਜੇ ਵੀ ਬਸਤੀਵਾਦੀ ਮਾਨਸਿਕ-ਗੁਲਾਮੀ ਅਧੀਨ ਹੀ ਕਹੀਆਂ ਜਾ ਸਕਦੀਆਂ ਹਨ। ਅੱਜੇ ਵੀ ਦੇਸ਼ ਦਾ ਸਾਰਾ ਕਾਰੋ-ਵਿਹਾਰ, ਕੌਮੀ ਨਿਰਮਾਣ, ਵਿਕਾਸ ਅਤੇ ਪ੍ਰਗਤੀ ਸਭ ਦੇਸ਼ ਦੇ ਨੌਕਰਸ਼ਾਹਾਂ ਦੇ ਹੱਥ ਹੀ ਹੁੰਦੀ ਹੈ। ਰਾਜਨੀਤਕ ਜਨਪ੍ਰਤੀਨਿਧ ਕੇਵਲ ਬਣੀਆਂ ਬਣਾਈਆਂ ਨੀਤੀਆਂ ਤੇ ਸਹੀ ਹੀ ਮਾਰਦੇ ਹਨ। ਇਹੀ ਕਾਰਨ ਹੈ ਕਿ ਸਾਡੇ ਰਾਜਨੀਤਕ ਆਗੂ ਤੇ ਪ੍ਰਤੀਨਿਧ ਅੱਜ ਪਾਰਟੀ ਜਾਂ ਆਪਣੀਆਂ ਰਾਜਨੀਤਕ ਨੀਤੀਆਂ ਨੂੰ ਲਾਗੂ ਕਰਾਉਣ ਲਈ ਏਨੇ ਉਤਸਕ (ਕਾਹਲੇ) ਨਹੀਂ ਹੁੰਦੇ ਜਿੰਨੇ ਉਹ ਰਾਜਨੀਤਕ ਲਾਭਾਂ ਲਈ ਅੱਗੇ ਆਉਂਦੇ ਹਨ। ਉਨ੍ਹਾਂ ਦਾ ਨਿਸ਼ਾਨਾਂ, ਉਦੇਸ਼ ਅਤੇ ਪਹਿਲ ਆਪਣੇ ਲਈ ਅਤੇ ਆਪਣਿਆਂ ਦੇ ਹਿੱਤਾਂ ਲਈ ਹੀ ਹੁੰਦਾ ਹੈ। ਇਹ ਲਈ ਹੀ ਹਾਕਮ ਪਾਰਟੀਆਂ ਦੇ ਦਾਗੀ ਜਾਂ ਕੇਸ ਭੁਗਤ ਰਹੇ ਅਤੇ ਸਜ਼ਾਵਾਂ ਕੱਟ ਰਹੇ ਪ੍ਰਤੀਨਿਧ ਫਿਰ ਵੀ ਲੋਕ ਚੁਣਦੇ ਹਨ ਤੇ ਉਹ ਜਿੱਤਦੇ ਵੀ ਹਨ। ਜਿੱਤ ਬਾਅਦ ਉਨ੍ਹਾਂ ਨੂੰ ਕੀ ਅਸੀਂ ਦੁੱਧ ਧੋਤੇ ਆਪਣੇ ਪ੍ਰਤੀਨਿਧ ਨਹੀਂ ਤਸਲੀਮ ਵੀ ਕਰਾਂਗੇ ? ਪਰ ਸਾਰੇ ਨਹੀਂ ! ਉਨ੍ਹਾਂ ਤੋਂ ਇਹ ਆਸ ਫਿਰ ਕਿਵੇਂ ਰੱਖੀ ਜਾ ਸਕਦੀ ਹੈ ਕਿ ਕਤਾਰ 'ਚ ਅਖੀਰ ਵਿੱਚ ਖੜ੍ਹੇ ਵਿਅਕਤੀ ਦੀ ਉਹ ਬਾਂਹ ਪਹਿਲਾਂ ਫੜੇਗਾ। ਅਜਿਹੇ ਲੋਕ ਪੱਖੀ, ਲੋਕਾਂ ਲਈ ਪ੍ਰਨਾਏ ਹੁਣ ਉਂਗਲੀਆਂ ਤੇ ਹੀ ਗਿਣੇ ਜਾ ਸਕਦੇ ਹਨ। ਪਾਰਲੀਮਾਨੀ-ਜਮਹੂਰੀਅਤ ਅੰਦਰ ਭਾਵੇਂ ਅਸੀਂ ਚੁਣ ਕੇ ਸੰਸਦ ਅੰਦਰ ਪ੍ਰਤੀਨਿਧ ਭੇਜਦੇ ਹਾਂ, ਉਹ ਲੋਕਾਂ ਦੀ ਨਹੀਂ ਆਪਣੀ ਉਸ ਜਮਾਤ ਦੀ ਅਗਵਾਈ ਕਰਦੇ ਹਨ ਜਿਨ੍ਹਾਂ ਵੱਲੋਂ ਉਹ ਚੁਣ ਕੇ ਆਉਂਦੇ ਹਨ।

ਭਾਰਤ ਦੇ ਲੋਕ-ਤੰਤਰ ਅੰਦਰ ਜੋ ਵਿਵਹਾਰਕ ਹਾਲਾਤ ਹਨ, ਲੋਕ ਅਤੇ ਉਨ੍ਹਾਂ ਵੱਲੋਂ ਚੁਣੇ ਪ੍ਰਤੀਨਿਧਾਂ ਅੰਦਰ ਜੋ ਵੀ ਸੰਬੰਧ ਹੋਣ, ਪਰ ਸਾਨੂੰ ਦੇਸ਼ ਅਤੇ ਲੋਕਾਂ ਦੇ ਹਿੱਤਾਂ ਅਤੇ ਲੋਕ ਭਲਾਈ ਨੂੰ ਮੁੱਖ ਰੱਖਣਾ ਅਤੇ ਸੋਚ ਬਣਾਉਂਣੀ ਚਾਹੀਦੀ ਹੈ। ਕਿਉਂਕਿ ਸਾਡਾ ਸੰਵਿਧਾਨ ਅਤੇ ਪਾਰਲੀਮਾਨੀ ਜਮਹੂਰੀ ਪ੍ਰਨਾਲੀ ਅਜੇ ਵੀ ਬਹੁਤ ਸਾਰੇ ਦੇਸ਼ਾਂ ਨਾਲੋਂ ਵਧੀਆ ਹੈ ਤੇ ਪਾਏਦਾਰ ਵਾਲੀ ਹੈ।ਇਸ ਲਈ ਸਾਨੂੰ ਦੇਸ਼ ਦੇ ਨਾਗਰਿਕਾਂ, ਆਵਾਮ ਅਤੇ ਮੱਤਦਾਤਾ ਨੂੰ ਸ਼ਸਕਤ ਕਰਨ, ਜਮਾਤੀ ਹਿੱਤਾਂ ਦੀ ਰਾਖੀ ਲਈ ਜਾਗਰੂਕ ਕਰਨਾ ਬਣਦਾ ਹੈ। ਚੰਗੇ ਪ੍ਰਤੀਨਿਧ, ਪਾਰਟੀ ਅਤੇ ਰਾਜਨੀਤੀ ਸਾਰੇ ਮਿਲ ਕੇ ਕੌਮੀ ਪ੍ਰਗਤੀ, ਵਿਕਾਸ ਤੇ ਦੇਸ਼ ਨੂੰ ਸਮਰਿਧ ਬਣਾ ਸਕਦੇ ਹਾਂ ਤਾਂ ਹੀ ਦੇਸ਼ ਇੱਕ ਮੁੱਠ ਰਹਿ ਸਕਦਾ ਹੈ।

ਬੀ.ਜੇ.ਪੀ. ਦੇ ਰਥਵਾਨ ਮੋਦੀ ਹੱਥ ਐਨ.ਡੀ.ਏ. ਦੀ ਪਿਛਲੀ ਦੋ-ਵਾਰੀਆ ਦੀ ਸਰਕਾਰ ਦੇ ਦਸ ਸਾਲਾਂ ਦੇ ਅਰਸੇ ਦੌਰਾਨ ਸਮੁੱਚੀ ਵਿਰੋਧੀ ਧਿਰ ਭਾਵੇ ਕਮਜੋਰ ਤਾਂ ਨਹੀਂ ਸੀ, ਪਰ ਹਾਕਮ ਧਿਰ ਦੀ ਤਾਨਾਸ਼ਾਹੀ ਕਾਰਨ ਹਰ ਮੁੱਦੇ ਤੇ ਸਰਕਾਰ ਹਾਵੀ ਹੀ ਸਾਬਤ ਹੁੰਦੀ ਰਹੀ। ਵਿਰੋਧੀ ਧਿਰ ਨੂੰ ਅਲੋਚਨਾ ਕਰਨ ਦੀ ਥਾਂ ਉਸ ਦਾ ਆਗੂਆਂ ਤੇ ਕਾਡਰ ਨੂੰ ਜ਼ਾਬਰੀ ਕਾਨੂੰਨਾਂ ਦੇ ਫੰਦਿਆਂ ਰਾਹੀਂ ਹਾਕਮ ਹੇਠਾਂ ਹੀ ਰੱਖਦੀ ਰਹੀ। ਬੇਵਜ੍ਹਾ ਆਗੂਆਂ ਨੂੰ ਪ੍ਰੇਸ਼ਾਨ ਕਰਦੀ ਰਹੀ। ਪਰ ਹੁਣ ਤੀਸਰੀ ਵਾਰ ਉਹੀ ਬੀ.ਜੇ.ਪੀ. ਸਿਰ ਖੁਦ ਬਹੁਮਤ ਵੀ ਨਹੀਂ ਲਿਜਾ ਸਕੀ। ਹੁਣ ਬੇਗਾਨਿਆਂ ਦੀਆਂ ਵੈਹਿੰਗੀਆਂ ਨਾਲ ਖੜੋ ਕੇ ਨਾ ਤਾਂ ''ਬੜਕਾ ਮਾਰ ਸਕਦੀ ਹੈ ਤੇ ਨਾ ਹੀ ਡਰਾਵੇਂ ਦੇ ਸਕਦੀ ਹੈ। ਸਗੋਂ ਹੁਣ ਫੂਕ-ਫੂਕ ਕੇ ਪੈਰ ਧਰੇ ਜਾ ਰਹੇ ਹਨ। ਇਸ ਵਾਰ ਦੇ ਬਜਟ ਅੰਦਰ ਵਿਰੋਧੀ ਧਿਰ ਵੱਲੋਂ ਸਾਰੇ ਸੂਬਿਆਂ ਨੂੰ ਇੱਕ ਸਮਾਨ ਆਰਥਿਕ ਸਹਾਇਤਾ ਪੈਕਟ ਨਾ ਦੇਣ ਅਤੇ ਉਨ੍ਹਾਂ ਦੋ ਰਾਜਾਂ ਜਿਨ੍ਹਾਂ ਦੀ ਵੇਂਹਿਗੀ ਸਹਾਰੇ ਮੋਦੀ ਸਰਕਾਰ ਟਿਕੀ ਹੈ ਉਨ੍ਹਾਂ ਲਈ ਖਾਸ ਆਰਥਿਕ ਪੈਕਟ ਦਾ ਐਲਾਨ ਕੀਤਾ ਹੈ। ਅਜਿਹੇ ਭੇਦ-ਭਾਵ ਵਿਰੁਧ ਦੋਨੋਂ ਸਦਨਾਂ ਅੰਦਰ ਤੇ ਇਸ ਕਾਣੀ-ਵੰਡ ਕਾਰਨ ਦੇਸ਼ ਦੇ 90 ਫੀਸਦ ਬਜਟ ਤੋਂ ਬਾਕੀ ਰਾਜਾਂ ਨੂੰ ਮਰਹੂਮ ਰੱਖਣਾ, ਦੇ ਵਿਰੁੱਧ ਆਵਾਜ਼ ਉਠਾਉਣੀ ਬਿਲਕੁੱਲ ਜਾਇਜ ਹੈ।

ਪਾਰਲੀਮਾਨੀ-ਜਮਹੂਰੀਅਤ ਵਾਲੇ ਰਾਜ ਪ੍ਰਬੰਧ ਅੰਦਰ ਇਹ ਜਰੂਰੀ ਹੈ ਕਿ ਹਾਕਮ ਧਿਰ ਨੂੰ ਸਾਰੇ ਦੇਸ਼ ਵਾਸੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਇੱਕ-ਜੁੱਟ ਸਰਵਜਨਕ ਕਦਮ ਪੁੱਟਣੇ ਚਾਹਦੀ ਹਨ। ਜੇਕਰ ਹਾਕਮ ਧਿਰ ਮਜਬੂਤ ਵੀ ਹੋਵੇ ਤਾਂ ਜੇਕਰ ਵਿਰੋਧੀ ਧਿਰ ਕਮਜੁਰ ਹੋਵੇ ਤਾਂ ਇਸ ਲਈ ਹਾਕਮ ਮਨਮਰਜੀਆਂ ਕਰਦੇ ਰਹਿਣ ? ਮੋਦੀ ਸਰਕਾਰ ਨੂੰ ਇਸ ਗਠ-ਬੰਧਨ ਅੰਦਰ ਜਿਨ੍ਹਾਂ ਧਿਰਾਂ ਦੀ ਵੈਹਿੰਗੀ ਮਿਲੀ ਹੋਈ ਉਸ ਵੱਲ ਹੀ ਝੁੱਕੀ ਹੋਈ ਪ੍ਰਤੀਤ ਦਿਸ ਰਹੀ ਹੈ। ਇਹ ਜਰੂਰੀ ਤੇ ਠੀਕ ਹੈ ਕਿ ਕੰਮਜੋਰ ਰਾਜਾਂ ਨੂੰ ਆਰਥਿਕ ਪੈਕਟ ਮਿਲਣੇ ਚਾਹੀਦੇ ਹਨ। ਭਾਵੇਂ ਉਨ੍ਹਾਂ ਰਾਜਾਂ ਦੇ ਲੋਕਾਂ ਨੇ ਵੋਟਾਂ ਵੀ ਨਾ ਪਾਈਆਂ ਹੋਣ। ਬਿਹਾਰ ਤੇ ਆਂਧਰਾ ਰਾਜ ਵਿੱਚੋਂ ਕ੍ਰਮਵਾਰ ਝਾਰਖੰਡ ਅਤੇ ਤਿੰਲਗਾਨਾ ਹੋਂਦ ਵਿੱਚ ਆਏ ਹਨ। ਚਾਹੀਦਾ ਤਾਂ ਇਹ ਸੀ ਕਿ ਨਵੇਂ ਰਾਜਾਂ ਨੂੰ ਵੀ ਹੋਰ ਸਹਾਇਤਾ ਪੈਕਟ ਦਿੱਤੇ ਜਾਂਦੇ ਪਹਿਲਿਆਂ ਨੂੰ ਹੁਣ ਪੈਕਟ ਦਿੱਤੇ ਹਨ । ਇਸ ਲਈ ਕਿ ਨਵੇਂ ਬਣੇ ਰਾਜਾਂ ਨੇ ਮੋਦੀ ਨੂੰ ਠੁਕਰਾਇਆ, ਕੋਈ ਸਹਾਇਤਾ ਨਹੀਂ ਮਿਲੀ । ਇਕ ਦੇਸ਼, ਇੱਕ ਸੰਵਿਧਾਨ, ਇੱਕ ਦੇਸ਼ਵਾਸੀ ਫਿਰ ਵਿਤਕਰੇ ਕਿਉਂ ?

ਅਜਿਹੀ ਸਿਆਸਤ ਤੇ ਲਿਹਾਜਦਾਰੀਆਂ ਹੀ ਦੇਸ਼ ਅੰਦਰ ਕੀ ਵੰਡਣ ਵਾਲੇ ਆਰਥਿਕ ਫੈਸਲੇ ਨਹੀਂ ਹਨ ? ਕੀ ਹੁਣ ਇਹ ਬਜਟ ਮਜਬੂਰੀ ਵਾਲਾ ਹੈ ਜਾਂ ਕਾਣੀ ਵੰਡ ਵਾਲਾ ਹੈ, ਫਿਰ ਮਜਬੂਤ ਬਜਟ ਕਿਵੇਂ ? ਇਨ੍ਹਾਂ ਨੀਤੀਆਂ ਰਾਹੀਂ ਜਿਹੜੀ ਦਾਹਵੇਦਾਰੀ ਅਤੇ ਸ਼ਕਤੀ ਬੀ.ਜੇ.ਪੀ. ਨੂੰ ਚਲਾ ਰਹੀ ਹੈ, ਉਸ ਸ਼ਕਤੀ ਦਾ ਚੇਹਰਾ-ਮੋਹਰਾ ਸਾਹਮਣੇ ਆ ਰਿਹਾ ਹੈ। ਕੇਂਦਰ ਅੰਦਰ ਸਰਕਾਰ ਦੀ ਪਹੁੰਚ ਸਾਰੇ ਦੇਸ਼ ਦੇ ਸਮੁੱਚੇ ਵਿਕਾਸ ਲਈ ਸਾਰੇ ਰਾਜਾਂ ਨੂੰ ਇੱਕ ਸਮਾਨ, ਬਰਾਬਰ ਤਰੱਕੀਆਂ ਦੇ ਮੌਕੇ ਪ੍ਰਦਾਨ ਕਰੇ, ਨਹੀਂ ਤਾਂ ਅਜਿਹੀ ਰਾਜਨੀਤੀ ਦੇਸ਼ ਨੂੰ ਮਜਬੂਤ ਕਰਨ ਦੀ ਥਾਂ ਵੰਡੀਆਂ ਪਾਉਣ ਵੱਲ ਵੱਧੇਗੀ ? ਆਵਾਮ ਨੂੰ ਚੁਕੰਨੇ ਰਹਿਣਾ ਪਏਗਾ।

# ਕੱਤਕ ਕਿ ਵੈਸਾਖ

ਲੇਖਕ : ਇਕਵਾਕ ਸਿੰਘ ਪੱਟੀ
ਮੂਲ ਲੇਖਕ: ਕਰਮ ਸਿੰਘ ਹਿਸਟੋਰੀਅਨ

(ਨੋਟ: ਬੇਸ਼ੱਕ ਅੱਜ ਦੇ ਸਮੇਂ ਵਿੱਚ ਗੁਰੂ ਸਾਹਿਬ ਦੇ ਜਨਮ ਸਬੰਧੀ ਇਹੋ ਜਿਹੇ ਵਿਵਾਦ ਵਿੱਚ ਪੈਣਾ ਸਿਆਣਪ ਨਹੀਂ ਸਮਝੀ ਜਾਂਦੀ, ਕਿਉਂਕਿ ਮੁੱਖ ਲੋੜ ਤਾਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ, ਅਸੂਲਾਂ, ਗੁਰਮਤਿ ਵੀਚਾਰਧਾਰਾ ਨੂੰ ਮੰਨਣ, ਸਮਝਣ ਦੀ ਹੈ ਨਾ ਕਿ ਵਿਵਾਦਤ ਮਸਲਿਆਂ ਨੂੰ ਉਛਾਲਣ ਦੀ, ਪਰ ਫਿਰ ਵੀ ਐਸਾ ਲੱਗਦਾ ਹੈ ਇਹ ਵੀ ਇੱਕ ਬਦਕਿਸਮਤੀ ਹੋਵੇਗੀ ਕਿ ਸਿੱਖ ਧਰਮ ਦੇ ਬਾਨੀ ਦਾ ਜਨਮ ਬਾਰੇ ਸਿੱਖ ਧਰਮ ਨੂੰ ਮੰਨਣ ਵਾਲਿਆਂ ਵਿੱਚ ਵੀ ਇੱਕ ਰਾਏ ਨਾ ਹੋਵੇ ਤਾਂ ਸ਼ਰਮ ਦੀ ਗੱਲ ਹੈ। ਅੱਜ ਅਸੀਂ ਸਕੂਲਾਂ/ਕਾਲਜਾਂ ਵਿੱਚ ਅਤੇ ਬਚਪਨ ਵਿੱਚ ਵੀ ਬੱਚਿਆਂ ਨੂੰ ਯਾਦ ਕਰਵਾਉਂਦੇ ਹਾਂ ਕਿ ਗੁਰੂ ਨਾਨਕ ਸਾਹਿਬ ਦਾ ਜਨਮ 15 ਅਪ੍ਰੈਲ 1469 ਈ: ਹੋਇਆ ਸੀ, ਪਰ ਜੇ ਕੱਲ੍ਹ ਨੂੰ ਉਹਨਾਂ ਬੱਚਿਆਂ ਨੇ ਹੀ ਵੱਡੇ ਹੋ ਕੇ ਪੁੱਛ ਲਿਆ ਜੇ ਜਨਮ 15 ਅਪ੍ਰੈਲ 1469 ਨੂੰ ਹੋਇਆ ਸੀ ਤਾਂ ਕੱਤਕ ਜਾਂ ਨਵੰਬਰ/ਅਕਤੂਬਰ ਵਿੱਚ ਕਿਉਂ ਮਨਾਇਆ ਜਾਂਦਾ ਹੈ ਤਾਂ ਸਾਡੇ ਕੋਲ ਜਵਾਬ ਨਹੀਂ ਹੋਵੇਗਾ। ਇਸ ਲਈ ਇਹ ਜ਼ਰੂਰੀ ਹੈ ਕਿ ਇਸਦਾ ਨਿਰਣਾ ਕੌਮ ਪਹਿਲ ਦੇ ਅਧਾਰ ਤੇ ਕਰੇ ਸੋ ਇਹ ਲੇਖ ਜੋ ਸ. ਕਰਮ ਸਿੰਘ ਹਿਸਟੋਰੀਅਨ ਦਾ ਲਿਖਿਆ ਹੋਇਆ ਹੈ ਉਹਨਾਂ ਦੀ ਕਿਤਾਬ ਵਿੱਚੋਂ ਧੰਨਵਾਦ ਸਹਿਤ ਛਪਣ ਹਿੱਤ ਭੇਜਿਆ ਜਾ ਰਿਹਾ ਹੈ। - ਇਕਵਾਕ ਸਿੰਘ ਪੱਟੀ)

ਸਤਿਗੁਰੂ ਨਾਨਕ ਦੇਵ ਜੀ ਕਿਸ ਮਹੀਨੇ ਪ੍ਰਗਟ ਹੋਏ? ਕੱਤਕ ਕਿ ਵੈਸਾਖ ਵਿੱਚ? ਇਸਦਾ ਨਿਰਣਾ ਕੋਈ ਔਖੀ ਗੱਲ ਨਹੀਂ। ਇਸ ਵੇਲੇ ਤੀਕ ਜਿੰਨੀਆਂ ਪੁਰਾਣੀਆਂ ਲਿਖਤਾਂ ਮਿਲਦੀਆਂ ਹਨ, ਉਹਨਾਂ ਸਾਰੀਆਂ ਤੋਂ ਇਹੀ ਸਿੱਧ ਹੁੰਦਾ ਹੈ ਕਿ ਸਤਿਗੁਰੂ ਜੀ ਵਸਾਖ ਸੁਦੀ ਤਿੰਨ ਨੂੰ ਪ੍ਰਗਟ ਹੋਏ, ਪਰ ਇਨ੍ਹਾਂ ਦੇ ਉਲਟ ਭਾਈ ਬਾਲੇ ਵਾਲੀ ਜਨਮ ਸਾਖੀ ਵਿੱਚ ਪ੍ਰਗਟ ਹੋਣ ਦੀ ਤਾਰੀਖ ਕੱਤਕ ਪੂਰਨਮਾਸ਼ੀ ਮੰਨੀ ਹੈ। ਵੇਖਣਾ ਹੁਣ ਇਹ ਹੈ ਕਿ ਕਿਹੜੀ ਤਾਰੀਖ ਸ਼ੁੱਧ ਹੈ ਅਤੇ ਕਿਹੜੀ ਅਸ਼ੁੱਧ ਹੈ?

ਸੱਭ ਤੋਂ ਪੁਰਾਣੀ ਲਿਖਤ ਉਹ ਜਨਮ ਸਾਖੀ ਹੈ, ਜੋ ਛੇਵੀਂ ਪਾਤਸ਼ਾਹੀ ਜੀ ਦੇ ਸਮੇਂ ਤੋਂ ਪਹਿਲਾਂ ਦੀ ਲਿਖੀ ਹੋਈ ਪ੍ਰਤੀਤ ਹੁੰਦੀ ਹੈ। ਇੱਕ ਪੋਥੀ ਜੋ ਛੇਵੀਂ ਪਾਤਸ਼ਾਹੀ ਜੀ ਦੇ ਸਮੇਂ ਲਿਖੀ ਗਈ ਸੀ, ਮੈਂ ਵੇਖੀ ਹੈ। ਇਹ ਪੋਥੀ ਕਿਸੇ ਪੁਰਾਤਨ ਪੋਥੀ ਦਾ ਉਤਾਰਾ ਸੀ, ਜੋ ਸ਼ਾਇਦ ਪੰਚਮ ਪਾਤਸ਼ਾਹ ਜੀ ਦੇ ਸਮੇਂ ਵਿੱਚ ਲਿਖੀ ਗਈ ਹੋਵੇ। ਪੁਰਾਣੀਆਂ ਜਨਮ ਸਾਖੀਆਂ ਜੋ ਮੈਂ ਵੇਖੀਆਂ ਹਨ, ਉਹ ਸਾਰੀਆਂ ਉਸ ਜਨਮ ਸਾਖੀ ਦੇ ਉਤਾਰੇ ਹਨ, ਜੋ ਪੰਚਮ ਪਾਤਸਾਹ ਜੀ ਦੇ ਸਮੇਂ ਲਿਖੀ ਗਈ ਸੀ। ਇਸ ਜਨਮ ਸਾਖੀ ਵਿੱਚ ਸਤਿਗੁਰੂ ਜੀ ਦੇ ਪ੍ਰਗਟ ਹੋਣ ਦੀ ਤਾਰੀਖ ਵੈਸਾਖ ਸੁਦੀ ਤਿੰਨ ਦਿੱਤੀ ਹੈ।

ਇਸ ਪੁਰਾਣੀ ਲਿਖਤ ਤੋਂ ਉਤਰ ਕੇ ਦੂਜੀ ਪੁਰਾਣੀ ਲਿਖਤ ਜੋ ਮੈਂ ਵੇਖੀ ਹੈ, ਉਹ ਬਾਬਾ ਮਿਹਰਵਾਨ ਜੀ ਦੀ ਲਿਖੀ ਪੋਥੀ ਹੈ। ਬਾਬਾ ਮਿਹਰਵਾਨ ਜੀ ਪੰਚਮ ਪਾਤਸ਼ਾਹ ਜੀ ਤੇ ਛੇਵੇਂ ਪਾਤਸ਼ਾਹ ਜੀ ਦੇ ਸਮਕਾਲੀ ਸਨ। ਆਪ ਦੀ ਪੋਥੀ ਵਿੱਚ ਵੀ ਸਤਿਗੁਰੂ ਜੀ ਦੇ ਪ੍ਰਗਟ ਹੋਣ ਦੀ ਤਾਰੀਖ ਵੈਸਾਖ ਸੁਦੀ ਤਿੰਨ ਹੀ ਦਿੱਤੀ ਹੈ।

ਇਸ ਤੋਂ ਬਿਨ੍ਹਾਂ ਭਾਈ ਮਨੀ ਸਿੰਘ ਜੀ ਦੀ ਜਨਮ ਸਾਖੀ ਵਿੱਚ ਵੀ ਵੈਸਾਖ ਸੁਦੀ ਤਿੰਨ ਹੀ ਹੈ। ਮਹਿਮਾ ਪ੍ਰਕਾਸ਼ ਦਾ ਪਹਿਲਾ ਹਿੱਸਾ ਸੰਮਤ 1826 ਬਿ: ਵਿੱਚ ਲਿਖਿਆ ਗਿਆ ਸੀ, ਉਸ ਹਿੱਸੇ ਵਿੱਚ ਤਾਂ ਵੈਸਾਖ ਸੁਦੀ 3 ਤਾਰੀਖ ਮੰਨੀ ਹੈ, ਪਰ ਪਿੱਛਲਾ ਹਿੱਸਾ ਜੋ ਸੰਮਤ 1856 ਦੇ ਲੱਗ ਭਗ ਲਿਖਿਆ ਗਿਆ ਸੀ, ਉਸ ਵਿੱਚ ਭਾਈ ਬਾਲੇ ਦਾ ਵੀ ਨਾਮ ਆਇਆ। ਇਸ ਤੋਂ ਜਾਪਦਾ ਹੈ ਕਿ ਉਸ ਸਮੇਂ ਭਾਈ ਬਾਲੇ ਵਾਲੀ ਸਾਖੀ ਦਾ ਰਿਵਾਜ਼ ਹੋ ਚੱਲਿਆ ਸੀ।

ਪੁਰਾਣੀਆਂ ਲਿਖਤਾਂ ਮੈਂ ਹੋਰ ਭੀ ਵੇਖੀਆਂ ਸਨ, ਜਿਨ੍ਹਾਂ ਵਿੱਚ ਸਤਿਗੁਰੂ ਜੀ ਦੇ ਪ੍ਰਗਟ ਹੋਣ ਦੀ ਤਾਰੀਖ ਵੈਸਾਖ ਸੁਦੀ ਤਿੰਨ ਦਿੱਤੀ ਹੈ, ਪਰ ਉਹਨਾਂ ਸਾਰੀਆਂ ਵਿੱਚ ਪੁਰਾਣੀ ਜਨਮ ਸਾਖੀ ਦੀ ਹੀ ਨਕਲ ਕੀਤੀ ਗਈ ਹੈ, ਜੋ ਸਾਖੀ ਪੰਚਮ ਪਾਤਸਾਹ ਜੀ ਦੇ ਸਮੇਂ ਲਿਖੀ ਗਈ ਸੀ।

ਇਹਾਂ ਸੱਭ ਲਿਖਤਾਂ ਦੇ ਉਲਟ ਭਾਈ ਬਾਲੇ ਵਾਲੀ ਜਨਮ ਸਾਖੀ ਵਿੱਚ ਮੰਨਿਆ ਹੈ ਕਿ ਸਤਿਗੁਰੂ ਜੀ ਕੱਤਕ ਪੂਰਨਮਾਸ਼ੀ ਨੂੰ ਪ੍ਰਗਟ ਹੋਏ। ਜੇਕਰ ਗਹੁ ਨਾਲ ਇਸ ਜਨਮ ਸਾਖੀ ਸਾਖੀ ਨੂੰ ਪੜ੍ਹਿਆ ਜਾਵੇ ਤਾਂ ਸਹਿਜੇ ਪਤਾ ਲੱਗ ਜਾਂਦਾ ਹੈ ਕਿ ਇਹ ਜਨਮ ਸਾਖੀ ਕਦੋਂ ਕੁ ਲਿਖੀ ਹੋਵੇਗੀ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਬਦਾਂ ਦੀ ਜੋ ਤਰਤੀਬ ਹੈ, ਉਹ ਪੰਚਮ ਪਾਤਸ਼ਾਹ ਜੀ ਦੀ ਬਣਾਈ ਹੋਈ ਹੈ, ਪਰ ਭਾਈ ਬਾਲੇ ਵਾਲੀ ਜਨਮ ਸਾਖੀ ਵਿੱਚ ਕਈ ਥਾਈਂ ਉਸੇ ਤਰਤੀਬ ਨਾਲ ਸ਼ਬਦ ਦਿੱਤੇ ਹੋਏ ਹਨ, ਜਿਸ ਤਰਤੀਬ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਆਏ ਹਨ ਅਤੇ ਪਹਿਲੀ ਪਾਤਸ਼ਾਹੀ ਤੋਂ ਬਿਨ੍ਹਾਂ ਦੂਜੀਆਂ ਪਾਤਸ਼ਾਹੀਆਂ ਦੇ ਸ਼ਬਦ ਵੀ ਭਾਈ ਬਾਲੇ ਵਾਲੀ ਜਨਮ ਸਾਖੀ ਵਿੱਚ ਹਨ। ਮਸੰਦ ਸ਼ਬਦ ਸਿੱਖਾਂ ਵਿੱਚ ਪੰਚਮ ਪਾਤਸ਼ਾਹ ਜੀ ਦੇ ਸਮੇਂ ਤੋਂ ਪ੍ਰਚੱਲਿਤ ਹੋਇਆ ਹੈ, ਪਰ ਇਹ ਸ਼ਬਦ ਵੀ ਇਸ ਜਨਮ ਸਾਖੀ ਵਿੱਚ ਮਿਲਦਾ ਹੈ। ਕਸ਼ਮੀਰ ਵਾਲੀ ਸਾਖੀ ਅੱਖਰੋ-ਅੱਖਰ ਪੁਰਾਤਨ ਜਨਮ ਸਾਖੀ ਦੀ ਨਕਲ ਹੈ ਅਤੇ ਹੋਰ ਵੀ ਐਸੀਆਂ ਕਈ ਗੱਲਾਂ ਹਨ, ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਭਾਈ ਬਾਲੇ ਵਾਲੀ ਜਨਮ ਸਾਖੀ ਸ੍ਰੀ ਦਸਮੇਸ਼ ਜੀ ਦੇ ਸਮੇਂ ਵਿੱਚ ਹੀ ਲਿਖੀ ਗਈ ਹੋਵੇਗੀ, ਇਸ ਤੋਂ ਪਹਿਲਾਂ ਨਹੀਂ।

ਭਾਈ ਬਾਲੇ ਵਾਲੀ ਜਨਮ ਸਾਖੀ ਜੋ ਅੱਜ ਕਲ੍ਹ ਪਰਚੱਲਤ ਹੈ, ਇਸ ਵਿੱਚ ਤੇ ਅਸਲੀ ਭਾਈ ਬਾਲੇ ਵਾਲੀ ਜਨਮ ਸਾਖੀ ਵਿੱਚ ਬਹੁੱਤ ਭੇਦ ਹੈ। ਸਿੱਖਾਂ ਨੇ "ਪੁਰਾਤਨ ਜਨਮ ਸਾਖੀ" ਨੂੰ ਤਾਂ ਭੁਲਾ ਦਿੱਤਾ, ਪਰ ਭਾਈ ਬਾਲੇ ਵਾਲੀ ਜਨਮ ਸਾਖੀ ਨੂੰ ਕੱਢ ਕੇ ਬਾਕੀ ਸਾਰੀ ਨੂੰ ਪ੍ਰਵਾਨ ਕਰ ਲਿਆ ਹੈ। ਜੇ ਕਰ ਭਾਈ ਬਾਲੇ ਵਾਲੀ ਅਸਲ ਜਨਮ ਸਾਖੀ ਨੂੰ ਵੇਖਿਆ ਜਾਵੇ ਤਾਂ ਸਹਿਜੇ ਹੀ ਪਤਾ ਲੱਗ ਜਾਂਦਾ ਹੈ ਕਿ ਇਸਦਾ ਲਿਖਣ ਵਾਲਾ ਕੋਈ ਹੰਦਾਲੀਆ ਹੈ ਅਤੇ ਜੇਕਰ ਬਾਲਾ ਹੰਦਾਲ ਜੀ ਦੇ ਪੁੱਤਰ ਦੀਆਂਪਰਚੀਆਂ ਤੇ ਇਸ ਜਨਮ ਸਾਖੀ ਨੂੰ ਰਲਾ ਕੇ ਪੜ੍ਹਿਆ ਜਾਵੇ ਤਾਂ ਸਾਫ਼ ਸਿੱਧ ਹੋ ਜਾਂਦਾ ਹੈ ਕਿ ਇਹ ਦੋਵੇਂ ਸਾਖੀਆਂ ਇੱਕ ਹੀ ਕਲਮ ਦੀਆਂ ਲਿਖੀਆਂ ਹੋਈਆਂ ਹਨ। ਜਿਸਦਾ ਅੰਤ੍ਰੀਵ ਭਾਵ ਸਤਿਗੁਰੂ ਜੀ ਨੂੰ ਛੋਟਾ ਅਤੇ ਬਾਬਾ ਹੰਦਾਲ ਨੂੰ ਵੱਡਾ ਸਿੱਧ ਕਰਨਾ ਹੈ।

ਇਸ ਲਈ ਕਿ ਜਨਮ ਸਾਖੀ ਸਿੱਖਾਂ ਵਿੱਚ ਸਹਿਜ ਨਾਲ ਪ੍ਰਚੱਲਿਤ ਹੋ ਸਕੇ, ਇਸ ਦਾ ਕਰਤਾ ਭਾਈ ਬਾਲਾ ਬਣਾਇਆ ਗਿਆ, ਜਿਸ ਨੂੰ ਸਤਿਗੁਰੂ ਜੀ ਦਾ ਸਾਥੀ ਬਣਾ ਕੇ ਪ੍ਰਮਾਣਿਕ ਬਨਾਉਣ ਦਾ ਯਤਨ ਕੀਤਾ ਗਿਆ, ਪਰ ਅਸਲੀ ਗੱਲ ਇਹ ਹੈ ਕਿ ਭਾਈ ਬਾਲਾ ਕੋਈ ਹੋਇਆ ਹੀ ਨਹੀਂ।

ਭਾਈ ਗੁਰਦਾਸ ਜੀ ਨੇ ਯਾਰਵੀਂ ਵਾਰ ਵਿੱਚ ਉਹਨਾਂ ਸੱਭ ਸਿੱਖਾਂ ਦੇ ਨਾਮ ਲਿਖੇ ਹਨ, ਜਿਨ੍ਹਾਂ ਦਾ ਕਿਸੇ ਨਾ ਕਿਸੀ ਪਾਤਸਾਹੀ ਨਾਲ ਸਬੰਧ ਰਿਹਾ ਹੈ। ਸਤਿਗੁਰੂ ਨਾਨਕ ਜੀ ਦੇ ਸਿੱਖਾਂ ਵਿੱਚੋਂ ਭਾਈ ਮਰਦਾਨੇ ਦਾ ਨਾਮ ਤਾਂ ਆਉਂਦਾ ਹੈ, ਪਰ ਭਾਈ ਬਾਲੇ ਦਾ ਨਾਮ ਕਿਤੇ ਨਹੀਂ ਆਉਂਦਾ। ਜਿਸ ਤੋਂ ਸਿੱਧ ਹੈ ਕਿ ਭਾਈ ਬਾਲਾ ਕੋਈ ਸੀ ਹੀ ਨਹੀਂ। ਇਸੇ ਤਰ੍ਹਾਂ ਕਿਸੇ ਵੀ ਪੁਰਾਣੀ ਲਿਖਤ ਵਿੱਚ ਭਾਈ ਬਾਲੇ ਦਾ ਨਾਮ ਨਹੀਂ ਆਉਂਦਾ, ਪਰ ਭਾਈ ਰਦਾਨੇ ਦਾ ਨਾਮ ਹਰ ਇੱਕ ਲਿਖਤ ਵਿੱਚ ਹੈ। ਅਣੋਖੀ ਗੱਲ ਹੈ ਕਿ ਸਤਿਗੁਰੂ ਜੀ ਦਾ ਐਸਾ ਨਿਕਟ ਵਰਤੀ ਸਿੱਖ ਹੋਵੇ ਤੇ ਭਾਈ ਗੁਰਦਾਸ ਜੀ ਜਾਂ ਕਿਸੇ ਪੁਰਾਤਨ ਸਿੱਖ ਨੂੰ ਉਸਦਾ ਪਤਾ ਨਾ ਹੋਵੇ।

ਚੂੰਕਿ ਬਾਬਾ ਹੰਦਾਲ ਜੀ ਦੇ ਪੁੱਤਰ ਬਿਧੀ ਚੰਦ ਨੇ ਆਪਣੇ ਪਿਤਾ ਨੂੰ ਸਤਿਗੁਰੂ ਜੀ ਨਾਲੋਂ ਵੱਡਾ ਸਿੱਧ ਕਰਨਾ ਸੀ, ਇਸ ਲਈ ਉਸਨੇ ਭਾਈ ਬਾਲੇ ਦਾ ਨਾਮ ਘੜ ਕੇ ਕਈ ਅਯੋਗ ਗੱਲਾਂ ਭਾਈ ਬਾਲੇ ਦੇ ਮੂੰਹੋਂ ਅਖਵਾਈਆਂ ਅਤੇ ਸਤਿਗੁਰੂ ਜੀ ਨੂੰ ਛੋਟਾ ਸਿੱਧ ਕਰਨ ਦੇ ਯਤਨ ਵਿੱਚ ਹੀ ਆਪ ਦੇ ਪ੍ਰਗਟ ਹੋਣ ਦਾ ਮਹੀਨਾ ਕੱਤਕ ਮੰਨਿਆ, ਜੋ ਹਿੰਦੂਆਂ ਦਾ ਬੜਾ ਭੈੜਾ ਮਹੀਨਾ ਗਿਣਿਆ ਜਾਂਦਾ ਹੈ। ਇੱਥੋਂ ਤੱਕ ਕੇ ਜਿਸ ਤ੍ਰੀਮਤ ਦੇ ਇਸ ਮਹੀਨੇ ਬਾਲਕ ਹੋਵੇ, ਉਸਨੂੰ ਘਰੋਂ ਕੱਢ ਦੇਣ ਦਾ ਹੁਕਮ ਹੈ। ਇਸ ਤੋਂ ਲੇਖਕ ਦਾ ਇਹ ਭਾਵ ਸੀ ਕਿ ਸਤਿਗੁਰੂ ਜੀ ਦਾ ਅਵਤਾਰ ਹੋਣਾ ਤਾਂ ਕਿਤੇ ਰਿਹਾ, ਪੈਦਾਇਸ਼ ਦੇ ਹਿਸਾਬ ਨਾਲ ਮਾਮੂਲੀ ਆਦਮੀ ਵੀ ਨਹੀਂ ਸਨ।

ਅਠਾਰਾਂ ਵਰ੍ਹੇ ਹੋਏ ਹਨ ਕਿ ਮੈਂ "ਕੱਤਕ ਕਿ ਵੈਸਾਖ" ਨਾਮੇ ਇੱਕ ਪੁਸਤਕ ਲਿਖੀ ਸੀ, ਜਿਸ ਵਿੱਚ ਮੈਂ ਸਿੱਧ ਕੀਤਾ ਸੀ ਕਿ ਭਾਈ ਬਾਲੇ ਵਾਲੀ ਜਨਮ ਸਾਖੀ ਹੰਦਾਲੀਆਂ ਦੀ ਲਿਖੀ ਹੋਈ ਹੈ, ਭਾਈ ਬਾਲਾ ਕੋਈ ਨਹੀਂ ਹੋਇਆ ਅਤੇ ਸਤਿਗੁਰੂ ਨਾਨਕ ਜੀ ਕੱਤਕ ਪੂਰਨਮਾਸ਼ੀ ਨੂੰ ਨਹੀਂ ਸਗੋਂ ਵੈਸਾਖ ਸੁਦੀ ਤਿੰਨ ਨੂੰ ਪ੍ਰਗਟ ਹੋਏ ਸਨ। ਜਿਸ ਸੱਜਣ ਨੇ ਵਿਸਥਾਰ ਨਾਲ ਇਸ ਗੱਲ ਦੀ ਖੋਜ ਕਰਨੀ ਹੋਵੇ, ਉਹ "ਕੱਤਕ ਕਿ ਵੈਸਾਖ' ਨਾਮੇ ਕਿਤਾਬ ਨੂੰ ਪੜ੍ਹ ਵੇਖੇ।

ਮੁਕਦੀ ਗੱਲ ਇਹ ਹੈ ਕਿ ਵੈਸਾਖ ਸੁਦੀ 3 ਨੂੰ ਗੁਰੂ ਨਾਨਕ ਸਾਹਿਬ ਦਾ ਜਨਮ ਪੰਚਮ ਪਾਤਸਾਹੀ ਦੇਸਮੇਂ ਸ਼ੁੱਧ ਮੰਨਿਆ ਜਾਂਦਾ ਸੀ। ਇਹੋ ਤਾਰੀਖ ਪੁਰਾਤਨ ਸਿੱਖਾਂ ਵਿੱਚ ਪ੍ਰਚੱਲਿਤ ਸੀ। ਕੱਤਕ ਪੂਰਨਮਾਸ਼ੀ ਦਾ ਰਿਵਾਜ਼ ਭਾਈ ਬਾਲੇ ਵਾਲੀ ਜਨਮ ਸਾਖੀ ਤੋਂ ਤੁਰਿਆ, ਜੋ ਹੰਦਾਲੀਆਂ ਦੀ ਲਿਖੀ ਹੋਈ ਤੇ ਹੋਛੇ ਭਾਵ ਨਾਲ ਲਿਖੀ ਹੋਈ ਹੈ। ਇਸ ਲਈ ਸਤਿਗੁਰੂ ਜੀ ਦੇ ਪ੍ਰਗਟ ਹੋਣ ਦੀ ਤਾਰੀਖ ਵੈਸਾਖ ਸੁਦੀ 3 ਹੀ ਹੈ, ਕੱਤਕ ਪੂਰਨਮਾਸ਼ੀ ਨਹੀਂ।

---

## ਤੱਥ ਤੇ ਸੱਚ

# ਕੌਣ ਬਦਲ ਰਿਹਾ ਸਿੱਖ ਇਤਿਹਾਸ ?

### ਗੁਰੂ ਨਾਨਕ ਸਾਹਿਬ ਜੀ ਦੇ ਜਨਮ ਤਾਰੀਖ ਸੰਬੰਧੀ (ਕੱਤਕ ਕਿ ਵੈਸਾਖ) ?

ਜਗਸੀਰ ਸਿੰਘ, ਜੈਮਲ ਸਿੰਘ ਵਾਲਾ (ਬਰਨਾਲਾ)
ਸੰਪਰਕ : 8054941830

ਗੁਰੂ ਨਾਨਕ ਸਾਹਿਬ ਜੀ ਪ੍ਰਕਾਸ਼ ਪੁਰਬ/ਜਨਮ ਤਾਰੀਖ ਸੰਬੰਧੀ ਕਈ ਭੁਲੇਖੇ ਅਤੇ ਮਤਭੇਦ ਅਜੇ ਵੀ ਬਰਕਰਾਰ ਹਨ। ਇਹਨਾਂ ਮਤਭੇਦਾਂ ਦੇ ਬਰਕਰਾਰ ਰਹਿਣ ਦੇ ਕਾਰਨ ਸਿੱਖਾਂ ਦੀ ਖੁਦ ਦੀ ਅਣਗਹਿਲੀ ਹੈ। ਗੁਰੂ ਨਾਨਕ ਸਾਹਿਬ ਜੀ ਦਾ ਜਨਮ 15 ਅਪ੍ਰੈਲ 1469 ਈ: ਨੂੰ ਹੋਇਆ ਪਰ ਇਹ ਪ੍ਰਕਾਸ਼ ਪੁਰਬ ਬੜੀ ਸਾਜਿਸ਼ ਦੇ ਤਹਿਤ ਸਨਾਤਨ ਦੇ ਪ੍ਰਭਾਵ ਹੇਠ ਕੱਤਕ ਦੀ ਪੂਰਨਮਾਸ਼ੀ ਵਿੱਚ ਬਦਲ ਦਿੱਤਾ ਗਿਆ। ਆਉ ਇਤਿਹਾਸ ਦੇ ਪੰਨਿਆਂ ਅਤੇ ਵਿਦਵਾਨਾਂ ਦੇ ਵਿਚਾਰਾਂ ਨੂੰ ਗੌਰ ਨਾਲ ਵਾਚਦੇ ਹਾਂ ਕਿ ਅਸਲ ਤਾਰੀਖ ਕਿਹੜੀ ਹੈ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ?

1) 'ਮਹਾਨ ਕੋਸ਼' (Encyclopeida of iSkihsm) ਦੇ ਕਰਤਾ 'ਭਾਈ ਕਾਨ੍ਹ ਸਿੰਘ ਨਾਭਾ' ਅਨੁਸਾਰ:-
"ਨਾਨਕ ਦੇਵ, ਸਤਿਗੁਰੁ:- ਸਿੱਖ ਧਰਮ ਦੇ ਆਚਾਰਯ, ਅਗਯਾਨ ਅੰਧਕਾਰ ਦੇ ਵਿਨਾਸ਼ਕ ਸੂਰਸਰੂਪ ਜਗਤ ਗੁਰੂ ਨਾਨਕ ਦਾ ਜਨਮ ਵੈਸਾਖ ਸੁਦੀ ੩ (੨੦ ਵੈਸਾਖ) ਸੰਮਤ ੧੫੨੬ (੧੫ ਅਪ੍ਰੈਲ ਸਨ ੧੪੬੯) ਨੂੰ ਬੇਦੀ ਕਾਲੂ ਚੰਦ ਮਾਤਾ ਤ੍ਰਿਪਤਾ ਜੀ ਦੇ ਉਦਰ ਤੋਂ ਰਾਇ ਭੋਇੰ ਦੀ ਤਲਵੰਡੀ ਵਿੱਚ (ਜੋ ਹੁਣ ਨਾਨਕਿਆਣਾ ਪ੍ਰਸਿੱਧ ਹੈ) ਹੋਇਆ।" (ਪੰਨਾ ਨੰ: 692)

2) 'ਗਿਆਨੀ ਸੋਹਣ ਸਿੰਘ ਸ਼ੀਤਲ' ਆਪਣੀ ਕਿਤਾਬ 'ਗੁਰ ਇਤਿਹਾਸ ਦਸ ਪਾਤਸ਼ਾਹੀਆਂ' ਦੇ ਪੰਨਾ ਨੰ 11 ਤੇ ਲਿਖਦੇ ਹਨ :-
"ਸ਼ਨਿਚਰਵਾਰ, ੨੦ ਵਿਸਾਖ, ਵਿਸਾਖ ਸੁਦੀ ੩, ਸੰਮਤ ੧੫੨੬ ਬਿਕ੍ਰਮੀ (੧੫ ਅਪ੍ਰੈਲ ੧੪੬੯ ਈ:) ਨੂੰ ਅੰਮ੍ਰਿਤ ਵੇਲੇ ਤਲਵੰਡੀ ਰਾਇ ਭੋਇੰ ਵਿੱਚ ਇੱਕ ਮਹਾਨ ਜੋਤ ਪਰਗਟ ਹੋਈ।"

3) 'ਪ੍ਰਿੰਸੀਪਲ ਸਤਿਬੀਰ ਸਿੰਘ' ਆਪਣੀ ਪੁਸਤਕ 'ਬਲਿਓ ਚਿਰਾਗ' ਵਿੱਚ ਪਹਿਲੇ ਪਾਤਸ਼ਾਹ ਦੇ ਜਨਮ ਸੰਬੰਧੀ ਲਿਖਦੇ ਹਨ:-
"ਪ੍ਰਕਾਸ਼: ਤਲਵੰਡੀ ਵਿਖੇ ਬਾਬੇ ਦਾ ਜਨਮ ਅੰਮ੍ਰਿਤ ਵੇਲੇ ਹੋਇਆ। ਵੈਸਾਖ ਸੁਦੀ ਤਿੰਨ ਸੀ। ਸੰਮਤ ੧੫੨੬ ਸੀ, ਸੰਨ ੧੪੬੯ ਅਤੇ ਅਪ੍ਰੈਲ ਦੀ ਪੰਦਰਾਂ ਸੀ।" (ਪੰਨਾ ਨੰ 21)

4) 'ਸੰਖੇਪ ਸਿੱਖ ਇਤਿਹਾਸ' ਦੇ ਲਿਖਾਰੀ 'ਪਿਆਰਾ ਸਿੰਘ ਪਦਮ' ਲਿਖਦੇ :- "ਗੁਰੂ ਨਾਨਕ ਸਾਹਿਬ ਦਾ ਜਨਮ ਪਿਤਾ ਕਾਲੂ ਦੇ ਘਰ ਮਾਤਾ ਤ੍ਰਿਪਤਾ ਦੀ ਕੁੱਖੋਂ ਰਾਇ ਭੋਇੰ ਦੀ ਤਲਵੰਡੀ (ਨਨਕਾਣਾ ਸਾਹਿਬ) ਜਿਲਾ ਸ਼ੇਖੂਪੁਰਾ ਵਿੱਚ ਵੈਸਾਖ ਸੁਦੀ 3, 1526 ਬਿਕ੍ਰਮੀ ਮੁਤਾਬਕ 15 ਅਪ੍ਰੈਲ 1469 ਈ: ਨੂੰ ਹੋਇਆ। " (ਪੰਨਾ ਨੰ 21)

5) 'ਪ੍ਰਿੰ: ਤੇਜਾ ਸਿੰਘ' ਤੇ 'ਡਾ: ਗੰਡਾ ਸਿੰਘ' ਆਪਣੀ ਰਚਨਾ 'ਸਿੱਖ ਇਤਿਹਾਸ (1469-1765)' ਵਿੱਚ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਸੰਬੰਧੀ ਪੰਨਾ ਨੰ: 2 ਤੇ ਲਿਖਦੇ ਹਨ:- "ਸਿੱਖ ਲਹਿਰ ਗੁਰੂ ਨਾਨਕ ਸਾਹਿਬ ਤੋਂ ਆਰੰਭ ਹੋਈ। ਉਨ੍ਹਾਂ ਦਾ ਜਨਮ 15 ਅਪ੍ਰੈਲ 1469 (ਵਿਸਾਖ ਸੁਦੀ 3, 1526 ਬਿਕਰਮੀ) ਨੂੰ ਇੱਕ ਖੱਤਰੀ ਘਰਾਣੇ ਵਿੱਚ ਰਾਇ ਭੋਇੰ ਦੀ ਤਲਵੰਡੀ ਦੇ ਸਥਾਨ ਤੇ ਹੋਇਆ, ਜਿਸ ਨੂੰ ਨਨਕਾਣਾ ਸਾਹਿਬ ਕਹਿੰਦੇ ਹਨ।"

6) 'ਪ੍ਰੋ: ਸਾਹਿਬ ਸਿੰਘ' ਆਪਣੀ ਪੁਸਤਕ 'ਜੀਵਨ ਬ੍ਰਿਤਾਂਤ- ਸ੍ਰੀ ਗੁਰੂ ਨਾਨਕ ਦੇਵ ਜੀ' ਦੇ ਪੰਨਾ ਨੰ: 13 ਤੇ ਲਿਖਦੇ ਹਨ: "ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਪਿੰਡ ਤਲਵੰਡੀ ਵਿੱਚ ਵੈਸਾਖ ਸੁਦੀ ੩, ਸੰਮਤ ੧੫੨੬ ਨੂੰ ਹੋਇਆ। ਪ੍ਰਵਿਸ਼ਟਾ ਮਹੀਨਾ ਵੈਸਾਖ ਦੀ ੨੦ ਤਰੀਕ ਸੀ। ਈਸਵੀ ੧੪੬੯ ਮਹੀਨਾ ਅਪ੍ਰੈਲ ਦੀ ੧੫ ਤਰੀਕ ਤੇ ਦਿਨ ਛਨਿੱਛਰਵਾਰ ਸੀ।"

7) 'ਸਿੱਖ ਮਿਸ਼ਨਰੀ ਕਾਲਜ ਲੁਧਿਆਣਾ' ਦੁਆਰਾ ਸੰਪਾਦਿਤ ਕਿਤਾਬ 'ਜੀਵਨ ਗਾਥਾ ਤੇ ਸਿਧਾਂਤ ਸ੍ਰੀ ਗੁਰੂ ਨਾਨਕ ਦੇਵ ਜੀ' ਦੇ ਪੰਨਾ ਨੰ: 28 ਤੇ ਦਰਜ ਹੈ:- "15 ਅਪ੍ਰੈਲ ਸੰਨ 1469 (20 ਵੈਸਾਖ ਸੰਮਤ 1526) ਨੂੰ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਰਾਇ ਭੋਇ ਦੀ ਤਲਵੰਡੀ ਵਿਖੇ ਹੋਇਆ; ਜਿਸਨੂੰ ਅੱਜ-ਕੱਲ੍ਹ ਨਨਕਾਣਾ ਸਾਹਿਬ ਆਖਦੇ ਹਨ।"

'ਸਿੱਖ ਪੰਥ ਵਿਸ਼ਵਕੋਸ਼' ਵਿੱਚ 'ਡਾ: ਰਤਨ ਸਿੰਘ ਜੱਗੀ' ਪੰਨਾ ਨੰ: 1179 ਤੇ ਲਿਖਦੇ ਹਨ:- "ਨਾਨਕ ਦੇਵ, ਗੁਰੂ:- ਆਪ ਜੀ ਦੇ ਜਨਮ ਸੰਬੰਧੀ ਦੋ ਮੱਤ ਪ੍ਰਚਲਿਤ ਹਨ। ਇੱਕ ਮੱਤ ਦਾ ਆਧਾਰ ਪੁਰਾਤਨ ਜਨਮ ਸਾਖੀ ਹੈ ਜਿਸ ਅਨੁਸਾਰ 15 ਅਪ੍ਰੈਲ 1469 ਈ: (ਵਿਸਾਖ ਸੁਦੀ 3, ਸੰਮਤ 1526 ਬਿ:) ਨੂੰ ਆਪਦਾ ਜਨਮ ਹੋਇਆ। ਦੂਜੇ ਮੱਤ ਦਾ ਆਧਾਰ ਬਾਲੇ ਵਾਲੀ ਜਨਮ ਸਾਖੀ ਹੈ, ਜਿਸ ਵਿੱਚ ਆਪ ਦਾ ਜਨਮ ਕਤਕ ਸੁਦੀ 15,1526 ਬਿ: ਵਾਲੇ ਦਿਨ ਹੋਇਆ। ਅਧਿਕਾਂਸ਼ ਵਿਦਵਾਨ ਪੁਰਾਤਨ ਜਨਮ ਸਾਖੀ ਵਾਲੀ ਜਨਮ ਤਿਥੀ ਨੂੰ ਸਹੀ ਮੰਨਦੇ ਹਨ।"

9) 'ਪੁਰਾਤਨ ਜਨਮ ਸਾਖੀ' ਵਿੱਚ 'ਭਾਈ ਵੀਰ ਸਿੰਘ' ਪੰਨਾ ਨੰ: 20 ਤੇ ਲਿਖਦੇ ਹਨ:- "੧) ਅਵਤਾਰ:- ਸੰਮਤ ੧੫੨੬ ਬਾਬਾ ਨਾਨਕੁ ਜਨਮਿਆ, ਵੈਸਾਖ ਮਾਹਿ ਤ੍ਰਿਤੀਆ ਚਾਨਣੀ ਰਾਤਿ, ਅੰਮ੍ਰਿਤ ਵੇਲਾ ਪਹਰ ਰਾਤ ਰਹਿੰਦੀ ਕੁ ਜਨਮਿਆ।"*

*( ਨੋਟ:- ਵੈਸਾਖ ਮਾਹਿ ਤ੍ਰਿਤੀਆ ਭਾਵ ਵੈਸਾਖ ਸੁਦੀ ੩)

10) 'ਮਹਿਮਾ ਪ੍ਰਕਾਸ਼' ਦੇ ਕਰਤਾ 'ਸਰੂਪ ਦਾਸ ਭੱਲਾ' ਪੰਨਾ ਨੰ: 69 ਤੇ ਲਿਖਦੇ ਹਨ:-

**"ਦੋਹਰਾ॥**
ਸੰਮਤ ਬਿਕ੍ਰਮ ਨ੍ਰਿਪਤ ਕੋ ਪੰਦਰਹ ਸਹਸ ਪਚੀਸ।
ਬੈਸਾਖ ਸੁਦੀ ਤਿਥ ਤੀਜ ਕੋ ਧਰਿਓ ਸੰਤ ਬਪੁ ਈਸ॥੩॥"

11) Offical webiste of 'SGPC AMRITSAR' :-
"Sir Guru Nanak Dev ij (the ifrst founder of iSkihsm) was born on 15th Apirl, 1469 at Ria-Bhio-id Talwanidi n the presant idstirct of Shekhupura (Paikstan) now Nankana Saihb. The ibrthday of Guru Nanak Saihbi s celebrated on 15th Karitk puranmasih. full moon day of the karitk."
ਭਾਵ, "ਸ੍ਰੀ ਗੁਰੂ ਨਾਨਕ ਦੇਵ ਜੀ (ਸਿੱਖ ਧਰਮ ਦੇ ਪਹਿਲੇ ਸੰਸਥਾਪਕ) ਦਾ ਜਨਮ 15 ਅਪ੍ਰੈਲ, 1469 ਨੂੰ ਰਾਇ ਭੋਇ ਦੀ ਤਲਵੰਡੀ ਮੌਜੂਦਾ ਜਿਲਾ ਸ਼ੇਖੂਪੁਰਾ (ਪਾਕਿਸਤਾਨ) ਦੇ ਅੱਜਕਲ ਨਨਕਾਣਾ ਸਾਹਿਬ ਦੇ ਵਿੱਚ ਹੋਇਆ ਸੀ। ਉਂਝ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਕੱਤਕ ਸੁਦੀ 15 ਭਾਵ ਕੱਤਕ ਦੀ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ।"

12) ' ਪੁਸਤਕ 'ਗੁਰਮਤਿ ਦਾ ਸਕੂਲ' ਵਿੱਚ :-
"ਗੁਰੂ ਨਾਨਕ ਜੀ ਦਾ ਜਨਮ 15 ਅਪ੍ਰੈਲ 1469 ਈ: ਨੂੰ ਰਾਇ ਭੋਇ ਦੀ ਤਲਵੰਡੀ ਵਿੱਚ ਹੋਇਆ।"

13) 'ਸਿੱਖ ਹਿਸਟਰੀ 1469-1988' ਵਿੱਚ 'ਖੁਸ਼ਵੰਤ ਸਿੰਘ' ਪੰਨਾ ਨੰ: 33 ਤੇ ਲਿਖਦੇ ਹਨ:- "ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ 15 ਅਪ੍ਰੈਲ 1469 ਈ: ਨੂੰ ਹੋਇਆ।"

14) 'ਸਿੱਖ ਇਤਿਹਾਸ' ਦੇ ਲਿਖਾਰੀ 'ਮੈਕਸ ਆਰਥਰ ਮੈਕਾਲਿਫ' ਆਪਣੀ ਲਿਖਤ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਜਨਮ ਸੰਬੰਧੀ ਪੰਨਾ ਨੰ: 43 ਤੇ ਲਿਖਦੇ ਹਨ। ਇਹ ਕਿਤਾਬ ਅਜੈਬ ਸਿੰਘ ਅਤੇ ਯ.ਸ਼. ਅੁਲਓਕਹ ਦੁਆਰਾ ਅਨੁਵਾਦਿਤ ਕੀਤੀ ਗਈ ਹੈ:- "ਸਿੱਖ ਧਰਮ ਨੂੰ ਪ੍ਰਗਟਾਉਣ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਿਸਾਖ ਸੁਦੀ ਤਿੰਨ ਸੰਨ ਚੌਦਾਂ ਸੌ ਉਨੱਤਰ ਨੂੰ ਅਵਤਾਰ ਧਾਰਨ ਕੀਤਾ। ਸਮੁੱਚੇ ਪ੍ਰਾਚੀਨ ਸਿੱਖ ਇਤਿਹਾਸ ਅਨੁਸਾਰ ਇਹ ਤਰੀਕ ਠੀਕ ਹੈ, ਪਰ ਆਪਣੀ ਸਹੂਲਤ ਲਈ ਸਿੱਖ ਗੁਰੂ ਜੀ ਦੇ ਜਨਮ ਦਾ ਪੁਰਬ ਕੱਤੇ ਦੀ ਪੂਰਨਮਾਸ਼ੀ ਨੂੰ ਹੀ ਮਨਾਉਂਦੇ ਹਨ।"

15) 'ਕੱਤਕ ਕਿ ਵੈਸਾਖ' ਨਾਮੀ ਕਿਤਾਬ ਵਿੱਚ 'ਸ: ਕਰਮ ਸਿੰਘ ਹਿਸਟੋਰੀਅਨ' ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਸੰਬੰਧੀ ਸਾਰੇ ਭੁਲੇਖੇ ਦੂਰ ਕਰਦੇ ਹਨ ਕਿ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਕੱਤਕ ਦੀ ਪੂਰਨਮਾਸ਼ੀ ਦੀ ਸਿਰਫ ਬਾਲੇ ਵਾਲੀ ਜਨਮ ਸਾਖੀ ਸਿੱਧ ਕਰਦੀ ਹੈ। ਜਿਸਨੂੰ ਕਈ ਕਾਰਨਾਂ ਕਰਕੇ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਇਸ ਲਈ ਵੈਸਾਖ ਵਾਲੀ ਤਾਰੀਖ ਹੀ ਸਹੀ ਹੈ।

ਉਪਰੋਕਤ ਸ੍ਰੋਤਾਂ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਅਪ੍ਰੈਲ ਭਾਵ ਵੈਸਾਖ ਵਿੱਚ ਹੀ ਹੈ। ਇੱਥੇ ਇੱਕ ਗੱਲ ਜ਼ਿਕਰਯੋਗ ਹੈ ਕਿ ਵਿਸਾਖੀ ਅਤੇ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਇੱਕ ਹੀ ਤਾਰੀਖ 14 ਅਪ੍ਰੈਲ ਨੂੰ ਹੈ।




# ਸਿੱਖ ਰਾਜ ਕਿਵੇਂ ਬਣਿਆ?

**ਲੇਖਕ : ਗਿ: ਸੋਹਨ ਸਿੰਘ 'ਸੀਤਲ'**

ਕਿਸ਼ਤ - 50

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

ਬਾਕਬਬਇਸ ਲੜਾਈ ਵਿਚ ਮੁਸਲਮ ਫ਼ੌਜ ਦੀ ਗਿਣਤੀ ਸਿੰਘਾਂ ਨਾਲੋਂ ਕਈ ਗੁਣਾ ਵਧੇਰੇ ਸੀ, ਪਰ ਨੁਕਸਾਨ ਦੋਹਾਂ ਧਿਰਾਂ ਦਾ ਇਕੋ ਜਿਹਾ ਹੋਇਆ।

ਅਬਦਾਲੀ ਦੇ ਹਮਲੇ ਵੇਲੇ ਸਿੰਘਾਂ ਨੇ ਦੁਆਬਾ ਜਲੰਧਰ ਦਾ ਬਹੁਤ ਬੁਰਾ ਹਾਲ ਕੀਤਾ ਸੀ। ਸਰਹਿੰਦ ਤੋਂ ਲਾਹੌਰ ਨੂੰ ਆਉਂਦਾ ਹੋਇਆ ਦੁਰਾਨੀ ਫ਼ੌਜ ਦਾ ਇਕ ਦਸਤਾ ਸਿੰਘਾਂ ਨੇ ਕਰਤਾਰਪੁਰ ਕੋਲ ਕਤਲ ਕਰ ਦਿੱਤਾ ਸੀ।

## ਨਾਸਰ ਅਲੀ ਤੇ ਥੰਮ ਸਾਹਿਬ

ਉਸਦਾ ਬਦਲਾ ਲੈਣ ਵਾਸਤੇ ਜਹਾਨ ਖਾਂ ਨੇ ਜਲੰਧਰ ਨੂੰ ਫ਼ੌਜ ਭੇਜੀ। ਜਲੰਧਰ ਦੇ ਫ਼ੌਜਦਾਰ ਨਾਸਰ ਅਲੀ ਨੇ ਉਸ ਫੌਜ ਦੀ ਮਦਦ ਨਾਲ ' ਕਰਤਾਰਪੁਰ ਨੂੰ ਘੇਰ ਲਿਆ ਤੇ ਸੋਢੀ ਵਡਭਾਗ ਸਿੰਘ ਨੂੰ ਫੜ ਕੇ ਬਹੁਤ ਮਾਰਿਆ। ਰਾਤ ਨੂੰ ਸੋਢੀ ਕਿਸੇ ਢੰਗ ਨਾਲ (ਰਾਖਿਆਂ ਨੂੰ ਵੱਢੀ ਦੇ ਕੇ) ਵੈਰੀ ਦੀ ਕੈਦ ਵਿਚੋਂ ਨਿਕਲ ਕੇ ਪਹਾੜਾਂ ਨੂੰ ਚਲਾ ਗਿਆਂ ਤੇ ਪਿੰਡ ਬਹੋੜੀ (ਜ਼ਿਲਾ ਹੁਸ਼ਿਆਰਪੁਰ) ਵਿਚ ਜਾ ਡੇਰਾ ਲਾਇਆ । ਨਾਸਰ ਅਲੀ ਨੇ ਗੁਰਦੁਆਰਾ ਥੰਮ ਸਾਹਿਬ ਸਾੜ ਦਿੱਤਾ ਤੇ ਉਹਦੇ ਵਿਚ ਗਾਂਈਂ ਮਾਰੀਆਂ, ਸ਼ਹਿਰ ਲੁੱਟ ਲਿਆ ਤੇ ਓਥੋਂ ਦੀਆਂ ਹਿੰਦੂ ਦੇਵੀਆਂ ਫੜ ਕੇ ਮੁਸਲਮਾਨ ਬਣਾ ਲਈਆਂ 1 ਇਹ ਘਟਨਾ ਦਸੰਬਰ, 1757 ਈ। ਦੀ ਹੈ।

ਇਹ ਖ਼ਬਰ ਸੁਣ ਕੇ ਸਿੰਘ ਭੜਕ ਉਠੇ। ਸਿੰਘਾਂ ਦਾ ਇਕ ਜੱਥਾ ਪਹਾੜਾਂ ਤੋਂ ਉਤਰਿਆ ਤੇ ਜਲੰਧਰ ਵੱਲ ਵਧਿਆ। ਸ਼ਮਸ ਖਾਂ ਬਿਜਵਾੜਾ, ਸੌਦੇ ਖਾਂ ਟਾਂਡਾ, ਜਾਫ਼ਰ ਖਾਂ ਹੁਸ਼ਿਆਰਪੁਰ, ਪੈਂਦੇ ਖਾਂ ਬੱਸੀ ਵਾਲਾ ਆਦਿ ਚੌਧਰੀਆਂ ਤੇ ਫ਼ੌਜਦਾਰਾਂ ਨੂੰ ਨਾਲ ਲੈ ਕੇ ਨਾਸਰ ਅਲੀ ਜਲੰਧਰੀਏ ਨੇ ਸਿੰਘਾਂ ਨੂੰ ਜਾਂ ਰੋਕਿਆ। ਆਦਮਪੁਰ ਕੋਲ ਲੜਾਈ ਹੋਈ, ਜਿਸ ਵਿਚ ਸੈਦੇ ਖਾਂ ਤੇ ਜਾਫ਼ਰ ਖਾਂ ਮਾਰੇ ਗਏ। ਸਿੰਘਾਂ ਨੇ ਵੇਖਿਆ, ਕਿ ਵੈਰੀ ਦੀ ਗਿਣਤੀ ਵਧੇਰੇ ਹੈ, ਤਾਂ ਉਹ ਸਮਾਂ ਵਿਚਾਰ ਕੇ ਰਾਤ ਨੂੰ ਚਲੇ ਗਏ।

## ਆਦਮ ਪੁਰ ਦੀ ਲੜਾਈ

ਅਦੀਨਾ ਬੇਗ ਤੇ ਵਡਭਾਗ ਸਿੰਘਦਾ ਮੇਲ ਪਹਾੜਾਂ ਵਿਚ ਅਦੀਨਾ ਬੇਗ ਨੇ ਸੋਢੀ ਵਡਭਾਗ ਸਿੰਘ ਨੂੰ ਮਿਲ ਕੇ ਬੇਨਤੀ ਕੀਤੀ, ਸਿੰਘ ਕਿ ਆਪ ਦਲ ਖਾਲਸਾ ਨੂੰ ਮੇਰੀ ਮਦਦ ਕਰਨ ਵਾਸਤੇ ਕਹੋ। ਮੈਂ ਦਾਰੂ ਸਿੱਕਾ ਤੇ ਖ਼ਰਚ ਵਾਸਤੇ ਭੇਟਾ ਕਰਾਂਗਾ। ਏਸ ਤਰਾਂ ਆਪ ਥੰਮ ਸਾਹਿਬ ਦਾ ਬਦਲਾ ਲੈ ਸਕੋਗੇ ਤੇ ਮੈਂ ਦੁਰਾਨੀਂ ਕੋਲੋਂ ਆਪਣਾ ਇਲਾਕਾ ਵਾਪਸ ਲੈ ਸਕਾਂਗਾ।

## ਅਦੀਨਾ ਬੇਗ ਪੰਥ ਦੀ ਸ਼ਰਨ

ਜੱਸਾ ਸਿੰਘ ਆਹਲੂਵਾਲੀਏ ਰਾਹੀਂ ਦਲ ਖ਼ਾਲਸੇ ਨੂੰ ਨਾਲ ਗੰਢ ਲਿਆ। ਅਦੀਨਾ ਬੇਗ ਨੇ ਪੰਥ ਦੇ ਸਾਮਣੇ ਨਜ਼ਰਾਨਾ ਤੇ ਕੜਾਹ ਪਰਸਾਦ ਦੀ ਦੇਗ ਧਰੀ ਤੇ ਸਿੰਘਾਂ ਦੇ ਇਲਾਕੇ ਵਿਚ ਲੁੱਟ ਦਾ ਹੱਕ ਮੰਨ ਲਿਆ।'ਮੈੜੀ' ਪਿੰਡ ਕੋਲ ਅਦੀਨਾ ਬੇਗ ਦੀ ਫ਼ੌਜ ਖ਼ਾਲਸਾ ਦਲ ਨਾਲ ਆ ਮਿਲੀ। ਸ: ਜੱਸਾ ਸਿੰਘ ਨੇ ਅਦੀਨਾ ਬੇਗ ਦੇ ਸਿਰ ਵਿਚ ਹਰੀ ਕਣਕ ਤੋੜ ਕੇ ਨਸ਼ਾਨੀ ਵਜੋਂ ਟੰਗ ਦਿੱਤੀ ਤੇ ਕਿਹਾ, ਕਿ ਤੇਰੀ ਸਾਰੀ ਫ਼ੌਜ ਹਰੀ ਕਣਕ ਟੰਗ ਲਵੇ, ਤਾਕਿ ਯੁੱਧ ਵਿਚ ਸਿੰਘ ਤੇਰੇ ਸਿਪਾਹੀਆਂ ਦੀ ਪਛਾਣ ਕਰ ਸਕਣ।

## ਦੁਰਾਨੀ ਫ਼ੌਜ ਨਾਸਰ ਅਲੀ ਦੀ ਮਦਦ ਉੱਤੇ

ਇਹ ਖ਼ਬਰਾਂ ਲਾਹੌਰ ਪੁੱਜੀਆਂ, ਤਾਂ ਜਹਾਨਖਾਂ ਨੇ ਨਾਸਰ ਅਲੀ ਦੀ ਮਦਦ ਵਾਸਤੇ ਮੁਰਾਦ ਖਾਂ ਤੇ ਸਰਬੁਲੰਦ ਖਾਂ-ਦੁਰਾਨੀ ਫ਼ੌਜ ਸਣੇ-ਭੇਜੇ ਨਾਲ ਹੀ ਅਦੀਨਾ ਬੇਗ ਨੂੰ ਸੁਨੇਹਾ ਭੇਜਿਆ, ਕਿ ਲੜਨ ਦੀ ਥਾਂ ਸਿੱਖਾਂ ਦਾ ਸਾਥ ਛੱਡ ਕੇ ਮੇਰੇ ਕੋਲ ਲਾਹੌਰ ਆ ਜਾ, ਤਾਂ ਮੈਂ ਛੱਤੀ ਲੱਖ ਸਾਲਾਨਾ ਬਦਲੇ ਤੈਨੂੰ ਜਲੰਧਰ ਦਾ ਇਲਾਕਾ ਦੇਣ ਨੂੰ ਤਿਆਰ ਹਾਂ। ਅਦੀਨਾ ਬੇਗ ਨੂੰ ਦੁਰਾਨੀਆਂ ਵੱਲੋਂ ਚੰਗੇ ਸਲੂਕ ਦੀ ਆਸ ਨਹੀਂ ਸੀ, ਸੋ ਸਮਝੌਤਾ ਨਾ ਹੋਇਆ। ਜਹਾਨ ਖਾਂ ਦਾ ਹੁਕਮ ਪਾ ਕੇ ਸਦੀਕ ਬੇਗ, ਖ਼ਵਾਜਾ ਮਿਰਜ਼ਾ ਖਾਂ ਤੇ ਰਾਜਾ ਭੂਪ ਸਿੰਘ ਵੀ ਨਾਸਰ ਅਲੀ ਦੀ ਮਦਦ ਵਾਸਤੇ ਪਹੁੰਚ ਗਏ ।

## ਲੜਾਈ ਵਿਚ ਨਾਸਰ ਅਲੀ ਹਾਰ ਗਿਆ

ਅਦੀਨਾਬੇਗ ਤੇ ਦਲ ਖ਼ਾਲਸਾ ਨੇ ਨਾਸਰ ਅਲੀ ਦੀਆਂ ਫ਼ੌਜਾਂ ਉੱਤੇ ਹੱਲਾ ਕੀਤਾ। ਸਾਰਾ ਦਿਨ ਦੀ ਲਹੂ ਡੋਲਵੀਂ ਲੜਾਈ ਪਿਛੋਂ, ਰਾਤ ਨੂੰ ਨਾਸਰ ਅਲੀ ਤੇ ਉਹਦੇ ਸਾਥੀ ਜਰਨੈਲ ਜਲੰਧਰ ਆ ਵੜੇ। ਸਿੰਘਾਂ ਨੇ ਦੁਰਾਨੀਆਂ ਦਾ ਡੇਰਾ ਲੁੱਟ ਲਿਆ। ਅਦੀਨਾ ਬੇਗ ਨੇ ਆਪਣੇ ਸਿਪਾਹੀਆਂ ਨੂੰ ਲੁੱਟ ਵਿਚ ਹਿੱਸਾ ਨਾ ਲੈਣ ਦਿੱਤਾ, ਕਿ ਕਿਤੇ ਸਿੰਘਾਂ ਨਾਲ ਲੜਾਈ ਨਾ ਹੋ ਪਵੇ। ਅਗਲੇ ਦਿਨ ਸਿੰਘਾਂ ਨੇ ਜਲੰਧਰ ਉੱਤੇ ਹੱਲਾ ਕੀਤਾ।

## ਨਾਸਰ ਅਲੀ ਦੀ ਮੌਤ

ਸਰਬੁਲੰਦ ਖਾਂ ਤੇ ਮੁਰਾਦ ਖਾਂ ਰਾਤ ਹੀ ਲਾਹੌਰ ਨੂੰ ਨੱਸ ਗਏ ਸਨ। ਦਿਨੇ ਨਾਸਰ ਅਲੀ ਨੱਸਣ ਲੱਗਾ, ਤਾਂ ਸਿੰਘਾਂ ਦੇ ਕਾਬੂ ਆ ਗਿਆ। ਉਹਨੇ ਥੰਮ ਸਾਹਿਬ ਗੁਰਦੁਆਰਾ ਸਾੜਿਆ ਤੇ ਓਥੇ ਗਾਂ ਮਾਰੀ ਸੀ। ਸਿੱਖਾਂ ਨੇ ਨਾਸਰ ਅਲੀ ਦੇ ਮੂੰਹ ਵਿਚ ਸੂਰ ਦਾ ਮਾਸ ਦਿੱਤਾ ਤੇ ਜਿਉਂਦੇ ਨੂੰ ਅੱਗ ਵਿਚ ਸਾੜ ਦਿੱਤਾ। ਸਾਰਾ ਸ਼ਹਿਰ ਲੁੱਟ ਲਿਆ। ਹਿੰਦੂ ਦੇਵੀਆਂ ਮੁਸਲਮਾਨਾਂ ਦੇ ਘਰਾਂ ਤੋਂ ਕੱਢ ਕੇ ਵਾਪਸ ਘਰੀਂ ਪੁਚਾਈਆਂ। ਅਦੀਨਾ ਬੇਗ ਨੇ ਜਿੱਤ ਦੀ ਖ਼ੁਸ਼ੀ ਵਿਚ ਸਵਾ ਲੱਖ ਰੁਪੈ ਨਜ਼ਰਾਨਾ ਤੇ ਇਕ ਹਜ਼ਾਰ ਦੇਗ ਵਾਸਤੇ ਸਿੰਘਾਂ ਦੀ ਭੇਟਾ ਧਰਿਆ। ਇਹ ਘਟਨਾ ਦਸੰਬਰ (1757) ਦੇ ਅਖ਼ੀਰ ਵਿਚ ਹੋਈ।

ਸਿੱਖਾਂ ਤਾਂ ਆਪਣਾ ਕੰਮ ਭੁਗਤਾ ਦਿੱਤਾ, ਪਰ ਅਦੀਨਾ ਬੇਗ ਦਾ ਹੌਂਸਲਾਨਾ ਪਿਆ, ਕਿ ਉਹ ਦੁਆਬਾ ਜਲੰਧਰ ਉੱਤੇ ਕਬਜ਼ਾ ਕਰ ਸਕੇ। ਉਹ ਜਹਾਨ ਖਾਂ ਤੋਂ ਡਰਦਾ

## ਅਦੀਨਾ ਬੇਗ ਨਾਲਾਗੜ੍ਹ ਚਲਾ ਗਿਆ

ਨਾਲਾ ਗੜ ਨੂੰ ਨੱਸ ਗਿਆ। ਜਹਾਨ ਖਾਂ ਨੇਜਲੰਧਰ ਦਾ ਸੂਬੇਦਾਰ ਸਰਫ਼ਰਾਜ਼ ਖਾਂ ਨੂੰਬਣਾ ਦਿੱਤਾ। ਦਿੱਲੀ ਵਿਚ ਉਸ ਵੇਲੇ ਦੇ ਬਲਵਾਨ ਹਾਕਮ ਸਨ :

## ਗ਼ਾਜ਼ੀਉੱਦੀਨ ਨੇ ਮਰਹੱਟੇ ਸੱਦ ਲਏ

ਗਾਜ਼ੀਉੱਦੀਨ ਵਜ਼ੀਰ ਤੇ ਨਜੀਬੁੱਦੌਲਾਸੈਨਾਪਤੀ। ਬਾਦਸ਼ਾਹ ਕੇਵਲ ਕਾਠ ਦੀ ਪੁਤਲੀ ਸੀ। ਵਜ਼ੀਰ ਤੇ ਸੈਨਾਪਤੀ ਦੀ ਆਪਸਵਿਚ ਬੜੀ ਲਗਦੀ ਸੀ। ਵਜ਼ੀਰ ਨੇ ਆਪਣੀ ਮਦਦ ਵਾਸਤੇ ਮਰਹੱਟੇ ਸੱਦ ਲਏ। ਟਾਕਰੇ ਦੀ ਸਮਰਥਾ ਨਾ ਸਮਝ ਕੇ ਨਜੀਬੁੱਦੌਲਾ ਰੁਹੇਲਾ ਦਿੱਲੀ 'ਚੋਂ ਨੱਸਕੇ ਨਜੀਬਗੜ੍ਹ ਜਾ ਵੜਿਆ। ਮਰਹੱਟਿਆਂ ਨੇ ਦਿੱਲੀ ਉੱਤੇ ਕਬਜ਼ਾ ਕਰ ਲਿਆ। ਬਾਦਸ਼ਾਹ ਤੇ ਵਜ਼ੀਰ ਮਰਹੱਟਿਆਂ ਦੇ ਆਸਰੇ !ਤੇ ਰਹਿ ਗਏ।

• ਬਾਕੀ ਅਗਲੇ ਅੰਕ ਵਿਚ

# ਲੰਗਰ ਪ੍ਰਥਾ

## ਅਸਲ ਮਹਾਨਤਾ ਨੂੰ ਪਛਾਨਣ ਦੀ ਜ਼ਰੂਰਤ

**ਲੇਖਕ : ਮਾਸਟਰ ਲਖਵਿੰਦਰ ਸਿੰਘ**

ਆਮ ਬੋਲ ਚਾਲ 'ਲੰਗਰ' ਸ਼ਬਦ ਦਾ ਅਰਥ ਇਹੀ ਲਿਆ ਜਾਂਦਾ ਹੈ ਕਿ ਪਕਿਆ ਪਕਾਇਆ/ਬਣਿਆ ਬਣਾਇਆ ਮੁਫ਼ਤ ਭੋਜਨ (ਫ੍ਰੀ ਕਿਚਨ/ਫੂਡ)। ਲੋੜਵੰਦਾਂ ਦੀ ਭੁੱਖ/ਪਿਆਸ ਨੂੰ ਮਿਟਾਉਣ ਲਈ ਸਾਡੇ ਪੁਰਖਿਆਂ ਖ਼ਾਸ ਕਰਕੇ ਸਿੱਖ ਗੁਰੂ ਸਾਹਿਬਾਨ ਨੇ ਲੰਗਰ ਪ੍ਰਥਾ ਦਾ ਆਗਾਜ਼ ਕੀਤਾ। ਸਮੇਂ ਦੀ ਲੋੜ ਵੀ ਸੀ ਕਿ ਦੂਰੋਂ ਨੇੜਿਓਂ ਆਉਂਦੀ ਸੰਗਤ ਦੇ ਜੀਵਨ ਦੀ ਮੁੱਖ ਲੋੜ (ਖਾਣ-ਪੀਣ) ਦੀ ਪੂਰਤੀ ਕੀਤੀ ਜਾ ਸਕੇ। ਇਸ ਦੇ ਨਾਲ-ਨਾਲ ਇਹ ਵੀ ਮਕਸਦ ਸੀ ਕਿ ਮਨੁੱਖਤਾ ਵਿਚ ਪਈ ਉਚ-ਨੀਚ, ਜਾਤ-ਪਾਤ ਦੀ ਮੇਰ-ਤੇਰ ਦੇ ਦਵੈਤ ਭਾਵ ਨੂੰ ਵੀ ਘਟਾਉਣਾ/ਮਿਟਾਉਣਾ। ਇਸ ਲਈ ਬਿਨਾਂ ਭੇਦਭਾਵ ਪੰਗਤ ਵਿਚ ਹੀ ਲੰਗਰ ਪ੍ਰਸ਼ਾਦਿ ਛਕਣ- ਛਕਾਉਣ ਦਾ ਸਿਧਾਂਤ ਵੀ ਦਿੱਤਾ ਗਿਆ, ਜੋ ਨਿਰੰਤਰ ਜਾਰੀ ਹੈ।

ਲੰਗਰ ਆਮ ਕਰਕੇ ਧਾਰਮਿਕ ਸਥਾਨਾਂਦੀ ਹਦੂਦ ਅੰਦਰ ਹੀ ਜਾਂਫਿਰ ਬਿਲਕੁਲ ਨੇੜੇ ਕਿਸੇ ਢੁਕਵੀਂ ਥਾਂ 'ਤੇ ਚਲਾਉਣ ਦਾ ਸੇਵਾ ਭਾਵਨਾ ਨਾਲ ਪ੍ਰਬੰਧ ਕੀਤਾ ਜਾਂਦਾ ਆ ਰਿਹਾ ਹੈ। ਸੰਗਤਾਂ ਵਲੋਂ ਭੇਟ ਕੀਤੇ ਤਿਲ ਫੁੱਲ ਨਾਲ ਜਾਂ ਸੁੱਕੇ ਰਸਦ ਪਾਣੀ ਨੂੰ ਰਿੰਨਿਆ/ਪਕਾਇਆ ਤੇ ਵਰਤਾਇਆ ਜਾਂਦਾ ਹੈ। ਕਈ ਵਾਰ ਸੰਗਤਾਂ ਵਲੋਂ ਵੀ ਭੇਟ ਕੀਤਾ ਪਕਿਆ ਪਕਾਇਆ ਲੰਗਰ ਵੀ ਲੰਗਰਾਂ ਵਿਚ ਵਰਤਾਇਆ ਜਾਂਦਾ ਰਿਹਾ ਹੈ।

ਰਾਹੀਆਂ ਵਾਸਤੇ ਆਮ ਦੂਰ ਦਰਾਡਿਆਂ ਰਾਹਾਂ ਵਿਚ ਪੁੰਨ ਖਾਤੇ ਵਿਚ ਜਲ ਸੇਵਾ ਲਈ ਖੂਹ/ਖੂਹੀਆਂ/ਨਲਕੇ ਜਾਂ ਸਮੇਂ ਅਨੁਸਾਰ ਹੋਰ ਉਪਲੱਬਧ ਸਾਧਨਾਂ ਦਾ ਪ੍ਰਬੰਧ ਵੀ ਕੀਤਾ ਜਾਂਦਾ ਆ ਰਿਹਾ ਹੈ। ਕਹਿਣ ਦਾ ਭਾਵ ਆਪਣੀ ਆਰਥਿਕ ਸਮਰੱਥਾ ਤੇ ਆਸਥਾ ਅਨੁਸਾਰ ਮਨੁੱਖਪੁੰਨ ਦਾਨ ਵਜੋਂ ਲੋੜਵੰਦ ਭੁੱਖੇ ਪਿਆਸੇ ਨੂੰ ਪ੍ਰਸ਼ਾਦਾ ਪਾਣੀ ਛਕਾ ਕੇ ਉਸ ਦੀ ਭੁੱਖ ਤ੍ਰੇਹ ਨੂੰਤ੍ਰਿਪਤ ਕਰਨ ਦੀ ਸੇਵਾ ਨੂੰ ਮੁੱਖ ਸੇਵਾ ਸਮਝ ਕੇ ਤਨੋਂ ਮਨੋਂ ਤੇ ਧਨੋਂ ਕਰਦਾ ਆ ਰਿਹਾ ਹੈ। ਇਹ ਸੇਵਾ ਭਾਵਨਾਹੁਣ ਵੀ ਸਿਖਰਾਂ 'ਤੇ ਹੈ। ਹੁਣ ਤਾਂ ਆਰਥਿਕਤਾ ਵਿਚ ਸੁਧਾਰ ਹੋਣ ਕਰਕੇ ਲੰਗਰਾਂ ਦੇ ਖਾਣਿਆਂ ਵਿਚ ਵੀ ਵੰਨ-ਸੁਵੰਨੇਪਦਾਰਥਾਂ ਦੀ ਭਰਮਾਰ ਹੋਣੀਵੀ ਸ਼ੁਰੂ ਹੋ ਗਈ ਹੈ। ਨਾਲ-ਨਾਲ ਇਹ ਵੀ ਕਿ ਲੰਗਰ ਧਾਰਮਿਕ ਸਥਾਨਾਂ ਦੀਆਂ ਹੱਦਾਂ ਤੱਕ ਸੀਮਤ ਵੀ ਨਹੀਂ ਰਹੇ। ਸਗੋਂ ਲੰਗਰ ਪ੍ਰਥਾ ਤਾਂ ਪਿੰਡ-ਪਿੰਡ/ ਸ਼ਹਿਰ-ਸ਼ਹਿਰਤੇ ਇਸ ਤੋਂ ਵੀ ਅੱਗੇ ਵੱਧ ਕੇ ਗਲੀਆਂ-ਮੁਹੱਲਿਆਂ ਤੱਕ ਪਹੁੰਚ ਚੁੱਕੀ ਹੈ। ਖ਼ਾਸ ਕਰਕੇ ਵਿਸ਼ੇਸ਼ ਦਿਨ-ਦਿਹਾੜਿਆਂ (ਮੱਸਿਆ/ਮੇਲਿਆਂ) ਦੌਰਾਨ ਥਾਂ-ਥਾਂ ਲੰਗਰ ਲਾ ਕੇ ਸੰਗਤਾਂ ਆਪਣੀ ਸ਼ਰਧਾ/ਆਸਥਾਦਾ ਇਜ਼ਹਾਰ ਕਰ ਰਹੀਆਂ ਹੁੰਦੀਆਂ ਹਨ। ਕੁਝ ਲੰਗਰ ਕੁਝ ਵਾਟ (ਵਿੱਥ) 'ਤੇ ਹੀ ਹਟਵੇਂ ਹੁੰਦੇ ਹਨ, ਕੁਝ ਆਹਮੋ-ਸਾਹਮਣੇ ਤੇ ਕਈਆਂ ਦੀ ਹੱਦਾਂ ਵੀ ਇਕ-ਦੂਜੇ ਨਾਲ ਹੀ ਜੁੜੀਆਂ ਹੁੰਦੀਆਂ ਹਨ।ਰੀਸੋ-ਰੀਸੀ ਵੱਡੇ-ਵੱਡੇ ਲਾਊਡ ਸਪੀਕਰਾਂ ਨਾਲ ਸ਼ਬਦ ਭਜਨ ਵੀ ਗੂੰਜ ਰਹੇ ਹੁੰਦੇ ਹਨ ਤੇ ਨਾਲੋ-ਨਾਲ ਵੰਨ-ਸਵੰਨੇ ਸਵਾਦਿਸ਼ਟ ਖਾਧ ਪਦਾਰਥਾਂ ਦਾ ਨਾਂਅ ਲੈ-ਲੈ ਕੇਲੰਗਰ ਛਕਣ ਲਈ ਹੱਥ ਬੰਨ੍ਹ-ਬੰਨ੍ਹ (ਜੋੜ-ਜੋੜ) ਕੇ ਬੇਨਤੀਆਂ/ਜੋਦੜੀਆਂ ਵੀ ਕੀਤੀਆਂ ਜਾਂਦੀਆਂ ਹਨ। ਇਹ ਸਭ ਕੁਝ ਇੰਝ ਲੱਗਦਾ ਹੁੰਦਾ ਹੈ, ਜਿਵੇਂ ਸ਼ਰਧਾ ਦੀ ਇਸ ਮੁਕਾਬਲੇਬਾਜ਼ੀ ਵਿਚ ਸੰਗਤਾਂ ਨੂੰ ਬਦੋਬਦੀ ਲੰਗਰ ਛਕਣ ਲਈ ਮਜਬੂਰ ਕੀਤਾ ਜਾ ਰਿਹਾ ਹੋਵੇ। ਵੈਸੇ ਵੀ ਆਵਾਜਾਈ ਦੇ ਤੇਜ਼ ਤਰਾਰ ਸਾਧਨ ਹੋਣ ਕਰਕੇ ਵਾਟਾਂ ਲੰਮੇਰੀਆਂ ਨਹੀਂ ਰਹੀਆਂ ਅਤੇ ਕਿਤੇ ਵੀ ਪਹੁੰਚ ਕਾਫ਼ੀ ਸੁਖਾਲੀ ਵੀ ਹੋ ਗਈ ਹੈ। ਸ਼ਾਇਦ ਹੀ ਕਿਸੇ ਨੂੰ ਰਾਹ ਵਿਚ ਏਡੀ ਛੇਤੀ ਪ੍ਰਸ਼ਾਦਾ ਛਕਣ ਦੀ ਲੋੜ ਪੈਂਦੀ ਹੋਵੇਗੀ ਪਰ ਫਿਰ ਵੀ ਕਈ ਥਾਈਂ ਬਦੋਬਦੀ ਲੰਗਰ ਛਕਾਉਣ ਲਈ ਆਰਜ਼ੀ ਰੋਕਾਂ ਵੀ ਲਾਈਆਂਹੁੰਦੀਆਂ ਹਨ।

ਲੰਗਰਾਂ ਵਿਚ ਪ੍ਰਸ਼ਾਦਾ ਪਾਣੀਵੀ ਖੁੱਲ੍ਹੇ ਰੂਪ ਵਿਚ ਤਿਆਰ ਕੀਤਾ ਜਾਂਦਾ ਹੈ ਤਾਂਕਿ ਲੰਗਰ ਮਸਤਾਨੇ(ਥੁੜ੍ਹ) ਨਾ ਜਾਣ, ਜਿਸ ਕਰਕੇ ਨੇੜੇ-ਨੇੜੇ ਜਾਂ ਕੁਝ ਦੂਰੀ 'ਤੇ ਚਲਦੇ ਲੰਗਰਾਂ ਵਿਚ ਬੇਹਿਸਾਬੇ ਤਿਆਰ ਲੰਗਰ ਦਾ ਇਕ ਵੱਡਾ ਹਿੱਸਾ ਅਣਵੰਡਿਆ (ਅਣਵਰਤਾਇਆ) ਵੀ ਰਹਿ ਜਾਂਦਾ ਹੋਵੇਗਾ। ਅਣਜਾਣੇ'ਚ ਸੁੱਤੇ ਸਿਧ ਹੁੰਦੀ ਇਹ ਅੰਨ੍ਹ ਬਰਬਾਦੀਪੁੰਨ ਦਾਨ/ਸੇਵਾ ਦੀ ਸ਼ਰਧਾ/ਆਸਥਾ ਨੂੰ ਇਕਵਾਰ ਤਾਂ ਜ਼ਰੂਰ ਢਾਹ ਲਾਉਂਦੀ ਹੈ ਅਤੇ ਸਵਾਲ ਵੀ ਖੜ੍ਹੇ ਕਰਦੀ ਹੈ ਕਿ ਲੰਗਰ ਲੋੜਵੰਦਾਂ ਦੇ ਢਿੱਡ ਭਰਨਲਈ ਹੁੰਦੇ ਨੇ।

ਲੰਗਰ ਛਕਣ ਵਾਲਿਆਂ ਵਿਚ ਵੀ ਕੁਝ ਜ਼ਬਾਨ ਦੇ ਚਸਕੇ ਵਾਲੇ ਆਪਣੀ ਪਸੰਦੀਦਾ ਲੰਗਰ ਦੀ ਭਾਲ ਵਿਚ ਲੰਗਰਾਂ ਦੀ ਟੋਹ ਲਾ ਕੇ ਇਥੋਂ-ਉਥੋਂ ਦੀ ਛਕਣ ਦੇ ਰਊਂਵਿਚ ਹੁੰਦੇ ਹਨ। ਇਹ ਰਉਂ ਵੀ ਲੰਗਰ ਦੀ ਮਾਣ ਮਰਿਆਦਾ ਨੂੰ ਭੰਗ ਕਰਦਾ ਹੈ।

ਸੋ, ਲੰਗਰ ਦੀ ਮਾਣ ਮਰਿਯਾਦਾ ਕਾਇਮ ਰੱਖਣ ਲਈ ਸਾਰੇ ਲੰਗਰ ਹੀ ਸਾਦੇ ਭੋਜਨ ਦੇ ਅਤੇ ਢੁਕਵੀਂ ਦੂਰੀ 'ਤੇ ਹੋਣ, ਜਿਥੋਂਹਰ ਲੋੜਵੰਦ ਬਗ਼ੈਰ ਕਿਸੇ ਝਿਜਕਦੇ ਖ਼ੁਦ ਲੋੜ ਅਨੁਸਾਰ ਜੀਅ ਭਰ ਕੇ ਛਕ ਸਕੇ ਅਤੇ ਰੱਜਿਆਂ ਨੂੰ ਹੋਰ ਰਜਾਉਣ ਲਈ ਵੱਖ-ਵੱਖ ਸਵਾਦਿਸ਼ਟ ਪਦਾਰਥਾਂ ਦੇ ਨਾਂਅ ਲੈ-ਲੈ ਕੇ ਹੋਰ ਬੇਨਤੀਆਂ ਆਦਿ ਨਾ ਕਰਨੀਆਂ ਪੈਣ।

'ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ।। ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ।। ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ।।' (ਅੰਗ 1245) ਅਨੁਸਾਰ ਚਲਦਿਆਂਭੁੱਖ ਤ੍ਰੇਹ ਨੂੰ ਤ੍ਰਿਪਤ ਕਰਨ ਵਾਲੇ ਲੰਗਰਾਂ ਦੇ ਨਾਲ ਹੋਰ ਲੰਗਰ ਅਭਿਆਨ ਜਿਵੇਂ ਸਾਹਾਂ ਦੇ ਲੰਗਰ (ਧਰਤੀ ਸੁਹਾਵੀ ਬਣਾਉਣ ਲਈ ਰੁੱਖ ਲਾਉਣੇ ਪਾਲਣੇ), ਵਿੱਦਿਆ ਦੇ ਪਸਾਰ ਦੇ ਲੰਗਰ ਤੇ ਹੋਰ ਜ਼ਰੂਰੀ ਜ਼ਰੂਰਤਾਂ ਦੀ ਪੂਰਤੀ ਕਰਨ ਦੇ ਲੰਗਰ ਆਦਿ) ਵੱਲਵੀ ਧਿਆਨ ਦੇਣ ਦੀ ਲੋੜ ਹੈ।

ਇਥੇ ਇਕ ਹੋਰ ਗੱਲਸੋਚਣ/ਵਿਚਾਰਨ ਦੀ ਹੈ ਕਿ ਖ਼ਾਸ ਦਿਨ-ਦਿਹਾੜਿਆਂ ਸਮੇਂ ਬੇਸ਼ੁਮਾਰ ਚਲਦੇ ਲੰਗਰਾਂ 'ਚ ਬਹੁਤ ਸਾਰੇ ਖ਼ਾਸ ਲੋੜਵੰਦਾਂ ਦੀ ਭੁੱਖ ਤ੍ਰੇਹਜ਼ਰੂਰ ਹੀ ਸ਼ਾਂਤ ਹੋ ਜਾਂਦੀ ਹੋਵੇਗੀ ਪਰ ਦਿਨ ਦਿਹਾੜਿਆਂ ਦਾ ਸਮਾਂ ਲੰਘਣ ਤੋਂ ਬਾਅਦ ਲੋੜਵੰਦਾਂ ਦੀ ਪੇਟ ਪੂਜਾ ਕਿਵੇਂ ਹੁੰਦੀ ਹੋਵੇਗੀ?ਗੁਰਧਾਮਾਂ ਤੋਂ ਬਗ਼ੈਰ ਉਨ੍ਹਾਂ ਵਾਸਤੇ ਥਾਂ-ਥਾਂ ਸਦਾ ਬਹਾਰ ਲੰਗਰਚਲਦੇ ਰੱਖਣੇ ਵੀ ਸੰਭਵ ਨਹੀਂ। ਓਧਰ ਹਮੇਸ਼ਾ ਲੰਗਰਾਂ 'ਤੇ ਟੇਕ ਰੱਖਣੀ ਮੁਫ਼ਤਖੋਰੀ ਵਿਹਲੜਪਨ ਨੂੰ ਵੀ ਉਤਸ਼ਾਹਿਤ ਕਰਨਤੇ ਕਿਰਤੀ ਬਿਰਤੀ ਤੋਂ ਵੀ ਪਾਸਾ ਵੱਟਣ (ਦੂਰ ਕਰਨ) ਦਾ ਸਬੱਬ ਵੀ ਬਣਦੀ ਹੈ।

'ਘਾਲਿ ਖਾਇ ਕਿਛੁ ਹਥਹੁ ਦੇਇ।। ਨਾਨਕ ਰਾਹੁ ਪਛਾਣਹਿ ਸੇਇ।।'(ਅੰਗ 1245) ਅਜਿਹੇ ਨਿਵੇਕਲੇਮਾਰਗ ਨੂੰ ਪਛਾਣਦਿਆਂ ਦਾਨ ਪੁੰਨ ਦੀ ਬਿਰਤੀ ਵਾਲੇ ਪਰਉਪਕਾਰੀ ਜਨਾਂ ਅਤੇ ਨੇੜਲੇ ਆਲੇ-ਦੁਆਲੇ ਦੇ ਇਲਾਕਿਆਂ ਦੀਆਂ ਲੰਗਰ ਕਮੇਟੀਆਂ/ਸੰਪਰਦਾਵਾਂ ਨੂੰ ਸਿਰ ਜੋੜ ਕੇ ਸੋਚ ਵਿਚਾਰ ਕਰਨੀ ਚਾਹੀਦੀ ਹੈ ਕਿ ਖ਼ਾਸ ਮੌਕਿਆਂ 'ਤੇ ਲੰਗਰਾਂ ਦੀ ਬਹੁਤਾਤ ਮਚਾਉਣ ਦੀ ਹੋੜ ਦਾ ਤਿਆਗ ਕਰ ਕੇ ਲੰਗਰ ਚਲਾਉਣ ਦੀ ਸਰਬਸਾਂਝ ਕਾਇਮ ਕਰਨੀ ਬੜਾ ਜ਼ਰੂਰੀ ਐ।ਸਲਾਹ ਮਸ਼ਵਰੇ ਨਾਲ ਢੁੱਕਵੀਂ ਦੂਰੀ ਉਤੇ ਸਾਦੇ ਲੰਗਰ ਹੀ ਚਲਾਏਜਾਣ ਦੀ ਪਰੰਪਰਾ ਕਾਇਮਕੀਤੀ ਜਾਣੀ ਚਾਹੀਦੀ ਹੈ। ਜਿੱਥੋਂ ਲੋੜਵੰਦ ਰਾਹੀਂ ਖ਼ੁਦ ਲੋੜ ਅਨੁਸਾਰਪ੍ਰਸ਼ਾਦ ਪਾਣੀ ਛਕਣ ਲਈ ਸਰਬਸਾਂਝੇ ਚਲਦੇ ਲੰਗਰਾਂ ਵਿਚ ਉਚੇਚੀ ਸ਼ਿਰਕਤ ਕਰਨ। ਭੁੱਖ ਲੱਗਣ 'ਤੇਸਾਦਾ ਅੰਨ੍ਹ ਪਾਣੀ ਛਕਣ ਦਾ ਜੋ ਆਨੰਦ ਆਉਂਦਾ ਹੈ, ਉਹ ਵਰਨਣ ਤੋਂ ਬਾਹਰਾ ਹੀ ਹੁੰਦਾ ਹੈ। ਅਸਲ ਵਿਚ ਭੁੱਖ ਲੱਗਣ 'ਤੇਹੀ ਅੰਨ੍ਹ ਪਾਣੀ ਦੀ ਕਦਰ ਪੈਂਦੀਹੈ, ਜਿਸ ਨਾਲ ਬਹੁਤਸਾਰਾ ਰਿਜ਼ਕ ਜਾਂ ਭੇਟ ਹੋਏ ਤਿਲ ਫੁੱਲ ਰਸਦ ਪਾਣੀਵਿਚ ਵੀ ਬੱਚਤ ਹੋਣ ਦੀ ਸੰਭਾਵਨਾ ਵੀ ਬਣ ਜਾਂਦੀ ਹੈ।

'ਗ਼ਰੀਬ ਦਾ ਮੂੰਹ, ਗੁਰੂ ਦੀ ਗੋਲਕ' ਅਨੁਸਾਰ ਚਲਦੀ ਮਾਣਯੋਗ ਲੰਗਰ ਪ੍ਰਥਾ ਵਿਚ ਇਕ ਹੋਰ ਨਿਵੇਕਲੀ ਪਰਉਪਕਾਰੀ ਪ੍ਰਥਾ ਵੀ ਜੋੜੀ ਜਾ ਸਕਦੀ ਹੈ, ਜਿਸ ਨਾਲ ਲੋੜਵੰਦ ਗ਼ਰੀਬ ਕਿਰਤੀਆਂਦਾਦੋ ਵਕਤਦਾ ਚੁੱਲਾ ਤੱਪਦਾ ਰੱਖਣ ਦੀਆਂ ਯੋਜਨਾਵਾਂ ਨੂੰ ਅਮਲੀ ਰੂਪ ਦਿੱਤਾ ਜਾ ਸਕਦਾ ਹੈ, ਜਿਸ ਲਈ ਸੁੱਕੀ ਰਸਦ ਦੇ ਲੰਗਰ ਸਟੋਰਾਂ ਨੂੰ 'ਬਾਬੇ ਨਾਨਕ ਦਾ ਹੱਟ' ਵਜੋਂ ਵੀ ਬਣਾਇਆ ਜਾ ਸਕਦਾ ਹੈ, ਜਿੱਥੋਂ ਸਿਰਫ਼ ਤੇ ਸਿਰਫ਼ ਕਿਰਤੀ ਗ਼ਰੀਬ ਲੋਕਾਂ ਨੂੰ ਹੀਬਹੁਤ ਹੀ ਸਸਤੇ ਰੇਟ ਵਿਚ 'ਆਟਾ ਦਾਲ' ਆਦਿ ਮੁਹੱਈਆ ਕਰਵਾ ਕੇਇਕ ਅਨੋਖਾ ਪੁੰਨ ਖੱਟਣਦਾ ਉਪਰਾਲਾ ਕਰਨਾ ਸਮੇਂ ਦੀ ਮੁੱਖ ਲੋੜ ਹੈ।ਇਸ ਨਾਲ 'ਮੋਕਉ ਦੋਨਉ ਵਖਤ ਜਿਵਾਲੇ।।' (ਭਗਤ ਕਬੀਰ)ਅਨੁਸਾਰ ਹਰੇਕ ਗ਼ਰੀਬ ਕਿਰਤੀ ਦਾ ਚੁੱਲ੍ਹਾ ਤਪਦਾ ਰਹਿ ਸਕੇ। ਸਸਤੇਪਨ ਦੀ ਇਸਸੇਵਾ ਰੂਪੀ ਵਣਜ ਨਾਲ ਲਾਲੋਆਂ ਦੀ ਕਿਰਤ ਨੂੰਵੀ ਇਕ ਵੱਡਾ ਹੁਲਾਰਾ ਮਿਲੇਗਾ।

ਇਸ ਤੋਂ ਇਲਾਵਾ ਇਸ ਰਸਦ ਪਾਣੀ ਦੀ ਬੱਚਤ ਨੂੰ ਕਿਤੇ ਕਿਸੇ ਸੰਕਟਕਾਲ ਵਿਚ ਫਸੇ ਲੋਕਾਂ ਦੀ ਸਹਾਇਤਾ ਲਈ ਵੀ ਵਰਤਿਆ ਜਾ ਸਕਦਾ ਹੈ। ਸੋ, ਇਸ ਤਰ੍ਹਾਂ ਸੂਝ ਸਿਆਣਪ ਨਾਲ ਸਰਬਸਾਂਝੇ ਚਲਾਏ ਲੰਗਰਾਂ ਦੇ ਸੁਚੱਜੇ ਪ੍ਰਬੰਧ ਨਾਲ ਲੰਗਰ ਚਲਾ ਕੇ ਲੰਗਰ ਦੀ ਸ਼ਾਨਾਂਮੱਤੀ ਪ੍ਰਥਾ ਦੀ ਮਹਾਨਤਾ ਨੂੰ ਹੋਰ ਵੀ ਮਹਾਨ ਤੇ ਸਾਜ਼ਗਾਰ ਬਣਾਇਆ ਜਾ ਸਕਦਾ ਹੈ।

# ਹਾਕਮਾਂ ਦੇ ਦਾਅਵੇ ਅਤੇ ਹਕੀਕਤਾਂ

ਲੇਖਕ : ਗੁਰਮੀਤ ਸਿੰਘ ਪਲਾਹੀ
ਸੰਪਰਕ : 98158-02070



ਭਾਰਤ ਦੇ ਦੂਜੇ ਵੱਡੇ ਸੂਬੇ ਮਹਾਰਾਸ਼ਟਰ ਅਤੇ ਝਾਰਖੰਡ ਦੇ ਨਾਲ-ਨਾਲ ਤਿੰਨ ਲੋਕ ਸਭਾ ਅਤੇ ਘੱਟੋ-ਘੱਟ 47 ਵਿਧਾਨ ਸਭਾਵਾਂ ਦੀਆਂ ਜ਼ਿਮਨੀ ਚੋਣਾਂ 2024 ਦੀ ਨਵੰਬਰ 13 ਅਤੇ 20 ਨੂੰ ਭਾਰਤੀ ਚੋਣ ਕਮਿਸ਼ਨ ਨੇ ਕਰਵਾਉਣ ਦਾ ਐਲਾਨ ਕੀਤਾ ਹੈ।

ਇਹ ਦੋ ਰਾਜਾਂ ਦੀਆਂ ਚੋਣਾਂ ਹਰਿਆਣਾ ਅਤੇ ਜੰਮੂ-ਕਸ਼ਮੀਰ ਦੀਆਂ ਚੋਣਾਂ ਵੇਲੇ ਹੀ ਹੋਣੀਆਂ ਸਨ ਪਰ ਕੁਝ ਦਿਸਦੇ-ਅਣਦਿਸਦੇ ਸਿਆਸੀ ਕਾਰਨਾਂ ਕਾਰਨ ਉਸ ਵੇਲੇ ਨਹੀਂ ਕਰਵਾਈਆਂ ਗਈਆਂ। ਪੰਜਾਬ 'ਚ 4 ਵਿਧਾਨ ਸਭਾ ਸੀਟਾਂ ਉੱਤੇ ਵੀ ਜ਼ਿਮਨੀ ਚੋਣਾਂ ਹੋਣਗੀਆਂ, ਜਿਹਨਾਂ 'ਚ ਚੱਬੇਵਾਲ, ਬਰਨਾਲਾ, ਡੇਰਾ ਬਾਬਾ ਨਾਨਕ ਅਤੇ ਗਿੱਦੜਬਾਹਾ ਪੰਜਾਬ ਵਿਧਾਨ ਸਭਾ ਹਲਕੇ ਸ਼ਾਮਲ ਹਨ।

ਦੇਸ਼ ਇਕ ਹੋਰ ਚੋਣ-ਤਮਾਸ਼ਾ ਵੇਖੇਗਾ। ਵੱਡੇ ਨੇਤਾ ਵੱਡੇ ਭਾਸ਼ਨ ਦੇਣਗੇ। ਲੋਕਾਂ ਨੂੰ ਸਬਜ਼ ਬਾਗ਼ ਦਿਖਾਉਣਗੇ। ਲੋਕਾਂ ਦੇ ਦਰੀਂ ਢੁਕਣਗੇ। ਵਾਅਦੇ ਕਰਨਗੇ। ਵੋਟਾਂ ਪ੍ਰਾਪਤ ਕਰਨ ਲਈ ਸਾਮ-ਦਾਮ-ਦੰਡ ਦੇ ਪਰਖੇ ਹੋਏ ਫਾਰਮੂਲੇ ਦੀ ਵਰਤੋਂ ਕਰਨਗੇ। ਦੇਸ਼ ਦੇ ਗੋਦੀ ਮੀਡੀਏ ਦੀ ਵਰਤੋਂ ਚੋਣਾਂ 'ਚ ਭਰਪੂਰ ਹੋਏਗੀ। ਸੋਸ਼ਲ-ਮੀਡੀਆ ਵੀ ਵਾਹ-ਲੱਗਦੀ ਆਪਣੀ ਗੱਲ ਕਹੇਗਾ। ਕੌਣ ਜਿੱਤੇਗਾ, ਕੌਣ ਹਾਰੇਗਾ, ਇਹ ਤਹਿ ਕਰਨ ਦਾ ਯਤਨ ਹੋਏਗਾ।

ਦੇਸ਼ ਦੇ ਹਾਲਾਤ ਕਿਹੋ ਜਿਹੇ ਹਨ? ਦੇਸ਼ਵਾਸੀ ਕਿਸ ਕਿਸਮ ਦੇ ਦੌਰ 'ਚੋਂ ਗੁਜ਼ਰ ਰਹੇ ਹਨ? ਇਸ ਦੀ ਬਾਤ ਕੌਣ ਪਾਏਗਾ ਕਿਸੇ ਨੂੰ ਕੁਝ ਪਤਾ ਨਹੀਂ? ਅਤੇ ਜੇਕਰ ਬਾਤ ਪਾਏਗਾ ਵੀ ਤਾਂ ਉਸ ਬਾਤ ਦਾ ਸਿੱਟਾ ਆਖ਼ਰ ਕੀ ਹੋਏਗਾ?

ਲੋਕਾਂ ਨੂੰ ਤਾਂ ਰੋਟੀ-ਕੱਪੜਾ-ਮਕਾਨ ਚਾਹੀਦਾ ਹੈ। ਲੋਕ ਮਹਿੰਗਾਈ ਦੀ ਮਾਰ ਤੋਂ ਬਚਣਾ ਚਾਹੁੰਦੇ ਹਨ। ਕੀ ਦੇਸ਼ ਦੇ ਹਾਕਮ ਜਾਣਦੇ ਹਨ ਕਿ ਮਹਿੰਗਾਈ ਸਿਖ਼ਰਾਂ ਛੂਹ ਰਹੀ ਹੈ। ਟਮਾਟਰ ਸੂਹਾ ਲਾਲ ਹੋ ਗਿਆ ਹੈ, ਪਿਆਜ਼ ਇੰਨਾ ਕੌੜਾ ਹੋ ਗਿਆ ਹੈ ਕਿ ਅੱਖਾਂ 'ਚੋਂ ਨਿਰੰਤਰ ਅੱਥਰੂ ਵਗਣ ਲੱਗੇ ਹਨ। ਹੋਰ ਤਾਂ ਹੋਰ ਦੇਸ਼ ਦੀ ਆਰਥਿਕਤਾ ਡਿਗੂੰ-ਡਿਗੂੰ ਕਰ ਰਹੀ ਹੈ। ਇਕ ਪੌਂਡ 109 ਰੁਪਏ ਦਾ ਇਕ ਅਮਰੀਕੀ ਡਾਲਰ 86 ਰੁਪਈਆਂ ਨੂੰ ਢੁਕ ਗਿਆ ਹੈ। ਅਤੇ ਦੇਸ਼ ਦਾ ਹਾਕਮ 'ਸੀਟੀਆਂ' ਵਜਾ ਰਿਹਾ ਹੈ।

ਦੇਸ਼ ਦਾ ਹਾਕਮ ਦਾਅਵਾ ਕਰਦਾ ਹੈ ਕਿ ਦੇਸ਼ ਤਰੱਕੀ ਕਰ ਰਿਹਾ ਹੈ। ਦੁਨੀਆਂ ਦੀ ਵੱਡੀ ਆਰਥਿਕਤਾ ਬਨਣ ਵੱਲ ਅੱਗੇ ਵੱਧ ਰਿਹਾ ਹੈ। ਦੇਸ਼ 'ਚ ਵੱਡੀਆਂ ਸੜਕਾਂ ਬਣ ਰਹੀਆਂ ਹਨ, ਮੌਲ ਉਸਰ ਰਹੇ ਹਨ, ਦੇਸ਼ ਤਰੱਕੀਆਂ ਕਰ ਰਿਹਾ ਹੈ। ਪਰ ਕੀ ਦੇਸ਼ ਦਾ ਹਾਕਮ ਇਸ ਗੱਲ ਤੋਂ ਜਾਣੂ ਹੈ ਕਿ ਦੁਨੀਆਂ ਭਰ ਦੇ 1.1 ਅਰਬ ਅਤਿ ਗਰੀਬੀ ਵਿਚ ਰਹਿ ਰਹੇ ਲੋਕਾਂ 'ਚ ਪਹਿਲਾ ਨੰਬਰ ਭਾਰਤ ਦਾ ਹੈ, ਜਿਸ ਦੇ 23.4 ਕਰੋੜ ਲੋਕ ਅਤਿ ਗਰੀਬ ਹਨ, ਜਿਹਨਾਂ ਦੇ ਪੇਟ ਨੂੰ ਇਕ ਡੰਗ ਦੀ ਰੋਟੀ ਮਸਾਂ ਨਸੀਬ ਹੁੰਦੀ ਹੈ। ਇਹਨਾਂ ਅਤਿ ਗਰੀਬ ਲੋਕਾਂ 'ਚੋਂ ਅੱਧੇ ਬੱਚੇ ਹਨ, ਇਹ ਰਿਪੋਰਟ ਸੰਯੁਕਤ ਰਾਸ਼ਟਰ ਨੇ ਛਾਪੀ ਹੈ, ਅਤੇ ਜਿਸ 'ਚ ਦਰਸਾਇਆ ਗਿਆ ਹੈ ਕਿ ਭਾਰਤ ਦਾ ਗਰੀਬਾਂ ਦੀ ਗਿਣਤੀ 'ਚ ਪਹਿਲਾ ਨੰਬਰ ਹੈ। ਇਹ ਰਿਪੋਰਟ ਉਹਨਾਂ ਲੋਕਾਂ ਦੀਆਂ ਮੁਸ਼ਕਲ ਹਕੀਕਤਾਂ ਨੂੰ ਉਜਾਗਰ ਕਰਦੀ ਹੈ ਜੋ ਇਕੋ ਸਮੇਂ ਸੰਘਰਸ਼ ਅਤੇ ਗਰੀਬੀ ਦਾ ਸਾਹਮਣਾ ਕਰ ਰਹੇ ਹਨ।

ਸਾਡੇ ਦੇਸ਼ ਦੇ ਹਾਕਮਾਂ ਦਾ ਹਾਲ ਵੇਖੋ, ਮਰਦਿਆਂ ਡੁਬਦਿਆਂ ਲਈ ਕੁਝ 'ਆਕਰਸ਼ਤ' ਸਕੀਮਾਂ ਚਲਾਈਆਂ ਜਾਂਦੀਆਂ ਹਨ, ਉਹਨਾਂ ਦਾ ਪ੍ਰਚਾਰ ਕੀਤਾ ਜਾਂਦਾ ਹੈ, ਧਰਮ ਦਾ ਸਿੱਕਾ ਚਲਾਇਆ ਜਾਂਦਾ ਹੈ, ਇਤਿਹਾਸ ਦੇ ਪੰਨਿਆਂ ਨੂੰ ਤਰੋੜਿਆਂ-ਮਰੋੜਿਆਂ ਜਾਂਦਾ ਹੈ, ਦੇਸ਼ਵਾਸੀਆਂ ਨੂੰ ਧਰਮ ਦੇ ਨਾਂਅ 'ਤੇ ਵੰਡਿਆ ਜਾਂਦਾ ਹੈ, ਵੋਟ ਵਟੋਰੇ ਜਾਂਦੇ ਹਨ ਅਤੇ ਤਾਕਤ ਆਪਣੇ ਹੱਥ-ਬੱਸ ਕਰਕੇ 'ਕੁੰਭਕਰਨੀ' ਨੀਂਦੇ ਸੋਇਆਂ ਜਾਂਦਾ ਹੈ। ਇਹੀ ਇਸ ਸਮੇਂ ਭਾਰਤੀ ਲੋਕਤੰਤਰ ਦਾ ਵੱਡਾ ਨਜ਼ਾਰਾ ਹੈ।

ਵੈਸੇ ਤਾਂ 'ਲੋਕਤੰਤਰ ਦਾ ਨਜ਼ਾਰਾ' ਪੰਜਾਬ ਦੀਆਂ ਪੰਚਾਇਤੀ ਚੋਣਾਂ 'ਚ ਪੰਜਾਬ ਦੇ ਲੋਕਾਂ ਨੇ ਵੇਖਿਆ, ਜਿੱਥੇ ਅਰਬਾਂ ਦੀ ਸ਼ਰਾਬ ਪੰਜਾਬੀਆਂ ਦੇ ਪੱਲੇ ਵੱਡੀਆਂ ਢੁੱਠਾਂ ਵਾਲਿਆਂ ਨੇ ਪਾਈ, ਅਰਬਾਂ ਰੁਪਏ ਦੀਆਂ ਵੋਟਾਂ ਖਰੀਦ ਕੇ ਸਰਪੰਚੀਆਂ ਹਥਿਆਈਆਂ, ਚਾਰ ਦਿਨ ਹੱਲਾ-ਗੁੱਲਾ ਕੀਤਾ, ਪਰ ਹਰਿਆਣਾ ਵੀ ਪਿੱਛੇ ਨਹੀਂ ਰਿਹਾ, ਧਰਮ ਧਰੁਵੀਕਰਨ ਦੀ ਨੀਤੀ ਹੀ ਹਾਕਮਾਂ ਨੇ ਨਹੀਂ ਵਰਤੀ ਸਗੋਂ ਜੱਟ, ਗ਼ੈਰ ਜੱਟ ਦਾ ਜਾਤੀਵਾਦੀ ਸਿੱਕਾ ਚਲਾ ਕੇ, ਹੱਥੋ ਜਾਂਦੀ-ਜਾਂਦੀ ਤਾਕਤ ਮੁੜ ਹਥਿਆ ਲਈ। ਲੋਕਤੰਤਰ ਦਾ ਉਹ ਨੰਗਾ ਨਾਚ ਵੇਖਣ ਨੂੰ ਮਿਲਿਆ, ਜਿਸ ਨਾਲ ਲੋਕ ਜਿੱਤਦੇ-ਜਿੱਤਦੇ ਹਰਦੇ ਦਿਸੇ। ਗੁਰਮੀਤ ਰਾਮ ਰਹੀਮ ਸਿੰਘ ਵਰਗੇ ਜੇਲ ਕੱਟ ਰਹੇ ਵਿਅਕਤੀ ਨੂੰ ਚੋਣਾਂ ਦੇ ਐਨ ਮੌਕੇ ਪੈਰੋਲ 'ਤੇ ਛੱਡ ਦਿੱਤਾ ਗਿਆ ਤਾਂ ਕਿ ਉਸ ਦੇ ਪੈਰੋਕਾਰਾਂ ਦੀਆਂ ਵੋਟਾਂ ਆਪਣੇ ਪਾਲੇ ਲਿਆਂਦੀਆਂ ਜਾ ਸਕਣ। ਹਰਿਆਣਾ ਹਾਕਮ ਨੇ ਤਾਂ ਇਸ 'ਮਹਾਂਪੁਰਸ਼' ਸੰਬੰਧੀ ਕਾਨੂੰਨ ਦੀਆਂ ਧੱਜੀਆਂ ਉਡਾ ਦਿੱਤੀਆਂ, ਜਿਸਨੂੰ ਬਾਵਜੂਦ ਉਮਰ ਕੈਦ ਦੀ ਸਜ਼ਾ ਦੇ ਪੈਰੋਲ ਰਿਹਾਈ ਦਿੱਤੀ ਗਈ। ਇਹ ਵਿਅਕਤੀ ਬਲਾਤਕਾਰ ਅਤੇ ਹੱਤਿਆ ਕੇਸ 'ਚ ਸਜ਼ਾ ਕੱਟ ਰਿਹਾ ਹੈ। ਗੁਰਮੀਤ ਰਾਮ ਰਹੀਮ ਨੂੰ ਪਿਛਲੇ 4 ਵਰ੍ਹਿਆਂ 'ਚ 11 ਵੇਰ ਪੈਰੋਲ ਰਿਹਾਈ ਮਿਲ ਚੁੱਕੀ ਹੈ। ਯਾਦ ਰਹੇ ਹਰਿਆਣਾ 'ਚ ਉਸ ਦੇ ਲੱਖਾਂ ਪੈਰੋਕਾਰ ਹਨ। ਹੈਰਾਨੀ ਨਹੀਂ ਹੋਈ, ਇਹ ਸਭ ਕੁਝ ਵੇਖ, ਸੁਣ, ਜਾਣ ਕੇ ਕਿਉਂਕਿ ਆਮ ਲੋਕਾਂ ਦੀ ਦੇਸ਼ 'ਚ ਸੁਣਵਾਈ ਕੋਈ ਨਹੀਂ ਹੈ, ਉਨਾਂ ਦੀ ਆਵਾਜ਼ ਇੰਨੀ ਕਮਜ਼ੋਰ ਹੈ ਕਿ ਸੱਤਾ ਦੇ ਗਲਿਆਰਿਆਂ 'ਚ ਪੁੱਜਦੀ ਹੀ ਨਹੀਂ। ਜੇਕਰ ਉਹਨਾਂ ਦੀ ਆਵਾਜ਼ ਉਹਨਾਂ ਤੱਕ ਪੁੱਜਦੀ ਵੀ ਹੈ ਤਾਂ ਅਣਦੇਖੀ ਕੀਤੀ ਜਾਂਦੀ ਹੈ।

ਕੀ ਦੇਸ਼ ਦਾ ਹਾਕਮ ਨਹੀਂ ਜਾਣਦਾ ਕਿ ਆਮ ਲੋਕ ਬੇਰੁਜ਼ਗਾਰੀ ਦੀ ਮਾਰ ਹੇਠ ਹਨ। ਗੰਦੀਆਂ ਬਸਤੀਆਂ 'ਚ ਜੀਵਨ ਬਸਰ ਕਰਨ ਲਈ ਮਜਬੂਰ ਹਨ। ਇਹਨਾਂ ਬਸਤੀਆਂ 'ਚ ਜ਼ਿਆਦਾਤਰ ਮਕਾਨ ਕੱਚੇ ਹਨ। ਉਹਨਾਂ 'ਚ ਫਰਸ਼ ਕੋਈ ਨਹੀਂ, ਬੱਚੇ ਨੰਗੇ ਘੁੰਮਦੇ ਹਨ ਨੰਗੇ ਪੈਰਾਂ ਨਾਲ, ਚਿਹਰਿਆਂ ਤੋਂ ਪਤਾ ਲੱਗਦਾ ਹੈ ਕਿ ਉਹ ਕੁਪੋਸ਼ਣ ਦੇ ਸ਼ਿਕਾਰ ਹਨ। ਗਰਮੀਆਂ, ਸਰਦੀਆਂ, ਬਰਸਾਤਾਂ 'ਚ ਉਹਨਾਂ ਦਾ ਜੀਵਨ ਨਰਕਾਂ ਵਾਲਾ ਹੈ। ਹਾਲ-ਬੇਹਾਲ ਇਹ ਬਸਤੀਆਂ ਜੀਵਨ ਮਰਨ ਦਾ ਚੱਕਰ ਹੰਢਾ ਰਹੀਆਂ ਹਨ।

ਗਰੀਬੀ ਦੀ ਸਮੱਸਿਆ ਭਾਰਤ 'ਚ ਪੁਰਾਣੀ ਹੈ। ਗਰੀਬੀ ਤੇ ਭਾਰਤ ਇਕ ਹਕੀਕਤ ਹੈ। ਕੀ ਇਸ ਹਕੀਕਤ ਨੂੰ ਦੇਸ਼ ਦੇ ਹਾਕਮਾਂ (ਰਾਜਿਆਂ, ਮਹਾਰਾਜਿਆਂ) ਨੇ ਕਦੇ ਸਮਝਿਆ? ਕਦੇ ਉਹਨਾਂ ਬਾਰੇ ਚਿੰਤਾ ਕੀਤੀ। ਗਰੀਬੀ ਹਟਾਓ ਦਾ ਨਾਹਰਾ ਤਾਂ ਲੱਗਾ ਪਰ ਹਕੀਕਤ ਇਹ ਕਿ ਗਰੀਬ ਵੀ ਹਟਾ ਦਿੱਤੇ ਗਏ।

ਰਾਜ ਨੇਤਾ ਜਨਤਾ ਦੇ ਸੇਵਕ ਕਹਕੇ ਜਾਣੇ ਜਾਂਦੇ ਹਨ, ਇਹ ਉਹ ਦਾਅਵਾ ਵੀ ਕਰਦੇ ਹਨ, ਪਰ ਹਕੀਕਤ ਇਹ ਹੈ ਕਿ ਰਾਜਨੀਤੀ ਇਕ ਵਪਾਰ ਬਣ ਗਈ ਹੈ। ਨੇਤਾ ਜਨਤਾ ਦੀ ਸੇਵਾ ਕਰਦੇ ਤਾਂ ਦਿਖਦੇ ਹਨ, ਪਰ ਇਸ ਸੇਵਾ 'ਚ ਉਹਨਾਂ ਦਾ ਆਪਣਾ ਸਵਾਰਥ ਲੁਕਿਆ ਹੁੰਦਾ ਹੈ।

ਦੇਸ਼ 'ਚ ਭ੍ਰਿਸ਼ਟਾਚਾਰ ਹੈ। ਦੇਸ਼ ਦੇ ਮੌਜੂਦਾ ਹਾਕਮਾਂ ਨੇ ਭ੍ਰਿਸ਼ਟਾਚਾਰ ਮੁਕਤ ਦੇਸ਼ ਬਨਾਉਣ ਦਾ ਦਾਅਵਾ ਕੀਤਾ। ਪੰਜਾਬ ਦੇ ਹਾਕਮਾਂ ਨੇ ਇਸੇ ਨਾਹਰੇ 'ਤੇ ਸੱਤਾ ਹਥਿਆਈ। ਪਰ ਇਸ ਵੇਲੇ ਹਾਲਾਤ ਕੀ ਹਨ ਦੇਸ਼ ਦੇ। ਭ੍ਰਿਸ਼ਟਾਚਾਰ ਵਿਰੁੱਧ ਲੜਾਈ ਖੋਖਲੀ ਹੈ। ਭ੍ਰਿਸ਼ਟਾਚਾਰ 'ਚ ਉਹ ਲੋਕ ਦੇਸ਼ 'ਚ ਫੜੇ ਜਾਂਦੇ ਹਨ ਜੋ ਭਾਰਤੀ ਜਨਤਾ ਪਾਰਟੀ ਨਾਲ ਸਬੰਧ ਨਹੀਂ ਰੱਖਦੇ। ਪੰਜਾਬ 'ਚ ਵੀ ਹਾਲ ਵੱਖਰਾ ਨਹੀਂ, ਪਰਿਵਰਤਨ ਦੇ ਨਾਂਅ ਉੱਤੇ ਹਾਕਮ ਬਣੀ ਪਾਰਟੀ ਸੂਬੇ 'ਚ ਮਾਫ਼ੀਆ ਰਾਜ ਖ਼ਤਮ ਨਹੀਂ ਕਰ ਸਕੀ। ਦਾਅਵੇ ਲੱਖ ਕੀਤੇ ਜਾਣ ਹਕੀਕਤ ਮੂੰਹੋਂ ਬੋਲਦੀ ਹੈ।

ਦਾਅਵਿਆਂ ਦਾ ਮੁੱਢ ਚੋਣਾਂ ਵੇਲੇ ਬੱਝਦਾ ਹੈ। ਹਕੀਕਤ ਚੋਣਾਂ ਜਿੱਤਣ ਦੇ ਦੋ ਵਰ੍ਹਿਆਂ ਬਾਅਦ ਸਾਹਮਣੇ ਆਉਂਦੀ ਹੈ। ਜਦੋਂ ਲੋਕਾਂ ਦੀ ਝੋਲੀ ਖਾਲੀ ਦਿਸਦੀ ਹੈ, ਨੇਤਾ ਲੋਕ ਕੁਝ ਨਹੀਂ ਕਰਦੇ, ਹੰਕਾਰ ਨਾਲ ਭਰੇ ਬੱਸ ਆਪਣੀ ਦੁਨੀਆਂ 'ਚ ਵਿਚਰਦੇ ਹਨ। ਉਹ ਲੋਕ ਜਿਹੜੇ ਝੂਠ ਅਤੇ ਅਪਮਾਨਜਨਕ ਭਾਸ਼ਾ ਦੀ ਵਰਤੋਂ ਕਰਕੇ ਚੋਣਾਂ ਜਿੱਤਦੇ ਹਨ, ਉਹਨਾਂ ਲੋਕਾਂ ਨੂੰ ਵੀ ਆਪਣੀ ਜੱਫੀ 'ਚ ਲੈ ਲੈਂਦੇ ਹਨ, ਜਿਹੜੇ ਉਹਨਾਂ ਦੇ ਵਿਰੋਧੀ ਹੁੰਦੇ ਹਨ। ਤਾਕਤ ਦੇ ਨਸ਼ੇ 'ਚ ਇਹ ਲੋਕ ਆਪਣੇ ਆਪ ਨੂੰ ਸੁਪਰਮੈਨ, ਫਿਰ ਦੇਵਤਾ ਅਤੇ ਫਿਰ ਭਗਵਾਨ ਸਮਝਣ ਲੱਗਦੇ ਹਨ।

ਕਥਨੀ ਅਤੇ ਕਰਨੀ ਤੋਂ ਦੂਰ ਹੱਟੇ ਅੱਜ ਦੇ ਹਾਕਮ, ਆਪਣੇ ਹੱਕਾਂ ਦਾ ਦੁਰਉਪਯੋਗ ਕਰਦੇ ਦਿੱਸਦੇ ਹਨ, ਉਹ ਵਿਰੋਧੀ ਧਿਰਾਂ ਨੂੰ ਗਾਲੀ-ਗਲੋਚ ਕਰਦੇ ਹਨ ਅਤੇ ਆਪਣੇ ਸੋੜੀਆਂ ਸਿਆਸੀ ਨੀਤੀਆਂ ਨੂੰ ਅੱਗੇ ਵਧਾਉਂਦੇ, ਵਿਰੋਧੀਆਂ ਨੂੰ ਕੁਚਲਦੇ ਦਿੱਸਦੇ ਹਨ। ਦੇਸ਼ 'ਚ ਮੁਦਰਾ ਸਫੀਤੀ ਵਧ ਰਹੀ ਹੈ, ਬੇਰੁਜ਼ਗਾਰੀ ਫੰਨ ਫੈਲਾ ਰਹੀ ਹੈ, ਅਸਮਾਨਤਾ ਅਸਮਾਨ ਛੂੰਹ ਰਹੀ ਹੈ, ਸਮਾਜਿਕ ਦੁਖ-ਕਲੇਸ਼, ਪੀੜਾ ਵੱਧ ਰਹੀ ਹੈ, ਪੂੰਜੀਵਾਦ ਦਾ ਪਸਾਰਾ ਹੋ ਰਿਹਾ ਹੈ, ਫਿਰਕੂ ਫਸਾਦ ਵਧ ਰਹੇ ਹਨ, ਲੋਕਾਂ ਨੂੰ ਇਨਸਾਫ਼ ਨਹੀਂ ਮਿਲ ਰਿਹਾ, ਘੱਟ ਗਿਣਤੀਆਂ ਖ਼ਤਰੇ 'ਚ ਹਨ। ਇਹ ਉਹਨਾਂ ਦੇ ਸਰੋਕਾਰ ਨਹੀਂ ਹਨ। ਉਹਨਾਂ ਦਾ ਅਜੰਡਾ 'ਭਾਸ਼ਨ' ਹੈ। ਭਰਮ ਜਾਲ ਪੈਦਾ ਕਰਨਾ ਉਹਨਾਂ ਦਾ ਕਰਮ ਹੈ।

ਗੱਲ ਤਾਂ ਦੇਸ਼ ਦੇ ਪਹਿਲੇ ਹਾਕਮਾਂ ਕਾਂਗਰਸ ਵੇਲੇ ਵੀ ਵੱਖਰੀ ਨਹੀਂ ਸੀ, ਗਰੀਬੀ ਹਟਾਓ ਦੇ ਨਾਹਰੇ ਲੱਗੇ, ਬੈਂਕਾਂ ਦੇ ਰਾਸ਼ਟਰੀਕਰਨ ਦੀ ਗੱਲ ਹੋਈ, ਜੈ ਜਵਾਨ ਜੈ ਕਿਸਾਨ ਦੇ ਨਾਹਰੇ ਗੂੰਜੇ, ਪਰ ਮੌਜੂਦਾ ਹਾਕਮਾਂ ਨੇ ਤਾਂ ਕਹਿਰ ਹੀ ਕੀਤਾ ਹੋਇਆ ਹੈ। ਦੇਸ਼ ਕਾਰਪੋਰੇਟਾਂ ਦੀ ਝੋਲੀ ਪਾ ਦਿੱਤਾ। ਸਰਕਾਰੀ ਅਦਾਰਿਆਂ ਨੂੰ ਉਹਨਾਂ ਹੱਥ ਸੌਂਪ ਦਿੱਤਾ। ਦੇਸ਼ ਦਾ ਮੀਡੀਆ ਉਹਨਾਂ ਹਵਾਲੇ ਕਰ ਦਿੱਤਾ। ਜਮਹੂਰੀ ਹੱਥਾਂ ਦਾ ਘਾਣ ਕਰ ਦਿੱਤਾ। ਇਹੋ ਜਿਹੇ ਕਾਨੂੰਨ ਬਣਾ ਦਿੱਤੇ, ਜਿਹੜੇ ਲੋਕਾਂ ਦੀ ਸੰਘੀ ਘੁੱਟਣ ਵਾਲੇ ਹਨ। ਕੁਦਰਤੀ ਇਨਸਾਫ਼ ਨੂੰ ਦਬਾਉਣ ਵਾਲੇ ਹਨ। ਮੌਜੂਦਾ ਸਰਕਾਰ ਦੀ ਨੀਤੀ ਕਨੂੰਨ, ਇਨਸਾਫ਼ ਦੀ ਬਜਾਇ ਸਜ਼ਾ ਉੱਤੇ ਟੇਕ ਰੱਖਣ ਵਾਲੇ ਖਾਸੇ ਵਾਲੀ ਹੈ। ਤਾਂ ਕਿ ਕੋਈ ਬੋਲ ਨਾ ਸਕੇ। ਕੋਈ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਖੁਲ ਕੇ ਨਾ ਕਰ ਸਕੇ।

ਵਿਸ਼ਵੀਕਰਨ, ਨਿੱਜੀਕਰਨ ਅਤੇ ਨਵਉਦਾਰੀਕਰਨ ਦੇ ਇਸ ਦੌਰ ਵਿਚ ਦੇਸੀ ਅਤੇ ਵਿਦੇਸ਼ੀ ਸਰਮਾਏਦਾਰਾਂ ਨੂੰ ਭਾਰਤ ਦੇ ਕਿਰਤੀ ਕਿਸਾਨਾਂ ਦੀ ਲੁੱਟ ਦੀ ਹੋਰ ਵਧੇਰੇ ਖੁਲ ਦਿੱਤੀ ਜਾ ਰਹੀ ਹੈ। ਇਹ ਹਕੀਕਤ ਹੁਣ ਜੱਗ ਜਾਹਰ ਹੈ। ਦਾਅਵੇ ਕੁਝ ਵੀ ਹੋਣ, ਲੋਕਾਂ ਦੇ ਹੱਕ ਮਾਰੇ ਜਾ ਰਹੇ ਹਨ, ਉਹਨਾਂ ਨੂੰ ਢੁੱਠਾਂ ਵਾਲਿਆਂ ਦੇ ਰਹਿਮੋ ਕਰਮ ਉੱਤੇ ਛੱਡ ਦਿੱਤਾ ਗਿਆ ਹੈ।

ਦੇਸ਼ ਦੇ ਮੌਜੂਦਾ ਹਾਕਮਾਂ ਵੱਲੋਂ ਛੋਟੀਆਂ-ਵੱਡੀਆਂ ਕਈ ਸਕੀਮਾਂ ਚਲਾਈਆਂ ਗਈਆਂ, ਜੋ ਗਰੀਬਾਂ ਲਈ ਚਲਾਈਆਂ ਹੋਣ ਦਾ ਦਾਅਵਾ ਹੋਇਆ। ਜਨ ਧਨ ਯੋਜਨਾ, ਕਿਸਾਨਾਂ ਲਈ ਰਾਹਤ ਰਾਸ਼ੀ, ਸਿਹਤ ਬੀਮਾ ਆਯੁਸ਼ਮਾਨ ਯੋਜਨਾ, ਬੇਟੀ ਪੜਾਓ ਬੇਟੀ ਬਚਾਓ ਆਦਿ ਪਰ ਇਹ ਸਕੀਮਾਂ 'ਕੋਹ ਨਾ ਚੱਲੀ ਬਾਬਾ ਤਿਹਾਈ' ਵਾਲੀ ਕਹਾਵਤ ਵਾਂਗਰ ਹਵਾ 'ਚ ਉਡ ਗਈਆਂ। ਕਿਉਂਕਿ ਸਰਕਾਰ ਦਾ ਅਜੰਡਾ ਹੋਰ ਹੈ। ਕਿਉਂਕਿ ਸਰਕਾਰ ਸਿਰਫ਼ ਤੇ ਸਿਰਫ਼ ਉਹ ਕੰਮ ਕਰਦੀ ਹੈ, ਜਿਹੜੀ ਉਹਨਾਂ ਦਾ ਵੋਟ ਬੈਂਕ ਭਰ ਸਕੇ ਜਾਂ ਸਰਮਾਏਦਾਰਾਂ, ਕਾਰਪੋਰੇਟਾਂ ਦਾ ਢਿੱਡ ਤੂਸ ਸਕੇ। ਅਸਲ 'ਚ ਹਾਕਮਾਂ ਨੇ ਲੋਕਾਂ ਨੂੰ ਵੋਟਰ ਬਨਾਉਣ ਤੱਕ ਸੀਮਤ ਕਰ ਦਿੱਤਾ ਹੈ ਅਤੇ ਵੋਟ ਖੋਹਣ, ਪਵਾਉਣ, ਪ੍ਰਾਪਤ ਕਰਨ ਲਈ ਵੱਖੋ-ਵੱਖਰੇ ਰਾਹ ਉਲੀਕ ਲਏ ਹਨ।

ਦਾਅਵੇ ਖੋਖਲੇ ਹਨ। ਹਕੀਕਤ ਸੂਰਜ ਦੇ ਚਾਨਣ ਵਾਂਗਰ ਸਪੱਸ਼ਟ ਹੈ। ਹਕੀਕਤ ਵੇਖ ਕੇ ਅੱਖਾਂ ਮੀਟਾਂ ਦਾ ਸਮਾਂ ਵਿਹਾਜ ਗਿਆ ਹੈ। ਹਾਕਮਾਂ ਦੀ ਸੌੜੀ, ਸੀਮਤ ਸੋਚ ਨੂੰ ਬਦਲਣ ਲਈ ਲੋਕ ਚੇਤਨਾ, ਇਕੋ ਇਕ ਹਥਿਆਰ ਹੈ। ਨਹੀਂ ਤਾਂ ਭਾਰਤੀ ਲੋਕਤੰਤਰ, ਭਾਰਤੀ ਜਮਹੂਰੀਅਤ ਸਿਰਫ਼ ਇੱਕ ਨਾਂਅ ਬਣ ਕੇ ਰਹਿ ਜਾਏਗੀ।


# ਨਹੀਂ ਠੱਲ੍ਹ ਪੈ ਰਹੀ ਸਾਈਬਰ ਠੱਗੀ ਦੇ ਸਿਲਸਿਲੇ ਨੂੰ

ਲੇਖਕ : ਜਗਜੀਤ ਸਿੰਘ

ਸੀਬੀਆਈ ਨੇ ਵਿਦੇਸ਼ੀ ਨਾਗਰਿਕਾਂ ਤੇ ਖ਼ਾਸ ਤੌਰ 'ਤੇ ਅਮਰੀਕੀ ਨਾਗਰਿਕਾਂ ਨਾਲ ਸਾਈਬਰ ਠੱਗੀ ਕਰਨ ਵਾਲਿਆਂ ਦਾ ਪਰਦਾਫਾਸ਼ ਕਰ ਕੇ 26 ਲੋਕਾਂ ਦੀ ਜਿਹੜੀ ਗ੍ਰਿਫ਼ਤਾਰੀ ਕੀਤੀ, ਉਹ ਇਹੀ ਦੱਸਦੀ ਹੈ ਕਿ ਭਾਰਤ ਵਿਚ ਸਾਈਬਰ ਠੱਗ ਕਿੰਨੇ ਵੱਡੇ ਪੱਧਰ 'ਤੇ ਸਰਗਰਮ ਹਨ। ਆਪ੍ਰੇਸ਼ਨ ਚੱਕਰ ਤਹਿਤ ਸੀਬੀਆਈ ਨੇ ਸਾਈਬਰ ਠੱਗਾਂ ਖ਼ਿਲਾਫ਼ 32 ਸ਼ਹਿਰਾਂ ਵਿਚ ਛਾਪੇਮਾਰੀ ਕੀਤੀ। ਇਨ੍ਹਾਂ ਵਿੱਚੋਂ ਚਾਰ ਸ਼ਹਿਰਾਂ, ਪੁਣੇ, ਹੈਦਰਾਬਾਦ, ਅਹਿਮਦਾਬਾਦ ਤੇ ਵਿਸ਼ਾਖਾਪਟਨਮ ਵਿਚ ਸਾਈਬਰ ਠੱਗ ਲੋਕਾਂ ਨੂੰ ਠੱਗਣ ਲਈ ਚਾਰ ਨਾਜਾਇਜ਼ ਕਾਲ ਸੈਂਟਰ ਚਲਾ ਰਹੇ ਸਨ। ਅਜਿਹੇ ਕਾਲ ਸੈਂਟਰ ਪਹਿਲੀ ਵਾਰ ਉਜਾਗਰ ਨਹੀਂ ਹੋਏ। ਇਸ ਤੋਂ ਪਹਿਲਾਂ ਵੀ ਕਈ ਸ਼ਹਿਰਾਂ, ਖ਼ਾਸ ਤੌਰ 'ਤੇ ਦਿੱਲੀ-ਐੱਨਸੀਆਰ ਵਿਚ ਵੀ ਅਜਿਹੇ ਕਾਲ ਸੈਂਟਰ ਚੱਲਦੇ ਪਾਏ ਗਏ ਹਨ। ਇਨ੍ਹਾਂ ਵਿੱਚੋਂ ਕੁਝ ਵਿਦੇਸ਼ੀ ਨਾਗਰਿਕਾਂ ਨੂੰ ਠੱਗਦੇ ਸਨ ਤੇ ਕੁਝ ਭਾਰਤੀ ਨਾਗਰਿਕਾਂ ਨੂੰ। ਕੋਈ ਨਹੀਂ ਜਾਣਦਾ ਕਿ ਪੁਲਿਸ ਤੇ ਹੋਰ ਏਜੰਸੀਆਂ ਦੀਆਂ ਅੱਖਾਂ ਵਿਚ ਧੂੜ ਪਾ ਕੇ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਵਿਚ ਕਿੰਨੇ ਨਾਜਾਇਜ਼ ਕਾਲ ਸੈਂਟਰ ਹਾਲੇ ਵੀ ਲੋਕਾਂ ਨਾਲ ਠੱਗੀ ਕਰਨ ਵਿਚ ਲੱਗੇ ਹੋਣਗੇ। ਆਪਣੇ ਦੇਸ਼ ਵਿਚ ਮੋਬਾਈਲ ਫੋਨ ਰਾਹੀਂ ਲੋਕਾਂ ਨੂੰ ਠੱਗਣ ਵਾਲੇ ਪਤਾ ਨਹੀਂ ਕਿੰਨੇ ਗਿਰੋਹ ਜਗ੍ਹਾ-ਜਗ੍ਹਾ ਸਰਗਰਮ ਹਨ। ਪਹਿਲਾਂ ਉਹ ਦੇਸ਼ ਦੇ ਕੁਝ ਹਿੱਸਿਆਂ ਵਿਚ ਸਰਗਰਮ




ਸਨ ਪਰ ਹੁਣ ਉਨ੍ਹਾਂ ਦੀ ਸਰਗਰਮੀ ਹਰ ਜਗ੍ਹਾ ਦੇਖੀ ਜਾ ਸਕਦੀ ਹੈ। ਸਾਈਬਰ ਠੱਗ ਕਦੇ ਲੋਕਾਂ ਨੂੰ ਲਾਲਚ ਦੇ ਕੇ ਠੱਗਦੇ ਹਨ, ਕਦੇ ਧਮਕਾ ਕੇ ਅਤੇ ਕਦੇ ਝੂਠੀਆਂ ਤੇ ਭਰਮਾਉਣ ਵਾਲੀਆਂ ਸੂਚਨਾਵਾਂ ਦੇ ਕੇ। ਪਿਛਲੇ ਕੁਝ ਸਮੇਂ ਤੋਂ ਉਹ ਨਕਲੀ ਬੈਂਕ, ਪੁਲਿਸ, ਸੀਬੀਆਈ ਅਤੇ ਕਸਟਮ ਅਧਿਕਾਰੀ ਬਣ ਕੇ ਵੀ ਲੋਕਾਂ ਨੂੰ ਠੱਗਣ ਦਾ ਕੰਮ ਕਰ ਰਹੇ ਹਨ। ਇਹ ਕਿਸੇ ਤੋਂ ਲੁਕਿਆ ਨਹੀਂ ਕਿ ਲੋਕਾਂ ਨੂੰ ਡਿਜੀਟਲ ਅਰੈਸਟ ਕਰ ਕੇ ਠੱਗਣ ਦੇ ਮਾਮਲੇ ਰੁਕਣ ਦਾ ਨਾਂ ਨਹੀਂ ਲੈ ਰਹੇ ਹਨ। ਬਿਨਾਂ ਸ਼ੱਕ ਲੋਕ ਅਗਿਆਨਤਾ ਤੇ ਜਾਣਕਾਰੀ ਦੀ ਘਾਟ ਵਿਚ ਵੀ ਠੱਗੀ ਦਾ ਸ਼ਿਕਾਰ ਹੋ ਰਹੇ ਹਨ ਪਰ ਇਕ ਕਾਰਨ ਇਹ ਵੀ ਹੈ ਕਿ ਸਾਈਬਰ ਠੱਗ ਬੇਲਗਾਮ ਤੇ ਹਿਮਾਕਤੀ ਹੋ ਗਏ ਹਨ। ਕਦੇ-ਕਦਾਈਂ ਤਾਂ ਅਜਿਹਾ ਲੱਗਦਾ ਹੈ ਕਿ ਉਨ੍ਹਾਂ ਨੂੰ ਪੁਲਿਸ ਤੇ ਸੁਰੱਖਿਆ ਏਜੰਸੀਆਂ ਦਾ ਕੋਈ ਡਰ ਹੀ ਨਹੀਂ ਹੈ। ਜਿਵੇਂ-ਜਿਵੇਂ ਮੋਬਾਈਲ ਦਾ ਇਸਤੇਮਾਲ ਵਧਦਾ ਜਾ ਰਿਹਾ ਹੈ ਅਤੇ ਆਨਲਾਈਨ ਲੈਣ-ਦੇਣ ਤੇ ਖ਼ਰੀਦਦਾਰੀ ਦਾ ਚਲਨ ਵਧ ਰਿਹਾ ਹੈ, ਤਿਵੇਂ-ਤਿਵੇਂ ਠੱਗਾਂ ਨੂੰ ਆਪਣੀਆਂ ਸਰਗਰਮੀਆਂ ਵਧਾਉਣ ਦੇ ਮੌਕੇ ਮਿਲ ਰਹੇ ਹਨ। ਮਸਲਾ ਸਿਰਫ਼ ਇਹ ਨਹੀਂ ਕਿ ਸਾਈਬਰ ਠੱਗੀ ਖ਼ਿਲਾਫ਼ ਲੋੜੀਂਦੇ ਨਿਯਮ-ਕਾਨੂੰਨ ਨਹੀਂ ਹਨ। ਸਮੱਸਿਆ ਇਹ ਵੀ ਹੈ ਕਿ ਪੁਲਿਸ ਤੇ ਹੋਰ ਏਜੰਸੀਆਂ ਸਾਈਬਰ ਠੱਗਾਂ ਦੀ ਹਿਮਾਕਤ ਦਾ ਦਮਨ ਕਰਨ ਵਿਚ ਨਾਕਾਮ ਹਨ। ਕਈ ਵਾਰ ਤਾਂ ਉਹ ਠੱਗਾਂ ਦਾ ਪਤਾ ਵੀ ਨਹੀਂ ਲਗਾ ਪਾਉਂਦੀਆਂ। ਇਸ ਕਾਰਨ ਠੱਗੀ ਦੇ ਸ਼ਿਕਾਰ ਬਹੁਤ ਸਾਰੇ ਲੋਕਾਂ ਦਾ ਪੈਸਾ ਉਨ੍ਹਾਂ ਨੂੰ ਵਾਪਸ ਨਹੀਂ ਮਿਲਦਾ। ਸਾਈਬਰ ਠੱਗੀ 'ਤੇ ਇਸ ਲਈ ਵੀ ਕਾਬੂ ਨਹੀਂ ਪੈ ਰਿਹਾ ਕਿਉਂਕਿ ਇਹ ਠੱਗ ਫ਼ਰਜ਼ੀ ਨਾਂ 'ਤੇ ਸਿਮ ਲੈਣ ਵਿਚ ਸਫਲ ਰਹਿੰਦੇ ਹਨ। ਸਮਝਣਾ ਮੁਸ਼ਕਲ ਹੈ ਕਿ ਅਜਿਹਾ ਪ੍ਰਬੰਧ ਕਿਉਂ ਨਹੀਂ ਕੀਤਾ ਜਾ ਰਿਹਾ ਜਿਸ ਸਦਕਾ ਕੋਈ ਫ਼ਰਜ਼ੀ ਨਾਂ 'ਤੇ ਸਿਮ ਲੈ ਹੀ ਨਾ ਸਕੇ। ਯਕੀਨੀ ਤੌਰ 'ਤੇ ਇਹ ਵੀ ਚਿੰਤਾ ਦਾ ਵਿਸ਼ਾ ਹੈ ਕਿ ਪਾਕਿਸਤਾਨੀ ਨੰਬਰਾਂ ਤੋਂ ਵ੍ਹਟਸਐਪ ਕਾਲ ਕਰ ਕੇ ਲੋਕਾਂ ਨੂੰ ਠੱਗਿਆ ਜਾ ਰਿਹਾ ਹੈ। ਇਹ ਠੀਕ ਨਹੀਂ ਕਿ ਡਿਜੀਟਲ ਹੁੰਦੇ ਭਾਰਤ ਵਿਚ ਸਾਈਬਰ ਠੱਗ ਬੇਲਗਾਮ ਹੁੰਦੇ ਜਾਣ।




# ਏਦਾਂ ਵੀ ਪੜ੍ਹਾਇਆ ਜਾਂਦੈ

**ਡਾ. ਜਸਵੰਤ ਰਾਏ, ਸੰਪਰਕ: 98158-25999**

ਅਸੀਂ ਪੰਜਵੀਂ ਜਮਾਤ ਤੱਕ ਪ੍ਰਾਇਮਰੀ ਸਕੂਲ ਵਿਚ ਟੌਹਰਾਂ ਮਾਰਦੇ ਫਿਰਦੇ ਸੀ, ਹਾਈ ਸਕੂਲ ਵਿਚ ਛੇਵੀਂ ਜਮਾਤ 'ਚ ਪੈਰ ਧਰਦਿਆਂ ਭਿੱਜੀ ਬਿੱਲੀ ਬਣ ਗਏ। ਨੌਵੀਂ ਦਸਵੀਂ ਜਮਾਤ ਦੇ ਬੁਰਛਿਆਂ ਵਰਗੇ ਮੁੰਡੇ ਕਈ ਵਾਰ ਅੱਧੀ ਛੁੱਟੀ ਵੇਲੇ ਸਾਨੂੰ ਰੋਕ ਕੇ ਪੁੱਠੇ ਸਿੱਧੇ ਜਿਹੇ ਸਵਾਲ ਪੁੱਛਦੇ ਰਹਿੰਦੇ। ਸਾਡੇ ਡਰੂੰ ਡਰੂੰ ਕਰਦਿਆਂ, ਸੰਗਦਿਆਂ-ਸੰਗਾਉਂਦਿਆਂ ਦੇ ਜਵਾਬ ਸੁਣ ਕੇ ਉਹ ਖਿੜ-ਖਿੜਾ ਕੇ ਹੱਸਦੇ। ਅਸੀਂ ਰੋਣਹਾਕੇ ਜਿਹੇ ਹੋਏ ਪਾਣੀ ਪੀਣ ਤੇ ਵਾਸ਼ਰੂਮ ਵੀ ਉਨ੍ਹਾਂ ਤੋਂ ਬਚ-ਬਚਾ ਕੇ ਜਾਂਦੇ। ਮਹੀਨਾ ਕੁ ਭਰ ਤਾਂ ਸਾਨੂੰ ਇਹੋ ਨਾ ਪਤਾ ਲੱਗੇ ਕਿ ਕਿਹੜੇ ਅਧਿਆਪਕ ਨੇ ਕਿਹੜੇ ਪੀਰੀਅਡ, ਕਿਹੜਾ ਵਿਸ਼ਾ ਪੜ੍ਹਾਉਣਾ ਹੈ। ਪ੍ਰਾਇਮਰੀ ਸਕੂਲ ਵਿਚ ਤਾਂ ਪਹਿਲੀ ਜਮਾਤ ਤੋਂ ਪੰਜਵੀਂ ਜਮਾਤ ਤੱਕ ਇਕ ਹੀ ਅਧਿਆਪਕ ਸਾਰੇ ਵਿਸ਼ੇ ਪੜ੍ਹਾਉਂਦਾ ਸੀ। ਨਾਲੇ ਆਪਾਂ ਉੱਥੇ ਰਾਜੇ ਹੁੰਦੇ ਸਾਂ। ਸਕੂਲ ਦੇ ਗੇਟ ਤੋਂ ਲੈ ਕੇ ਦਫ਼ਤਰ ਤੱਕ ਦੇ ਤਾਲਿਆਂ ਦੀਆਂ ਚਾਬੀਆਂ ਦਾ ਗੁੱਛਾ ਆਪਣੇ ਕੋਲ ਹੁੰਦਾ ਸੀ। ਕਿਹੜੀ ਸ਼ੈਅ ਕਿੱਥੇ ਪਈ ਹੈ, ਇੱਥੋਂ ਤੱਕ ਕਿ ਟਰੰਕਾਂ 'ਚ ਪਏ ਰਜਿਸਟਰਾਂ ਨਾਲ ਵੀ ਅੱਛੀ ਖ਼ਾਸੀ ਵਾਕਫ਼ੀਅਤ ਹੁੰਦੀ ਸੀ, ਪਰ ਹਾਈ ਸਕੂਲ ਦਾ ਮਾਹੌਲ ਨਵਾਂ ਤੇ ਬਿਲਕੁਲ ਵੱਖਰਾ ਸੀ। ਘੰਟੀ ਵੱਜਦੀ। ਜਮਾਤਾਂ ਕਤਾਰਾਂ 'ਚ ਇੱਧਰ ਉਧਰ ਘੁੰਮਦੀਆਂ। ਅਧਿਆਪਕ ਇਕ ਜਮਾਤ 'ਚੋਂ ਨਿਕਲ ਕੇ ਦੂਜੀ 'ਚ ਵੜ ਜਾਂਦੇ ਤੇ ਛੇਤੀ ਹੀ ਸਾਰੇ ਪਾਸੇ ਚੁੱਪ ਪਸਰ ਜਾਂਦੀ। ਮਹੀਨੇ ਕੁ ਬਾਅਦ ਆਪਾਂ ਕੁਝ ਰਵਾਂ ਜਿਹੇ ਹੋਏ ਇਸ ਸਾਰੇ ਵਰਤਾਰੇ ਤੋਂ। ਸਾਨੂੰ ਇੱਥੇ ਸਾਇੰਸ ਦਾ ਵਿਸ਼ਾ ਮਾਸਟਰ ਰਮੇਸ਼ ਕੁਮਾਰ ਪੜ੍ਹਾਉਂਦੇ ਸਨ। ਉਨ੍ਹਾਂ ਦੇ ਪੜ੍ਹਾਉਣ ਦਾ ਢੰਗ ਬੜਾ ਦਿਲਚਸਪ ਸੀ। ਸਵੇਰ ਤੋਂ ਹੀ ਅਸੀਂ ਉਨ੍ਹਾਂ ਦੇ ਪੀਰੀਅਡ ਦਾ ਇੰਤਜ਼ਾਰ ਕਰਦੇ ਰਹਿੰਦੇ ਸਾਂ। ਉਹ ਸੋਹਣੇ ਵੀ ਰੱਜ ਕੇ ਸਨ ਤੇ ਵਧੀਆ ਗੱਲ ਕਿਸੇ ਨੂੰ ਕੁੱਟਦੇ ਮਾਰਦੇ ਵੀ ਨਹੀਂ ਸਨ। ਹਰ ਗੱਲ ਪ੍ਰੈਕਟੀਕਲ ਰਾਹੀਂ ਸਮਝਾਉਂਦੇ। ਮੇਰੀ ਭੈਣ ਦੀ ਦਸਵੀਂ ਜਮਾਤ ਨੂੰ ਅੱਖ ਬਾਰੇ ਪੜ੍ਹਾਉਣ ਲਈ ਉਹ ਇਕ ਦਿਨ ਕਸਾਈ ਦੀ ਦੁਕਾਨ ਤੋਂ ਬੱਕਰੇ ਦਾ ਡੇਲਾ ਲੈ ਆਏ। ਦਿਲ ਬਾਰੇ ਪੜ੍ਹਾਉਣ ਸਮੇਂ ਉਹ ਅਕਸਰ ਗੁਣਗੁਣਾਉਂਦਿਆਂ ਕਹਿੰਦੇ ਕਿ ਇਹ ਮਸਲਾ ਥੋੜ੍ਹਾ ਟੇਡਾ ਹੈ ਕਿਉਂਕਿ 'ਦਿਲ ਦਾ ਮਾਮਲਾ ਹੈ'। ਅਗਲੇ ਦਿਨ ਪੜ੍ਹਾਉਣ ਵਾਲੇ ਵਿਸ਼ੇ ਦਾ ਜਾਣ ਲੱਗੇ ਹਲਕਾ ਜਿਹਾ ਇਸ਼ਾਰਾ ਮਾਤਰ ਕਰ ਜਾਂਦੇ ਤਾਂ ਕਿ ਵਿਦਿਆਰਥੀਆਂ ਵਿਚ ਜਾਨਣ ਦੀ ਉਤਸੁਕਤਾ ਬਣੀ ਰਹੇ। ਗੱਲ ਸੱਤਵੀਂ ਜਮਾਤ ਦੀ ਹੈ। ਪੀਰੀਅਡ ਤੋਂ ਬਾਅਦ ਜਾਣ ਲੱਗੇ ਮਾਸਟਰ ਜੀ ਕਹਿਣ ਲੱਗੇ, ''ਬਈ ਕੱਲ੍ਹ ਨੂੰ ਕੋਈ ਛੁੱਟੀ ਨਾ ਕਰਿਓ। ਆਪਾਂ ਬੀੜੀ ਸਿਗਰਟ ਪੀਣ ਦੇ ਫ਼ਾਇਦੇ ਪੜ੍ਹਾਂਗੇ।'' ਇੰਨਾ ਕਹਿ ਕੇ ਉਹ ਫਟਾਫਟ ਬੂਹਿਓਂ ਬਾਹਰ ਹੋ ਗਏ। ਮੈਂ ਅਤੇ ਨਾਲ ਦੇ ਵਿਦਿਆਰਥੀ ਵੀ ਸੋਚੀਂ ਪੈ ਗਏ ਕਿ 'ਇਹ ਤਾਂ ਪੁੱਠੀ ਮੱਤ ਦੇਣ ਵਾਲੀ ਗੱਲ ਕਰ ਗਏ ਮਾਸਟਰ ਜੀ। ਅਜੇ ਕੱਲ੍ਹ ਹੀ ਤਾਂ ਪ੍ਰਾਰਥਨਾ ਸਭਾ 'ਚ ਹੈੱਡਮਾਸਟਰ ਸਾਹਿਬ ਨੇ ਬੀੜੀ, ਸਿਗਰਟ, ਤੰਬਾਕੂਨੋਸ਼ੀ ਬਾਰੇ ਲੰਬਾ-ਚੌੜਾ ਭਾਸ਼ਣ ਦਿੱਤਾ ਸੀ। ਫਿਰ ਇਸ ਦੇ ਲਾਭ ਕਿਹੜੇ ਹੋਣਗੇ?' ਨਾਲ ਹੀ ਭਾਪਾ ਜੀ ਦਾ ਬੀੜੀ ਪੀਂਦਿਆਂ ਦਾ ਚਿਹਰਾ-ਮੋਹਰਾ ਮੇਰੀਆਂ ਅੱਖਾਂ ਅੱਗੇ ਸਾਕਾਰ ਹੋਣ ਲੱਗਾ ਕਿ ਖੌਰੇ ਕਿਸੇ ਲਾਭ ਵੱਸ ਹੀ ਉਹ ਬੀੜੀਆਂ ਫੂਕਦੇ ਰਹਿੰਦੇ ਹੋਣ। ਹਾਲਾਂਕਿ ਕੋਲ ਬੈਠਿਆਂ ਜਦੋਂ ਉਹ ਬੀੜੀ ਦਾ ਲੰਬਾ ਕੱਸ਼ ਖਿੱਚ ਕੇ ਨੱਕ ਦੀਆਂ ਦੋਵੇਂ ਨਾਸਾਂ ਰਾਹੀਂ ਦੋ ਚਿੱਟੀਆਂ ਜਿਹੀਆਂ ਧੂੰਏਂ ਦੀਆਂ ਧਾਰੀਆਂ ਬਾਹਰ ਕੱਢਦੇ ਤਾਂ ਇਸ ਦੀ ਵਾਤਾਵਰਨ ਵਿਚ ਪਸਰੀ ਬੂ ਨਾਲ ਮੈਨੂੰ ਘਿਣ ਜਿਹੀ ਆਉਂਦੀ। ਆਨੀ-ਬਹਾਨੀ ਮੈਂ ਉਨ੍ਹਾਂ ਕੋਲੋਂ ਉੱਠ ਕੇ ਬਾਹਰ ਹਵੇਲੀ ਵੱਲ ਵਗ ਜਾਂਦਾ। ਸਾਰੀ ਛੁੱਟੀ ਤੋਂ ਬਾਅਦ ਘਰ ਆ ਕੇ ਵੀ ਮਾਸਟਰ ਜੀ ਦਾ 'ਸਮੋਕਿੰਗ (ਤੰਬਾਕੂਨੋਸ਼ੀ) ਦੇ ਫ਼ਾਇਦੇ' ਵਾਲਾ ਵਿਸ਼ਾ ਮੇਰੇ ਅੰਗ ਸੰਗ ਹੀ ਰਿਹਾ। ਮਨ ਵਿਚ ਅਗਲੇ ਦਿਨ ਸਕੂਲ ਜਾਣ ਦੀ ਤਲਬ ਜਿਹੀ ਲੱਗੀ ਰਹੀ। ਤਿੰਨ ਪੀਰੀਅਡਾਂ ਦੇ ਇੰਤਜ਼ਾਰ ਤੋਂ ਬਾਅਦ ਚੌਥਾ ਪੀਰੀਅਡ ਮਾਸਟਰ ਰਮੇਸ਼ ਹੋਰਾਂ ਦਾ ਆ ਗਿਆ। ਜਮਾਤ ਵਿਚ ਆਉਂਦਿਆਂ ਹੀ ਸਾਡੇ ਕੋਲੋਂ ਕੱਲ੍ਹ ਦੇ ਦੱਸੇ ਵਿਸ਼ੇ ਬਾਬਤ ਤਿੱਖੇ ਸਵਾਲ ਸੁਣ ਕੇ ਉਹ ਹਲਕਾ ਜਿਹਾ ਬੁੱਲ੍ਹਾਂ ਵਿਚ ਮੁਸਕਰਾਏ। ਕਹਿਣ ਲੱਗੇ, ''ਲਾਭ ਕਿੰਜ ਨੀ ਹੁੰਦੇ ਸਮੋਕਿੰਗ ਦੇ? ਕਿਤਾਬਾਂ ਖੋਲ੍ਹੋ। ਦੋ ਤਿੰਨ ਸਫ਼ੇ ਪਹਿਲਾਂ ਪੜ੍ਹ ਲਈਏ। ਫੇਰ ਕਰਦੇ ਹਾਂ ਗੱਲ ਇਹਦੇ ਲਾਭਾਂ ਬਾਰੇ।'' ਵਿਗਿਆਨ ਦੀ ਕਿਤਾਬ ਤੋਂ ਪੜ੍ਹਦਿਆਂ ਸਾਨੂੰ ਸਮੋਕਿੰਗ ਦੇ ਲਾਭਾਂ ਵਾਲੀ ਗੱਲ ਤਾਂ ਕੋਈ ਨਜ਼ਰੀਂ ਨਹੀਂ ਸੀ ਆ ਰਹੀ। ਮਨ ਵਿਚ ਉੱਠ ਰਹੇ ਸਵਾਲਾਂ ਨੂੰ ਸਾਡੇ ਚਿਹਰੇ ਤੋਂ ਪੜ੍ਹਦਿਆਂ ਉਨ੍ਹਾਂ ਨੇ ਸਾਨੂੰ ਥੋੜ੍ਹਾ ਜਿਹਾ ਸਹਿਜ ਕਰਨ ਦੀ ਕੋਸ਼ਿਸ਼ ਕੀਤੀ, ਪਰ ਸਾਡੀ ਉਤਸੁਕਤਾ ਨੂੰ ਜ਼ਿਆਦਾ ਦੇਰ ਰੋਕਿਆਂ ਜਾਣਾ ਨਾਮੁਮਕਿਨ ਸੀ।

ਮਾਸਟਰ ਜੀ ਨੇ ਲੰਬਾ ਸਾਹ ਲੈਂਦਿਆਂ ਕਿਤਾਬ ਸਾਹਮਣੇ ਪਏ ਮੇਜ਼ 'ਤੇ ਮੂਧੀ ਧਰ ਦਿੱਤੀ। ਅਰਕਾਂ ਨੂੰ ਮੇਜ਼ 'ਤੇ ਟਿਕਾਈ ਅਤੇ ਦੋਵਾਂ ਹੱਥਾਂ ਦੀ ਬਣੀ ਕੁੜਿੰਗੀ ਨੂੰ ਖੋਲ੍ਹਦਿਆਂ ਸੱਜੇ ਹੱਥ ਦੀ ਪਹਿਲੀ ਉਂਗ਼ਲ ਨਾਲ ਇਸ਼ਾਰਾ ਕਰਦਿਆਂ ਕਹਿਣ ਲੱਗੇ, ''ਸੁਣੋ ਬਈ, ਪਹਿਲਾ ਲਾਭ। ਬੀੜੀ ਸਿਗਰਟ ਪੀਣ ਵਾਲਾ ਬੰਦਾ ਛੇਤੀ ਕੀਤਿਆਂ ਕਦੇ ਬੁੱਢਾ ਨਹੀਂ ਹੁੰਦਾ।'' ਸਾਡੀ ਉਤਸੁਕਤਾ ਨੂੰ ਪੱਠੇ ਪਾਉਣ ਖ਼ਾਤਰ ਥੋੜ੍ਹਾ ਰੁਕ ਗਏ। ਜਮਾਤ 'ਚ ਪਸਰੀ ਮਸਾਣਾਂ ਵਰਗੀ ਚੁੱਪ ਨੂੰ ਤੋੜਦਿਆਂ ਤੇ ਸਾਡੇ ਮਨਾਂ ਵਿਚਲੀ 'ਕਿਉਂ' ਦਾ ਜਵਾਬ ਦੇਣ ਲਈ ਕਹਿਣ ਲੱਗੇ: ''ਕਿਉਂਕਿ ਉਹ ਜਵਾਨ ਈ ਮਰ-ਮੁੱਕ ਜਾਂਦਾ ਹੈ। ਦੂਜਾ ਲਾਭ: ਉਹਦੇ ਘਰ ਕਦੇ ਚੋਰ ਵੀ ਨਹੀਂ ਆਉਂਦੇ।'' ਠਹਿਰਾਓ ਤੋਂ ਬਾਅਦ ਫਿਰ ਉੱਤਰ ਦੇਣ ਲਈ ਉਨ੍ਹਾਂ ਦੇ ਬੁੱਲ੍ਹ ਖੁੱਲ੍ਹੇ, ''ਕਿਉਂਕਿ ਉਹ ਸੌਂਦਾ ਈ ਨੀ ਸਾਰੀ ਸਾਰੀ ਰਾਤ। ਉਹਦੀ ਸਾਰੀ ਰਾਤ ਖਊਂ-ਖਊਂ ਕਰਦੇ ਦੀ ਅੱਖ ਈ ਨੀ ਲੱਗਦੀ। ਤੀਜਾ ਲਾਭ: ਉਹਨੂੰ ਕੁੱਤੇ ਵੀ ਨਹੀਂ ਪੈਂਦੇ ਕਿਉਂਕਿ ਉਹ ਬੀੜੀਆਂ ਸਿਗਰਟਾਂ ਪੀ ਪੀ ਕਮਜ਼ੋਰ ਈ ਇੰਨਾ ਹੋ ਜਾਂਦਾ ਕਿ ਉਹਦੇ ਕੋਲੋਂ ਬਿਨਾਂ ਡਾਂਗ ਸੋਟੇ ਦੇ ਤੁਰਿਆ ਵੀ ਨਹੀਂ ਜਾਂਦਾ। ਡਾਂਗ ਸੋਟਾ ਹੱਥ ਵਿਚ ਹੋਣ ਕਰਕੇ ਕੁੱਤੇ ਉਹਦੇ ਲਾਗੇ ਵੀ ਨਹੀਂ ਫਟਕਦੇ। ਚੌਥਾ ਲਾਭ: ਉਹਦਾ ਰੰਗ ਹਮੇਸ਼ਾ ਲਾਲ-ਸੂਹਾ ਰਹਿੰਦਾ। ਕਾਰਨ, ਸਾਡੇ ਸਰੀਰ ਵਿਚ ਇਕ ਥਾਂ ਤੋਂ ਦੂਜੇ ਥਾਂ ਤੱਕ ਆਕਸੀਜਨ ਪਹੁੰਚਾਉਣ ਦਾ ਕੰਮ ਕਰਦੀ ਆ ਹੀਮੋਗਲੋਬਿਨ। ਇਸ ਹੀਮੋਗਲੋਬਿਨ ਕਰਕੇ ਹੀ ਸਾਡਾ ਰੰਗ ਲਾਲ ਹੁੰਦੈ। ਬੀੜੀ ਬੱਤੀ ਪੀਣ ਵਾਲੇ ਬੰਦੇ ਦੇ ਫੇਫੜਿਆਂ ਦਾ ਤਾਂ ਭੱਠਾ ਬਹਿ ਗਿਆ ਹੁੰਦਾ ਹੈ। ਫਿਰ ਆਕਸੀਜਨ ਕਿਵੇਂ ਪਹੁੰਚੇ ਸਾਰੇ ਸਰੀਰ ਅੰਦਰ? ਇਸ ਕਰਕੇ ਇਹਦੇ ਸਰੀਰ ਵਿਚ ਹੀਮੋਗਲੋਬਿਨ ਈ ਇੰਨੀ ਬਣ ਜਾਂਦੀ ਹੈ ਕਿ ਆਕਸੀਜਨ ਦਾ ਸੰਚਾਰ ਲਗਾਤਾਰ ਬਣਿਆ ਰਹਿੰਦਾ ਹੈ। ਤਾਂ ਕਰਕੇ ਇਹਦੀਆਂ ਗੱਲ੍ਹਾਂ ਮਤਲਬ ਖਾਖਾਂ ਲਾਲ ਸੂਹੀਆਂ ਨਜ਼ਰੀ ਆਉਂਦੀਆਂ ਨੇ।''

ਇਕ ਦਿਨ ਪਹਿਲਾਂ ਛੋਹੇ ਵਿਸ਼ੇ ਨੂੰ ਅੱਜ ਅੰਤਿਮ ਚਰਣ 'ਤੇ ਪਹੁੰਚਾ ਕੇ ਮਾਸਟਰ ਜੀ ਨੇ ਸਾਨੂੰ ਇਕ ਸਵਾਲ ਹੋਰ ਕੀਤਾ, ''ਅੱਛਾ ਦੱਸੋ, ਮੈਂ ਤੁਹਾਨੂੰ ਕਿੰਨੇ ਈ ਲਾਭ ਦੱਸੇ ਆ ਬੀੜੀਆਂ ਸਿਗਰਟਾਂ ਪੀਣ ਦੇ। ਇਨ੍ਹਾਂ ਲਾਭਾਂ ਨੂੰ ਦੇਖਦਿਆਂ ਤੁਸੀਂ ਆਪਣੀ ਜ਼ਿੰਦਗੀ 'ਚ ਕਦੇ ਬੀੜੀ ਸਿਗਰਟ ਨੂੰ ਹੱਥ ਲਾਓਗੇ?'' ਸਾਰੀ ਜਮਾਤ ਦੇ ਚਿਹਰਿਆਂ 'ਤੇ ਵੱਖਰੀ ਹੀ ਖ਼ੁਸ਼ੀ ਸੀ। ਅਸੀਂ ਜ਼ੋਰ ਨਾਲ ਇਕੋ ਆਵਾਜ਼ 'ਚ ਬੋਲੇ, ''ਕਦੇ ਵੀ ਨੀ ਮਾਸਟਰ ਜੀ।'' ਉਪ-ਵਿਸ਼ੇ ਦਾ ਸੰਪੂਰਨ ਗਿਆਨ ਦੇ ਕੇ ਮਾਸਟਰ ਜੀ ਦੇ ਚਿਹਰੇ 'ਤੇ ਪੂਰੀ ਤਸੱਲੀ ਝਲਕ ਰਹੀ ਸੀ। ਲਗਭਗ ਸਾਢੇ ਤਿੰਨ ਦਹਾਕੇ ਹੋ ਗਏ ਇਸ ਘਟਨਾ ਨੂੰ ਬੀਤਿਆਂ। ਦੋਸਤਾਂ ਮਿੱਤਰਾਂ 'ਚ ਕਾਫ਼ੀ ਮਹਿਫ਼ਿਲਾਂ 'ਚ ਬੈਠਦੇ ਉਠਦੇ ਰਹੇ ਹਾਂ। ਕੁਝ ਇਕ ਨੇ ਤਾਂ ਬਥੇਰੇ ਤਰਲੇ ਮਾਰੇ- ''ਯਾਰ ਦੇਖ ਲਾ ਸੁਆਦ'' ''ਬਾਹਰ ਦੀ ਆ'' ''ਕਬਜ਼ ਕੁਬਜ਼ ਚੁੱਕ ਦਿੰਦੀ ਸਾਰੀ'' ਤੇ ਹੋਰ ਪਤਾ ਨੀ ਕੀ ਕੀ। ਪਰ ਮਾਸਟਰ ਰਮੇਸ਼ ਹੋਰਾਂ ਦੀ ਦਿੱਤੀ ਮੱਤ ਨੇ ਇਸ ਰਸਤੇ ਕਦੇ ਨਹੀਂ ਜਾਣ ਦਿੱਤਾ।

## ਕੀ ਤੁਸੀਂ ਹੇਠਾਂ ਦਿੱਤੀ ਸ਼ਬਦ ਪਹੇਲੀ ਨੂੰ ਹੱਲ ਕਰ ਸਕਦੇ ਹੋ?

| | | | | | | | | | |
|---|---|---|---|---|---|---|---|---|---|
| A | D | I | N | I | N | G | R | R | A |
| T | R | A | L | L | E | C | O | A | G |
| T | I | C | N | K | I | P | O | G | E |
| L | A | U | U | Y | T | O | M | L | I |
| M | Y | N | R | R | C | R | C | H | V |
| O | A | D | S | E | H | E | N | H | I |
| O | R | R | A | S | E | T | G | A | N |
| R | D | Y | B | B | M | E | A | L | G |
| H | T | A | B | E | E | R | R | L | R |
| M | O | O | R | D | N | T | M | O | O |

Find all the words from the word list (ignore spaces and dashes, if any):

ATTIC
BASEMENT
BATHROOM
BEDROOM
CELLAR
DINING ROOM
GARAGE
GARRET
HALL
KITCHEN
LAUNDRY
LIVING ROOM
NURSERY
PORCH
YARD

# ਬੱਚੇ ਅਤੇ ਮਾਂ ਬੋਲੀ

**ਲੇਖਕ : ਮੰਜੂ ਸ਼ਰਮਾ ਰਾਜੋਮਾਜਰਾ**

ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ ਵਿਚ ਭਾਵੇਂ ਅਸੀਂ ਮੋਹਰੀ ਹੋਣ ਦਾ ਹਵਾਲਾ ਦਿੰਦੇ ਹੋਈਏ ਪਰ ਅਸਲੀਅਤ ਵਿਚ ਅਸੀਂ ਬਹੁਤ ਪਛੜ ਰਹੇ ਹਾਂ। ਇਸ ਚਮਕ-ਦਮਕ ਵਿਚ ਚੁੰਧਿਆਈਆਂ ਅੱਖਾਂ ਨਾਲ ਭਾਵੇਂ ਅਸੀਂ ਖ਼ੁਦ ਨੂੰ ਜਾਂ ਆਪਣੇ ਬੱਚਿਆਂ ਨੂੰ ਸਮੇਂ ਦੇ ਹਾਣੀ ਹੋਣਾ ਲੋਚਦੇ ਹਾਂ ਪਰ ਕਿਤੇ ਨਾ ਕਿਤੇ ਇਹ ਸਾਡੀ ਨਜ਼ਰ 'ਤੇ ਪਿਆ ਪਰਦਾ ਸਾਬਤ ਹੋ ਰਿਹਾ ਹੈ।




ਇਥੇ ਜੇ ਅਸੀਂ ਗੱਲ ਕਰੀਏ ਬੋਲੀ ਦੀ ਤਾਂ ਕਿਸੇ ਇਲਾਕੇ ਦੀ ਪਛਾਣ ਅਤੇ ਜੇ ਸਮਝਿਆ ਜਾਵੇ ਤਾਂ ਮਾਣ ਹੁੰਦੀ ਹੈ ਪਰ ਜੇ ਅਸੀਂ ਆਪਣੀ ਬੋਲੀ ਜਿਸ ਨੂੰ ਮਾਂ ਬੋਲੀ ਵੀ ਕਿਹਾ ਜਾਂਦਾ ਹੈ ਉਸ ਨੂੰ ਹੀ ਅਨਪੜ੍ਹਤਾ ਜਾਂ ਗਵਾਰਪੁਣੇ ਦੀ ਨਿਸ਼ਾਨੀ ਸਿੱਧ ਕਰਨ ਲੱਗ ਪਏ ਤਾਂ ਇਹ ਆਪਣੀ ਹੋਂਦ ਦੀਆਂ ਜੜ੍ਹਾਂ ਨੂੰ ਖੋਖਲਾ ਕਰਨ ਦੇ ਤੁਲ ਹੈ।

ਬੇਸ਼ੱਕ ਕੋਈ ਵੀ ਭਾਸ਼ਾ ਮਾੜੀ ਨਹੀਂ ਅਤੇ ਅੱਜ ਦੇ ਇਸ ਯੁੱਗ ਵਿਚ ਤੁਸੀਂ ਜਿੰਨੀਆਂ ਭਾਸ਼ਾਵਾਂ ਜਾਣ ਸਕਦੇ ਹੋ, ਓਨੇ ਹੀ ਆਪਣੀ ਕਾਬਲੀਅਤ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਜਮਾ ਸਕਦੇ ਹੋ ਪਰ ਇਥੇ ਗੱਲ ਆਉਂਦੀ ਹੈ ਆਪਣੀ ਮਾਂ ਬੋਲੀ ਨਾਲੋਂ ਆਪਣੇ ਭਵਿੱਖ ਨੂੰ ਬੇਮੁੱਖ ਕਰਨ ਦੀ। ਹਰ ਦੇਸ਼ ਦਾ ਜਾਂ ਕੌਮ ਦਾ ਭਵਿੱਖ ਉਸ ਦੇ ਬੱਚੇ ਹਨ ਅਤੇ ਵਿਕਾਸ ਲਈ ਉਨ੍ਹਾਂ ਨੂੰ ਸਮੇਂ ਦੇ ਹਾਮੀ ਜ਼ਰੂਰ ਬਣਾਓ ਪਰ ਆਪਣੀ ਪਛਾਣ ਨਾਲੋਂ ਤੋੜ ਕੇ ਨਹੀਂ।


ਮਾਂ ਬੋਲੀ ਬੱਚੇ ਦੇ ਵਿਕਾਸ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਬੱਚਾ ਜਨਮ ਤੋਂ ਹੀ ਆਪਣੀ ਮਾਂ ਤੋਂ ਅਤੇ ਪਰਿਵਾਰ ਤੋਂ ਜੋ ਸੁਣਦਾ ਹੈ ਉਹੀ ਹੀ ਬੋਲਦਾ ਹੈ ਅਤੇ ਉਸ ਨਾਲ ਹੀ ਉਸ ਦੀ ਸੋਚ ਦਾ ਮੁੱਢ ਬੱਝਦਾ ਹੈ। ਇਸ ਮਾਂ ਬੋਲੀ ਵਿਚ ਹੀ ਬੱਚਾ ਆਪਣੇ ਭਾਵਨਾਤਮਿਕ ਗੁਣਾਂ ਦਾ ਵਿਕਾਸ ਕਰਦਾ ਹੈ ਅਤੇ ਆਪਣੇ ਮਨ ਦੇ ਵਲਵਲਿਆਂ ਨੂੰ ਦੂਜਿਆਂ ਨਾਲ ਸਾਂਝਾ ਕਰਦਾ ਹੈ। ਪਰ ਅਸੀਂ ਇਨ੍ਹਾਂ ਉੱਚੇ ਅਸਮਾਨਾਂ ਦੇ ਪੰਛੀਆਂ ਨੂੰ ਉਡਾਰੀ ਮਾਰਨੀ ਛੱਡ ਕੇ ਡੂੰਘੇ ਸਮੁੰਦਰਾਂ ਦੇ ਤਾਰੂ ਬਣਾਉਣਾ ਚਾਹੁੰਦੇ ਹਾਂ। ਜਿਥੇ ਇਹ ਦਬਦਬਾ ਉਨ੍ਹਾਂ ਦੇ ਬੌਧਿਕ ਵਿਕਾਸ ਨੂੰ ਰੋਕਦਾ ਹੈ, ਉਥੇ ਉਨ੍ਹਾਂ ਵਿਚ ਹੀਣ ਭਾਵਨਾ ਵੀ ਪੈਦਾ ਕਰਦਾ ਹੈ। ਉਹ ਆਪਣੇ ਆਪ ਨੂੰ ਪਛੜਿਆ ਹੋਇਆ ਮਹਿਸੂਸ ਕਰਨ ਲਗਦੇ ਹਨ। ਸੋ ਅਸੀਂ ਆਪਣੀ ਹੀ ਗੱਲ ਕਰੀਏ ਤਾਂ ਇਸ ਗੱਲ ਤੋਂ ਇਨਕਾਰੀ ਨਹੀਂ ਹੋ ਸਕਦੇ ਕਿ ਅੰਗਰੇਜ਼ੀ ਭਾਸ਼ਾ ਭਾਵੇਂ ਇਕ ਅੰਤਰਰਾਸ਼ਟਰੀ ਭਾਸ਼ਾ ਬਣ ਚੁੱਕੀ ਹੈ ਅਤੇ ਇਸ ਦੇ ਮਹੱਤਵ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ ਪਰ ਨਾਲ ਹੀ ਮਾਂ ਬੋਲੀ ਪੰਜਾਬੀ ਦੇ ਸਤਿਕਾਰ ਜਾਂ ਮਹਾਨਤਾ ਨੂੰ ਵੀ ਅਸੀਂ ਝੁਠਲਾ ਨਹੀਂ ਸਕਦੇ। ਬੱਚਿਆਂ ਨੂੰ ਇਹ ਸਮਝਾਉਣਾ ਲਾਜ਼ਮੀ ਹੈ ਕਿ ਭਵਿੱਖ ਵਿਚ ਜਿਥੇ ਆਪਣੇ ਵਿਕਾਸ ਦੀਆਂ ਸ਼ਾਖਾਵਾਂ ਨੂੰ ਵਿਸ਼ਾਲ ਕਰਨ ਲਈ ਅੰਤਰਰਾਸ਼ਟਰੀ ਭਾਸ਼ਾਵਾਂ ਵਿਚ ਯੋਗਤਾ ਨੂੰ ਪ੍ਰਬਲ ਬਣਾਉਣਾ ਜ਼ਰੂਰੀ ਹੈ, ਉਥੇ ਹੀ ਆਪਣੀਆਂ ਜੜ੍ਹਾਂ ਭਾਵ ਮਾਂ-ਬੋਲੀ ਨਾਲ ਜੁੜੇ ਰਹਿਣਾ ਬਹੁਤ ਜ਼ਰੂਰੀ ਹੈ ਕਿਉਂਕਿ ਇਸ ਤੋਂ ਬਿਨਾਂ ਕੋਈ ਹੋਂਦ ਚਿਤਵੀ ਨਹੀਂ ਜਾ ਸਕਦੀ। ਇਕ ਕਹਾਵਤ ਹੈ ਕਿ ਜਿਸ ਕੌਮ ਨੂੰ ਖ਼ਤਮ ਕਰਨਾ ਹੋਵੇ ਉਸ ਤੋਂ ਉਸ ਦੀ ਬੋਲੀ ਖੋਹ ਲਵੋ।

ਸਾਡੀ ਹੋਂਦ ਵੀ ਇਸ ਸਦੀ ਦੇ ਦਿਖਾਵੇ ਵਾਲੇ ਸਮਾਜ ਵਿਚ ਸਹਿਕਦੀ ਨਜ਼ਰ ਆ ਰਹੀ ਹੈ ਅਤੇ ਤਰਾਸਦੀ ਇਹ ਹੈ ਕਿ ਆਪਣੀ ਹੀ ਮਾਂ ਬੋਲੀ ਨੂੰ ਬਚਾਉਣ ਲਈ ਉਪਰਾਲੇ ਕਰਨੇ ਪੈ ਰਹੇ ਹਨ। ਪਰ ਇਹ ਗੱਲ ਸਮਝਣੀ ਜ਼ਰੂਰੀ ਹੈ ਕਿ ਸਾਡਾ ਅੱਜ ਸਾਡਾ ਆਉਣ ਵਾਲਾ ਭਵਿੱਖ ਹੈ। ਜੇ ਅਸੀਂ ਅੱਜ ਆਪਣੇ ਬੱਚਿਆਂ ਨੂੰ ਮਾਂ ਬੋਲੀ ਤੋਂ ਵਾਂਝਾ ਕਰਦੇ ਜਾਵਾਂਗੇ ਤੇ ਇਸ ਦਬਦਬੇ ਵਿਚ ਰੱਖ ਇਸ ਰੇਸ ਵਿਚ ਦੌੜਨ ਲਈ ਮਜਬੂਰ ਕਰ ਰਹੇ ਹਾਂ ਤਾਂ ਅਸੀਂ ਆਪਣੇ ਬੱਚਿਆਂ ਅਤੇ ਆਪਣੀ ਮਾਂ ਬੋਲੀ ਨਾਲ ਵਫ਼ਾ ਨਹੀਂ ਕਰ ਰਹੇ।


## ਬਿੰਦੂ ਮਿਲਾਓ



## ਰਸਤਾ ਲੱਭੋ



## ਪਹੇਲੀ ਹੱਲ ਕਰੋ



# ਦਿਨੋਂ-ਦਿਨ ਵਧ ਰਿਹਾ ਪ੍ਰਦੂਸ਼ਣ ਜ਼ਿੰਮੇਵਾਰ ਕੌਣ?

ਲੇਖਕ : ਦਵਿੰਦਰ ਕੌਰ ਖ਼ੁਸ਼ ਧਾਲੀਵਾਲ
ਸੰਪਰਕ: 88472-27740



ਵਾਤਾਵਰਨ ਦੀ ਤਬਾਹੀ ਬਾਰੇ ਦੋ ਮਸਲੇ ਇਸ ਸਮੇਂ ਬਹੁਤ ਚਰਚਾ ਵਿੱਚ ਹਨ: ਪਹਿਲਾ ਹੈ ਦਿੱਲੀ ਵਿੱਚ ਹਵਾ ਪ੍ਰਦੂਸ਼ਣ ਦਾ ਮਾਰੂ ਹੱਦ ਤੱਕ ਪਹੁੰਚਣਾ ਤੇ ਦੂਜਾ ਹੈ ਪੰਜਾਬ ਵਿੱਚ ਪਰਾਲੀ ਨੂੰ ਅੱਗ ਲਾਉਣਾ। ਇਹ ਦੋਵੇਂ ਮਸਲੇ ਕੁਝ ਹੱਦ ਤੱਕ ਜੁੜੇ ਹੋਏ ਵੀ ਹਨ। ਦਿੱਲੀ ਦੇ ਪ੍ਰਦੂਸ਼ਣ ਲਈ ਕਈ ਮਾਹਿਰ ਸਿਰਫ ਪੰਜਾਬ, ਹਰਿਆਣਾ ਤੇ ਉੱਤਰ ਪ੍ਰਦੇਸ਼ ਵਿੱਚ ਜਲਾਈ ਜਾਣ ਵਾਲੀ ਪਰਾਲੀ ਨੂੰ ਮੁੱਖ ਕਾਰਨ ਐਲਾਨ ਦਿੰਦੇ ਹਨ। ਕਿਸਾਨ ਪਰਾਲੀ ਫੂਕੇ ਜਾਣ ਨੂੰ ਨਾ ਸਿਰਫ ਉਨ੍ਹਾਂ ਦੀ ਮਜਬੂਰੀ ਆਖਦੇ ਹਨ ਸਗੋਂ ਦੱਬ ਕੇ ਪਰਾਲੀ ਫੂਕਣ ਦੀ ਵਕਾਲਤ ਕੀਤੀ ਜਾਂਦੀ ਹੈ। ਇਹ ਪਰਾਲੀ ਫੂਕ ਹਮਾਇਤੀ ਹਾਸੋਹੀਣਾ ਤਰਕ ਦਿੰਦੇ ਹਨ ਕਿ ਸਨਅਤਾਂ ਨੂੰ ਪ੍ਰਦੂਸ਼ਣ ਫੈਲਾਉਣ ਦਿੱਤਾ ਜਾ ਰਿਹਾ ਹੈ, ਕੋਈ ਉਨ੍ਹਾਂ ਨੂੰ ਕਿਉਂ ਨਹੀਂ ਰੋਕਦਾ। ਉਂਝ, ਹਵਾ ਪ੍ਰਦੂਸ਼ਣ ਦਾ ਇਹ ਮਸਲਾ ਸਿਰਫ ਪੰਜਾਬ ਜਾਂ ਦਿੱਲੀ ਦਾ ਨਹੀਂ ਸਗੋਂ ਭਾਰਤ, ਪਾਕਿਸਤਨ ਸਮੇਤ ਦੱਖਣ ਏਸ਼ੀਆ ਦੇ ਮੁਲਕਾਂ ਵਿੱਚ ਇਹ ਸਮੱਸਿਆ ਕਾਫੀ ਜ਼ਿਆਦਾ ਹੈ। ਦਿੱਲੀ ਕਈ ਸਾਲਾਂ ਤੋਂ ਪ੍ਰਦੂਸ਼ਣ ਦੀ ਰਾਜਧਾਨੀ ਬਣੀ ਹੋਈ ਹੈ। ਉੱਥੇ ਹਵਾ ਪੂਰਾ ਸਾਲ ਹੀ ਪ੍ਰਦੂਸ਼ਿਤ ਰਹਿੰਦੀ ਹੈ ਪਰ ਠੰਢ ਸ਼ੁਰੂ ਹੋਣ ਮੌਕੇ ਇਹ ਸਮੱਸਿਆ ਵਧ ਜਾਂਦੀ ਹੈ ਕਿਉਂਕਿ ਇਸ ਮੌਸਮ ਵਿੱਚ ਹਵਾ ਵਾਯੂਮੰਡਲ ਦੀ ਉੱਪਰਲੀਆਂ ਪਰਤਾਂ ਵੱਲ ਨਹੀਂ ਜਾਂਦੀ ਸਗੋਂ ਧਰਤੀ ਦੀ ਸਤਹਿ ਨੇੜੇ ਰਹਿੰਦੀ ਹੈ। ਧੁੰਦ ਨਾਲ ਰਲ ਕੇ ਇਹ ਪ੍ਰਦੂਸ਼ਿਤ ਹਵਾ ਹੀ ਸਮੌਗ (ਧੁੰਦ ਤੇ ਧੂੰਏ ਦਾ ਮਿਸ਼ਰਨ) ਬਣਾਉਂਦੀ ਹੈ। ਇਸੇ ਮੌਕੇ ਪੰਜਾਬ, ਹਰਿਆਣਾ ਤੇ ਉੱਤਰ ਪ੍ਰਦੇਸ਼ ਵਿੱਚ ਲੱਗਣ ਵਾਲੀ ਅੱਗ ਅਤੇ ਦੀਵਾਲੀ ਮੌਕੇ ਚੱਲਣ ਵਾਲੇ ਪਟਾਕੇ ਇਸ ਦਾ ਮਾਰੂ ਪੱਧਰ ਹੋਰ ਵਧਾ ਦਿੰਦੇ ਹਨ। ਹਵਾ ਦੀ ਰਫਤਾਰ ਮੱਠੀ ਹੋਣ ਅਤੇ ਮੀਂਹ ਨਾ-ਮਾਤਰ ਪੈਣ ਜਿਹੇ ਕਾਰਨਾਂ ਕਰ ਕੇ ਪ੍ਰਦੂਸ਼ਿਤ ਹਵਾ ਤੋਂ ਕੁਦਰਤੀ ਰਾਹਤ ਵੀ ਨਹੀਂ ਮਿਲਦੀ। ਵੱਖ-ਵੱਖ ਸ੍ਰੋਤਾਂ ਮੁਤਬਿਕ ਦਿੱਲੀ ਦੀ ਹਵਾ ਦੇ ਪ੍ਰਦੂਸ਼ਣ ਲਈ ਵਾਹਨਾਂ ਦਾ ਧੂੰਆਂ 40-50 ਫੀਸਦੀ, ਪਰਾਲੀ ਦਾ ਧੂੰਆਂ 25-30 ਫੀਸਦੀ ਤੇ 20-25 ਫੀਸਦੀ ਸਨਅਤ ਤੇ ਬਾਕੀ ਹੋਰ ਸ੍ਰੋਤ ਜ਼ਿੰਮੇਵਾਰ ਹਨ।

ਹਵਾ ਦੇ ਸ਼ੁੱਧ ਜਾਂ ਪ੍ਰਦੂਸ਼ਿਤ ਹੋਣ ਨੂੰ ਹਵਾ ਗੁਣਵੱਤਾ ਸੂਚਕ ਅੰਕ (ਏਅਰ ਕੁਆਲਿਟੀ ਇੰਡੈਕਸ) ਰਾਹੀਂ ਮਾਪਿਆ ਜਾਂਦਾ ਹੈ ਜੋ ਹਵਾ ਵਿੱਚ 8 ਵੱਖ-ਵੱਖ ਤਰ੍ਹਾਂ ਦੇ ਮਾਰੂ ਤੱਤਾਂ ਦੀ ਮਾਤਰਾ ਰਾਹੀਂ ਤੈਅ ਹੁੰਦਾ ਹੈ। ਇਸ ਮੁਤਾਬਕ 100 ਤੋਂ ਘੱਟ ਸੂਚਕ ਅੰਕ ਵਾਲੀ ਹਵਾ ਮਨੁੱਖੀ ਸਿਹਤ ਲਈ ਚੰਗੀ ਮੰਨੀ ਜਾਂਦੀ ਹੈ ਤੇ 300 ਤੋਂ ਉੱਪਰ ਦੀ ਮਾੜੀ। ਅਜਿਹੀ ਹਵਾ ਸਿਹਤਮੰਦ ਇਨਸਾਨਾਂ ਲਈ ਵੀ ਮਾਰੂ ਹੈ। ਸਾਹ ਪ੍ਰਣਾਲੀ, ਫੇਫੜੇ ਆਦਿ ਦੇ ਰੋਗੀਆਂ ਲਈ ਇਹ ਹਾਲਤ ਜਾਨਲੇਵਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਦਿੱਲੀ ਦੇ ਧੂੰਏਂ ਵਿੱਚ ਸਾਹ ਲੈਣਾ ਇੱਥੋਂ ਦੇ ਵਸਨੀਕਾਂ ਦੀ ਔਸਤ ਉਮਰ 12 ਸਾਲ ਘਟਾ ਰਿਹਾ ਹੈ। ਇਸ ਹਵਾ ਵਿੱਚ ਸਾਹ ਲੈਣਾ 30 ਸਿਗਰਟਾਂ ਪੀਣ ਦੇ ਬਰਾਬਰ ਹੈ। ਸਰਕਾਰ ਵੱਲੋਂ ਸਕੂਲਾਂ ਵਿੱਚ ਛੁੱਟੀਆਂ ਕਰਨ, ਟਾਂਕ-ਜਿਸਤ ਦੀ ਵਿਉਂਤ ਉੱਪਰ ਵਾਹਨ ਚਲਾਉਣ ਤੇ ਵੱਡੇ ਵਾਹਨਾਂ ਦੀ ਦਿੱਲੀ ਵਿੱਚ ਆਮਦ ਉੱਪਰ ਰੋਕ ਲਾਉਣ ਜਿਹੇ ਕਦਮ ਚੁੱਕੇ ਗਏ ਜੋ ਨਾਕਾਫੀ ਹਨ। ਪੰਜਾਬ ਵਿੱਚ ਵੀ ਪਰਾਲੀ ਦੇ ਧੂੰਏਂ ਕਾਰਨ ਸਿਹਤਮੰਦ ਇਨਸਾਨਾਂ ਲਈ ਵੀ ਹਵਾ ਘੁਟਣ ਭਰੀ ਹੁੰਦੀ ਹੈ। ਧੂੰਆਂ ਸਾਹ ਦੇ ਰੋਗੀਆਂ, ਬਜ਼ੁਰਗਾਂ ਤੇ ਬੱਚਿਆਂ ਲਈ ਸਭ ਤੋਂ ਵੱਧ ਮਾਰੂ ਹੁੰਦਾ ਹੈ। ਹਰ ਸਾਲ ਸੜਕਾਂ ਕੰਢੇ ਖੇਤਾਂ ਵਿੱਚ ਲਾਈ ਅੱਗ ਕਾਰਨ ਅਨੇਕਾਂ ਹਾਦਸੇ ਹੁੰਦੇ ਹਨ।

ਵਾਤਾਵਰਨ ਦੀ ਤਬਾਹੀ ਸੰਸਾਰ ਵਿਆਪੀ ਸਮੱਸਿਆ ਹੈ। ਇਸ ਦੀ ਜੜ੍ਹ ਮੁਨਾਫ਼ਾ ਆਧਾਰਿਤ ਸਰਮਾਏਦਾਰਾ ਪੈਦਾਵਾਰੀ ਢੰਗ 'ਚ ਹੈ। ਇਹ ਪ੍ਰਬੰਧ ਨਾ ਸਿਰਫ ਇਨਸਾਨਾਂ ਦਾ ਸਗੋਂ ਉਸ ਦੇ ਚੌਗਿਰਦੇ ਦਾ ਵੀ ਵੈਰੀ ਹੈ। ਹਵਾ ਦੇ ਪ੍ਰਦੂਸ਼ਣ ਦੇ ਮੁੱਖ ਸਰੋਤ ਹਨ-ਫ਼ਨਬਸਪ; ਸਨਅਤ, ਆਵਾਜਾਈ ਦੇ ਸਾਧਨ, ਜੰਗਲਾਂ ਦੀ ਅੰਨ੍ਹੇਵਾਹ ਕਟਾਈ ਤੇ ਸਾਮਰਾਜੀ ਜੰਗਾਂ।

ਭਾਰਤ ਦੀ ਬਹੁਗਿਣਤੀ ਸਨਅਤ ਖਰਚੇ ਘਟਾਉਣ ਤੇ ਮੁਨਾਫੇ ਵਧਾਉਣ ਲਈ ਵਤਾਵਾਰਨ ਦੀ ਰੱਜ ਕੇ ਤਬਾਹੀ ਕਰਦੀ ਹੈ ਤੇ ਇਹ ਸਭ ਇੱਥੋਂ ਦੇ ਸਿਆਸੀ ਪ੍ਰਬੰਧ ਦੀਆਂ ਅੱਖਾਂ ਸਾਹਮਣੇ ਹੁੰਦਾ ਹੈ। ਤਕਨੀਕ ਦੇ ਵਿਕਾਸ ਨਾਲ ਹਾਸਿਲ ਹੋਏ ਕਾਰਖਾਨੇ, ਫੈਕਟਰੀਆਂ ਮਨੁੱਖੀ ਜੀਵਨ ਲਈ ਜ਼ਰੂਰੀ ਹਨ ਪਰ ਇਸ ਤਕਨੀਕੀ ਵਿਕਾਸ ਨੇ ਇਨ੍ਹਾਂ ਸਨਅਤਾਂ ਨੂੰ ਪ੍ਰਦੂਸ਼ਣ ਮੁਕਤ ਜਾਂ ਘੱਟ ਤੋਂ ਘੱਟ ਪ੍ਰਦੂਸ਼ਣ ਕਰਨ ਦੇ ਰਾਹ ਵੀ ਖੋਜੇ ਹੋਏ ਹਨ। ਸਨਅਤਾਂ ਵਿੱਚੋਂ ਨਿੱਕਲਣ ਵਾਲੀ ਗੰਧਲੀ ਹਵਾ ਸੋਧ ਕੇ ਵਾਤਾਵਰਨ ਵਿੱਚ ਛੱਡਿਆ ਜਾ ਸਕਦਾ ਹੈ ਪਰ ਸਰਮਾਏਦਾਰ ਇਸ ਨੂੰ ਵਾਧੂ ਖਰਚਾ ਮੰਨਦੇ ਹਨ। ਸਿਰਫ ਹਵਾ ਹੀ ਨਹੀਂ, ਇਹ ਮੁਨਾਫਾਖੋਰੀ ਪਾਣੀ ਨੂੰ ਵੀ ਦੂਸ਼ਿਤ ਕਰ ਰਹੇ ਹਨ। ਫੈਕਟਰੀਆਂ ਦਾ ਗੰਦਾ ਪਾਣੀ ਦਰਿਆਵਾਂ ਤੇ ਬੋਰ ਕਰ ਕੇ ਧਰਤੀ ਅੰਦਰ ਛੱਡਿਆ ਜਾਂਦਾ ਹੈ।

ਆਵਾਜਾਈ ਦੇ ਸਾਧਨਾਂ ਦੀ ਅੰਨ੍ਹੀ ਵਰਤੋਂ ਵੀ ਪ੍ਰਦੂਸ਼ਣ ਦਾ ਵੱਡਾ ਕਾਰਨ ਹੈ। ਇਹ ਪ੍ਰਬੰਧ ਨਿੱਜੀ ਵਾਹਨਾਂ ਦੀ ਖਰੀਦ ਨੂੰ ਹੱਲਾਸ਼ੇਰੀ ਦਿੰਦਾ ਹੈ। ਇਸ ਨਾਲ ਆਟੋ ਸਨਅਤ ਨੂੰ ਵੱਡੇ ਮੁਨਾਫ਼ੇ ਹੁੰਦੇ ਹਨ ਤੇ ਨਾਲ ਹੀ ਪ੍ਰਦੂਸ਼ਣ ਵਧਦਾ ਹੈ। ਭਾਰਤ ਸਰਕਾਰ ਵੱਲੋਂ ਪਿਛਲੇ ਸਾਲ ਸੰਸਦ ਵਿੱਚ ਪੇਸ਼ ਕੀਤੇ ਅੰਕੜਿਆਂ ਮੁਤਾਬਕ ਭਾਰਤ ਵਿੱਚ 21 ਕਰੋੜ ਦੋ ਪਹੀਆ ਅਤੇ 7 ਕਰੋੜ ਚਾਰ ਪਹੀਆ ਵਾਹਨ ਹਨ। 'ਸਟੈਟਿਸਕਾ' ਮੁਤਾਬਿਕ 2022 ਵਿੱਚ ਭਾਰਤ ਵਿੱਚ ਕੁੱਲ 32.6 ਕਰੋੜ ਵਾਹਨ ਸਨ ਤੇ ਪਿਛਲੇ 3 ਦਹਾਕਿਆਂ ਤੋਂ ਇਹ ਗਿਣਤੀ ਬਹੁਤ ਤੇਜ਼ੀ ਨਾਲ ਵਧੀ ਹੈ। 2001 ਵਿੱਚ ਭਾਰਤ ਵਿੱਚ 5.5 ਕਰੋੜ, 2013 ਵਿੱਚ 12.7 ਕਰੋੜ ਵਾਹਨ ਸਨ ਜੋ 2020 ਵਿੱਚ 32.63 ਕਰੋੜ ਹੋ ਗਏ। ਜ਼ਾਹਿਰ ਹੈ ਕਿ ਵਾਹਨਾਂ ਦੀ ਗਿਣਤੀ ਦੇ ਤਿੱਖੇ ਵਾਧੇ ਨਾਲ ਪ੍ਰਦੂਸ਼ਣ ਵਧਦਾ ਹੈ। ਅਮੀਰਾਂ ਦੀ ਆਬਾਦੀ ਦਾ ਵੱਡਾ ਹਿੱਸਾ ਵਾਹਨਾਂ ਦੀ ਬੇਲੋੜੀ ਵਰਤੋਂ ਕਰ ਕੇ ਵੀ ਇਸ ਸਮੱਸਿਆ ਨੂੰ ਵਧਾ ਰਿਹਾ ਹੈ। ਇਸ ਵਾਧੇ ਨੂੰ ਕੰਟਰੋਲ ਕਰਨ ਦਾ ਸਭ ਤੋਂ ਅਹਿਮ ਤਰੀਕਾ ਬੱਸਾਂ, ਰੇਲਾਂ ਤੇ ਇਸ ਦੇ ਨਾਲ ਸ਼ਹਿਰਾਂ ਵਿੱਚ ਮੈਟਰੋ, ਸਥਾਨਕ ਬੱਸਾਂ ਆਦਿ ਦੇ ਰੂਪ ਵਿੱਚ ਜਨਤਕ ਆਵਾਜਾਈ ਦੇ ਸਾਧਨਾਂ ਨੂੰ ਵਧਾਉਣਾ ਤੇ ਇਸ ਸਫਰ ਨੂੰ ਸਸਤਾ ਤੇ ਸਹੂਲਤ ਵਾਲਾ ਬਣਾਉਣਾ ਹੈ ਪਰ ਮੁਨਾਫੇ ਵਾਲੇ ਪ੍ਰਬੰਧ ਵਿੱਚ ਅਜਿਹਾ ਸੰਭਵ ਨਹੀਂ।

ਪਰਾਲੀ ਤੇ ਕਣਕ ਦਾ ਨਾੜ ਸਾੜਨ ਨਾਲ ਹੋਣ ਵਾਲ਼ਾ ਪ੍ਰਦੂਸ਼ਣ ਭਾਵੇਂ ਸਾਲ ਵਿੱਚ ਖਾਸ ਵਕਤ ਲਈ ਹੁੰਦਾ ਹੈ ਪਰ ਇਸ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ। ਮੌਜੂਦਾ ਸਰਮਾਏਦਾਰਾ ਪ੍ਰਬੰਧ 'ਚ ਖੇਤੀ ਦਾ ਮਕਸਦ ਵੀ ਮੁਨਾਫ਼ਾ ਹੈ। ਜੇ ਪਰਾਲ਼ੀ ਜਾਂ ਕਣਕ ਦੇ ਨਾੜ ਨੂੰ ਅੱਗ ਲਾਉਣ ਨਾਲ਼ ਕਿਸਾਨ ਦਾ ਮੁਨਾਫ਼ਾ ਵਧਦਾ ਹੈ ਤਾਂ ਉਸ ਨੂੰ ਅਜਿਹਾ ਕਰਨ ਤੋਂ ਕੋਈ ਨਹੀਂ ਰੋਕ ਸਕਦਾ। ਪਰਾਲੀ ਸਾੜਨਾ ਕਿਸਾਨਾਂ ਦੀ ਕੋਈ ਮਜਬੂਰੀ ਨਹੀਂ ਸਗੋਂ ਪੈਸੇ ਬਚਾਉਣ ਦੀ ਲਾਲਸਾ ਹੈ। ਪਰਾਲੀ ਦੇ ਨਿਬੇੜੇ ਜਾਂ ਇਸ ਨੂੰ ਖੇਤ ਵਿੱਚ ਵਾਹ ਕੇ ਅਗਲੀ ਫਸਲ ਬੀਜਣ ਦੇ ਅਨੇਕਾਂ ਰਾਹ ਹਨ। ਭਾਰਤ ਵਿੱਚ ਉੱਪਰਲੇ 10 ਫੀਸਦੀ ਅਮੀਰ ਕਿਸਾਨਾਂ ਕੋਲ਼ ਕੁੱਲ ਵਾਹੀਯੋਗ ਜ਼ਮੀਨ ਦਾ 60 ਫੀਸਦੀ ਹੈ, ਹੇਠਲੇ 50 ਫੀਸਦੀ ਗਰੀਬ ਕਿਸਾਨਾਂ ਕੋਲ਼ ਵਾਹੀਯੋਗ ਜ਼ਮੀਨ ਦਾ ਸਿਰਫ 3 ਫੀਸਦੀ ਹੈ। ਜੇ ਹੇਠਲੇ 80 ਫੀਸਦੀ ਕਿਸਾਨਾਂ ਦੀ ਗੱਲ ਕਰੀਏ ਤਾਂ ਇਨ੍ਹਾਂ ਕੋਲ ਕੁੱਲ ਵਾਹੀਯੋਗ ਜ਼ਮੀਨ ਦਾ ਨਾ-ਮਾਤਰ ਹੀ ਹਿੱਸਾ ਹੈ। ਪੰਜਾਬ ਦੀ ਤਸਵੀਰ ਵੀ ਕੁੱਲ ਭਾਰਤ ਦੇ ਇਨ੍ਹਾਂ ਅੰਕੜਿਆਂ ਤੋਂ ਬਹੁਤੀ ਵੱਖਰੀ ਨਹੀਂ। ਗਰੀਬ ਕਿਸਾਨੀ ਜਿਸ ਦਾ ਖੇਤੀ ਵਿੱਚੋਂ ਆਪਣੇ ਪਰਿਵਾਰ ਦਾ ਗੁਜ਼ਾਰਾ ਵੀ ਔਖ ਨਾਲ ਚਲਦਾ ਹੈ, ਉਸ ਲਈ ਖਰਚਾ ਬਚਾਉਣ ਲਈ ਪਰਾਲੀ ਦੇ ਨਿਬੇੜੇ ਦਾ ਕੋਈ ਸਸਤਾ ਰਾਹ ਲੱਭਣ ਦਾ ਸਵਾਲ ਤਾਂ ਹੋ ਸਕਦਾ ਹੈ ਪਰ ਇਹ ਕੁੱਲ ਕਿਸਾਨੀ ਦੀ ਸਮੱਸਿਆ ਨਹੀਂ ਕਹੀ ਜਾ ਸਕਦੀ। ਜਿਹੜੀ ਧਨੀ ਕਿਸਾਨੀ ਵਿਆਹਾਂ ਅਤੇ ਹੋਰ ਸਮਾਗਮਾਂ ਉੱਪਰ ਅੰਨ੍ਹੇਵਾਹ ਖਰਚਾ ਕਰਨ ਅਤੇ ਟਰੈਕਟਰਾਂ ਦੇ ਟੋਚਨ ਮੁਕਾਬਲੇ ਜਿਹੀ ਕਈ ਤਰ੍ਹਾਂ ਦੀ ਫਜ਼ੂਲ ਖਰਚਾ ਕਰਦੀ ਹੈ, ਉਹਦਾ ਪਰਾਲੀ ਸਾੜਨਾ ਮਨੁੱਖਤਾ ਖਿਲਾਫ ਜੁਰਮ ਹੈ।

ਪਰਾਲੀ ਤੇ ਕਣਕ ਦਾ ਨਾੜ ਸਾੜਨ ਤੋਂ ਬਿਨਾਂ ਖੇਤੀ 'ਚ ਅੰਨ੍ਹੇਵਾਹ ਵਰਤੀਆਂ ਜਾ ਰਹੀਆਂ ਰਸਾਇਣਕ ਖਾਦਾਂ ਵੀ ਹਵਾ ਤੇ ਪਾਣੀ ਨੂੰ ਪ੍ਰਦੂਸ਼ਿਤ ਕਰ ਰਹੀਆਂ ਹਨ। ਇਸ ਪ੍ਰਬੰਧ 'ਚ ਸ਼ਹਿਰਾਂ ਦੀ ਪੇਂਡੂ ਜਾਂ ਖੇਤੀ ਖੇਤਰਾਂ ਤੋਂ ਦੂਰੀ ਹੋਣ ਕਾਰਨ ਖੇਤੀ ਤੋਂ ਪੈਦਾਵਾਰ ਦੇ ਰੂਪ 'ਚ ਲਏ ਪੌਸ਼ਟਿਕ ਤੱਤ, ਆਰਗੈਨਿਕ ਕੂੜੇ ਅਤੇ ਮਨੁੱਖੀ ਮਲ ਦੇ ਰੂਪ 'ਚ ਵਾਪਿਸ ਜ਼ਮੀਨ ਨੂੰ ਨਹੀਂ ਮਿਲ਼ਦੇ। ਇਸ ਥੁੜ੍ਹ ਨੂੰ ਪੂਰਾ ਕਰਨ ਲਈ ਰਸਾਇਣਕ ਖਾਦਾਂ ਵਰਤੀਆਂ ਜਾਂਦੀਆਂ ਹਨ, ਇਸ ਕਾਰਨ ਨਦੀਨ ਅਤੇ ਕੀਟਨਾਸ਼ਕਾਂ ਦੀ ਵਰਤੋਂ ਵਧਦੀ ਹੈ। ਇਹ ਵਾਤਾਵਰਨ ਨੂੰ ਪਲੀਤ ਕਰਨ ਦਾ ਵੱਡਾ ਜ਼ਰੀਆ ਬਣਦਾ ਹੈ।

ਜੰਗਲ ਸਾਡੇ ਲਈ ਉਹ ਸੌਗਾਤ ਹਨ ਜੋ ਸਾਡੀਆਂ ਹੋਰ ਬਹੁਤ ਸਾਰੀਆਂ ਲੋੜਾਂ ਪੂਰੀਆਂ ਕਰਨ ਦੇ ਨਾਲ-ਨਾਲ ਹਵਾ ਨੂੰ ਸ਼ੁੱਧ ਕਰਨ ਦਾ ਵੀ ਕੰਮ ਕਰਦੇ ਹਨ। ਸੱਭਿਅਤਾ ਦੇ ਵਿਕਾਸ ਮਨੁੱਖੀ ਲੋੜਾਂ ਦੀ ਪੂਰਤੀ ਲਈ ਭਾਵੇਂ ਇੱਕ ਹੱਦ ਤੱਕ ਜੰਗਲਾਂ ਦੀ ਕਟਾਈ ਜ਼ਰੂਰੀ ਹੈ। ਇਸ ਕਟਾਈ ਦੀ ਪੂਰਤੀ ਨਵੇਂ ਜੰਗਲ ਲਗਾ ਕੇ ਹੋਣੀ ਚਾਹੀਦੀ ਹੈ ਪਰ ਸਰਮਾਏਦਾਰਾ ਢਾਂਚੇ ਦੀ ਦਿਲਚਸਪੀ ਜੰਗਲਾਂ ਦੀ ਤਬਾਹੀ 'ਚ ਹੈ, ਜੰਗਲ ਉਗਾਉਣ 'ਚ ਨਹੀਂ। ਜੰਗਲਾਂ ਦੀ ਇਹ ਤਬਾਹੀ ਵੀ ਪ੍ਰਦੂਸ਼ਣ ਦਾ ਕਾਰਨ ਬਣ ਰਹੀ ਹੈ।

ਜੰਗਾਂ ਸਰਮਾਏਦਾਰਾ ਸਾਮਰਾਜੀ ਪ੍ਰਬੰਧ 'ਚ ਵਾਤਾਵਰਨ ਨੂੰ ਪਲੀਤ ਕਰਨ ਦਾ ਇੱਕ ਹੋਰ ਵੱਡਾ ਜ਼ਰੀਆ ਹਨ। ਇਸ ਪ੍ਰਬੰਧ 'ਚ ਸਾਮਰਾਜੀ ਗਰੋਹਾਂ 'ਚ ਧਰਤੀ ਦੇ ਮਾਲ ਖਜ਼ਾਨਿਆਂ ਦੀ ਲੁੱਟ ਲਈ ਜੰਗਾਂ ਅਟੱਲ ਹਨ। ਇਸ ਵੇਲੇ ਵੀ ਅਸੀਂ ਯੂਕਰੇਨ ਅਤੇ ਫਲਸਤੀਨ ਵਿੱਚ ਦੋ ਜੰਗਾਂ ਦੇ ਗਵਾਹ ਹਾਂ ਜੋ ਮਨੁੱਖੀ ਲਹੂ ਵਹਾਉਣ ਦੇ ਨਾਲ-ਨਾਲ ਵਾਤਾਵਰਨ ਨੂੰ ਵੀ ਤਬਾਹ ਕਰ ਰਹੀ ਹੈ।

ਇਉਂ ਹਵਾ ਦੇ ਪ੍ਰਦੂਸ਼ਣ ਜਾਂ ਵਾਤਾਵਰਨ ਦੀ ਕੁੱਲ ਤਬਾਹੀ ਲਈ ਸਮੁੱਚਾ ਸਰਮਾਏਦਾਰਾ ਢਾਂਚਾ ਜ਼ਿੰਮੇਵਾਰ ਹੈ। ਇਸ ਦੇ ਲਈ ਪੂਰੀ ਮਨੁੱਖਤਾ ਨਹੀਂ ਸਗੋਂ ਮੁੱਖ ਤੌਰ 'ਤੇ ਸਰਮਾਏਦਾਰ ਜਮਾਤ ਹੀ ਜ਼ਿੰਮੇਵਾਰ ਹੈ। ਲੋਕਾਂ ਦੇ ਸੁਚੇਤ ਹੋਣ ਅਤੇ ਸਰਕਾਰ ਵੱਲੋਂ ਢੁਕਵੇਂ ਕਦਮ ਚੁੱਕਣ ਨਾਲ ਇਸ ਸਮੱਸਿਆ ਉੱਪਰ ਕੁਝ ਹੱਦ ਤੱਕ ਕਾਬੂ ਪਾਇਆ ਜਾ ਸਕਦਾ ਹੈ ਪਰ ਇਹ ਸਮੱਸਿਆ ਮੁਕੰਮਲ ਖਤਮ ਨਹੀਂ ਹੋ ਸਕਦੀ। ਇਸ ਕਰ ਕੇ ਪਰਾਲੀ ਸਾੜਨ ਉੱਪਰ ਪਬੰਦੀ ਲਾਉਣ, ਜ਼ਹਿਰੀਲੀ ਹਵਾ ਤੇ ਪਾਣੀ ਵਾਤਾਵਰਨ ਵਿੱਚ ਛੱਡਣ ਵਾਲੀਆਂ ਸਨਅਤਾਂ ਉੱਪਰ ਕਾਰਵਾਈ ਕਰਨ ਅਤੇ ਆਵਾਜਾਈ ਦੇ ਜਨਤਕ ਸਾਧਨਾਂ ਨੂੰ ਵਧਾਉਣ ਦੀਆਂ ਮੰਗਾਂ ਇਸ ਪ੍ਰਬੰਧ ਵਿੱਚ ਸਾਨੂੰ ਉਭਾਰਨੀਆਂ ਚਾਹੀਦੀਆਂ ਹਨ। ਉਂਝ, ਵਾਤਾਵਰਨ ਬਚਾਉਣ ਦੀ ਲੜਾਈ ਪੂਰਨ ਤੌਰ 'ਤੇ ਸਰਮਾਏਦਾਰਾ ਪ੍ਰਬੰਧ ਦੇ ਖਾਤਮੇ ਨਾਲ ਹੀ ਜਿੱਤੀ ਜਾ ਸਕਦੀ ਹੈ।

# ਜਵਾਨੀ ਖਾ ਚੱਲਿਆ ਪਰਵਾਸ...

ਲੇਖਕ : ਕੁਲਮਿੰਦਰ ਕੌਰ, ਸੰਪਰਕ +91-98156-52272



ਜ਼ਿੰਦਗੀ ਦੇ ਫ਼ੈਸਲੇ ਅਸੀਂ ਖ਼ੁਦ ਕਰਦੇ ਹਾਂ ਪਰ ਕੁਝ ਕੁ ਸਮੇਂ ਦਾ ਚੱਕਰ ਵੀ ਹੁੰਦਾ ਹੈ। ਮੇਰੇ ਪਤੀ ਦੀ ਮੌਤ ਤੋਂ ਦੋ ਮਹੀਨੇ ਬਾਅਦ ਮੇਰੀ ਵੱਡੀ ਦੋਹਤੀ ਦਾ ਵਿਆਹ ਸੀ ਜੋ ਪਹਿਲਾਂ ਹੀ ਮਿਥਿਆ ਸੀ। ਸਾਰਾ ਪਰਿਵਾਰ ਸਿਡਨੀ (ਆਸਟਰੇਲੀਆ) ਤੋਂ ਆਇਆ ਹੋਇਆ ਸੀ। ਚੰਡੀਗੜ੍ਹ ਦੇ ਵੱਡੇ ਰਿਜ਼ੌਰਟ 'ਚ ਦਾਦਕੇ ਪਰਿਵਾਰ ਨੇ ਆਲੀਸ਼ਾਨ ਵਿਆਹ ਕੀਤਾ। ਜ਼ਿਆਦਾ ਸਮਾਂ ਮੇਰੇ ਨਾਲ ਬਿਤਾਇਆ। ਇਨ੍ਹਾਂ ਦੇ ਸਾਥ 'ਚ ਵੀ ਮੇਰੇ ਮਨ ਦਾ ਹੁਲਾਸ ਗਾਇਬ ਸੀ ਜੋ ਇਹ ਵੀ ਕਿਧਰੇ ਭਾਂਪ ਚੁੱਕੇ ਸਨ। ਜਾਂਦੇ ਵਕਤ ਸਾਰਿਆਂ ਨੇ ਕਿਹਾਤੁਸੀਂ ਸਾਡੇ ਨਾਲ ਆਸਟਰੇਲੀਆ ਰਹੋਗੇ, ਤੁਹਾਡੇ ਪੇਪਰ ਭੇਜਾਂਗੇ। ਖ਼ੈਰ, ਇਹ ਫੈਸਲੇ ਮੈਂ ਮੰਨ ਲਿਆ ਤੇ ਅੱਜ ਕੱਲ੍ਹ ਆਪਣੇ ਬੱਚਿਆਂ ਕੋਲ ਸਿਡਨੀ 'ਚ ਹਾਂ ਜੋ ਦੁਨੀਆ ਦੇ ਪੰਜ ਵੱਡੇ ਸ਼ਹਿਰਾਂ ਵਿਚੋਂ ਇੱਕ ਹੈ। ਬਹੁਤ ਮਹਿੰਗਾ ਹੋਣ ਦੇ ਬਾਵਜੂਦ ਅੱਛਾ ਜੀਵਨ ਜਿਊਣ ਦੇ ਮਾਮਲੇ ਵਿਚ ਇਹ ਪੂਰੀ ਦੁਨੀਆ ਦੇ ਉਪਰਲੇ ਸ਼ਹਿਰਾਂ ਵਿਚੋਂ ਗਿਆਰਵੇਂ ਨੰਬਰ 'ਤੇ ਹੈ। ਇੱਥੋਂ ਦੇ ਬੁਨਿਆਦੀ ਢਾਂਚੇ ਅੰਦਰ ਸਫਾਈ ਦੇ ਉੱਚ ਮਾਪਦੰਡ, ਗੁਣਵੱਤਾ ਵਾਲੀ ਸਿੱਖਿਆ ਅਤੇ ਬਿਹਤਰ ਸਿਹਤ ਸਹੂਲਤਾਂ ਨੂੰ ਖਾਸ ਤਰਜੀਹ ਦਿੱਤੀ ਜਾਂਦੀ ਹੈ। ਸਾਡੇ ਦੇਸ਼ ਦੇ ਕਸਬੇ ਅਤੇ ਸ਼ਹਿਰ ਸੰਸਾਰ ਭਰ ਵਿਚ ਸਭ ਤੋਂ ਵੱਧ ਗੰਦਗੀ ਅਤੇ ਪ੍ਰਦੂਸ਼ਣ ਸਹਿਣ ਵਾਲੇ ਸ਼ਹਿਰਾਂ ਵਿਚੋਂ ਇੱਕ ਹਨ। ਇੱਥੇ ਸਰਦੀ ਦੀ ਰੁੱਤ ਹੈ, ਮੇਰਾ ਸਾਹ ਵੀ ਸੌਖਾ ਤੇ ਕੰਨਾਂ ਨੂੰ ਆਵਾਜ਼ ਪ੍ਰਦੂਸ਼ਣ ਤੋਂ ਰਾਹਤ ਵੀ ਮਿਲੀ। ਸਵੇਰੇ ਉੱਠਣ ਵੇਲੇ ਗੁਰਦੁਆਰੇ ਦੇ ਪਾਠ ਤੇ ਮੰਦਰ ਦੀਆਂ ਘੰਟੀਆਂ ਦੀ ਰਲਗੱਡ ਆਵਾਜ਼, ਲੰਘਦੇ ਵਾਹਨਾਂ ਦੇ ਹਾਰਨ ਤੇ ਰੇਹੜੀ ਵਾਲਿਆਂ ਦੇ ਹੋਕੇ ਸੁਣਨ ਨੂੰ ਨਹੀਂ ਮਿਲਦੇ। ਲੱਗਦਾ, ਇਹੀ ਹੈ ਸਹੀ ਮਾਇਨਿਆਂ 'ਚ ਅੰਮ੍ਰਿਤ ਵੇਲਾ। ਮੇਰੀ ਗਲੀ ਦੇ ਕੁੱਤੇ ਤਾਂ ਸਾਰਾ ਦਿਨ ਰਲ ਕੇ ਭੌਂਕਦੇ ਰਹਿੰਦੇ! ਬੜੀ ਦਹਿਸ਼ਤ ਹੈ ਪਰ ਇੱਥੇ ਕੋਈ ਅਵਾਰਾ ਕੁੱਤਾ ਜਾਂ ਪਸ਼ੂ ਨਹੀਂ ਦਿਸੇ। ਪਰਵਾਸੀ ਭਾਈਚਾਰੇ ਨੇ ਵਧੀਆ ਪਰਿਵਾਰਕ ਸਾਂਝਾਂ ਪਾਈਆਂ ਹਨ। ਵਿਦੇਸ਼ੀ ਸਮਾਜ ਦਾ ਹਿੱਸਾ ਬਣ ਕੇ ਇਸ ਦੇਸ਼ ਅਤੇ ਸੂਬੇ ਦੀ ਤਰੱਕੀ ਵਿਚ ਹਿੱਸਾ ਪਾਉਂਦੇ ਹੋਏ ਵੀ ਪੰਜਾਬੀ ਭਾਸ਼ਾ, ਸਭਿਆਚਾਰ ਅਤੇ ਪੰਜਾਬੀਅਤ ਦਾ ਮਾਣ ਵਧਾਉਂਦੇ ਹਨ। ਪੰਜਾਬੀ ਪਾਠਕਾਂ ਦੀ ਖੁਰਾਕ ਇੱਥੇ ਛਪਣ ਵਾਲੇ ਪੰਜਾਬੀ ਅਖਬਾਰ ਪੂਰੀ ਕਰਦੇ ਹਨ। ਕੁਝ ਅਖਬਾਰਾਂ ਦੀਆਂ ਪੁਰਾਣੀਆਂ ਕਾਪੀਆਂ ਸਟੋਰ ਤੋਂ ਮਿਲਣ ਕਰ ਕੇ ਪੜ੍ਹਨ ਲਈ ਕਾਫੀ ਸਮੱਗਰੀ ਹੋ ਗਈ। ਇੱਥੋਂ ਦੀ ਜੰਮਪਲ ਦੂਜੀ ਪੀੜ੍ਹੀ ਆਪਣੇ ਜੀਵਨ ਸਾਥੀ ਖੁਦ ਹੀ ਚੁਣ ਲੈਂਦੀ ਹੈ। ਜਾਤਪਾਤ ਨੂੰ ਇਹ ਬੱਚੇ ਜਾਣਦੇ ਹੀ ਨਹੀਂ। ਮੇਰੀ ਦੋਹਤੀ ਨੇ ਵੀ ਹਿੰਦੂ ਤਬਕੇ ਦੀ ਚੋਣ ਕੀਤੀ। ਇਸੇ ਦੀ ਸਹੇਲੀ ਦਾ ਵਿਆਹ ਇੱਥੇ ਦੇਖਿਆ, ਉਹ ਵੀ ਅੰਤਰ-ਜਾਤੀ ਸੀ। ਕੋਈ ਨਿੰਦ-ਵਿਚਾਰ ਨਹੀਂ ਕਰਦਾ। ਆਪਣੇ ਮੁਲਕ ਵਿਚ ਹੁੰਦੇ ਅਣਖਾਂ ਦੇ ਸਵਾਲ ਯਾਦ ਆਉਂਦੇ ਹਨ। ਇਨ੍ਹਾਂ ਦੇ ਦੋਸਤ ਦੇ ਲੜਕੇ ਦੇ ਵਿਆਹ ਵਿਚ ਮੇਰੀ ਵੀ ਸ਼ਮੂਲੀਅਤ ਰਹੀ। ਵਿਆਹ ਦੀ ਹਰ ਰਸਮ ਨਿਭਾਈ ਗਈ। ਕਈ ਦਿਨ ਵਿਆਹ ਚੱਲਿਆ ਪਰ ਆਪਣੇ ਵਾਂਗ ਕੰਨ ਪਾੜਵੀਂ ਆਵਾਜ਼ ਵਿਚ ਡੀ.ਜੇ. ਨਹੀਂ ਚੱਲਦੇ। ਲੇਡੀਜ਼ ਸੰਗੀਤ ਬਹੁਤ ਆਨੰਦਮਈ ਰਿਹਾ। ਮੁੰਡੇ ਤੇ ਕੁੜੀ ਵਾਲੇ ਇੱਕੋ ਹਾਲ 'ਚ ਇਕੱਠੇ ਹੋਏ। ਹਾਲ ਦੇ ਗੇਟ 'ਤੇ ਚਰਖਾ, ਪੀੜ੍ਹੀ, ਖੂਹ, ਡੋਲ, ਫੁਲਕਾਰੀ, ਮੰਜਾ ਆਦਿ ਰੱਖੇ ਹੋਏ ਸਨ। ਉੱਥੇ ਹਰ ਕੋਈ ਫੋਟੋ ਖਿੱਚਵਾ ਰਹੇ ਸਨ। ਹਾਲ ਅੰਦਰ ਪਹਿਲੀ ਪੀੜ੍ਹੀ ਨੇ ਵਾਰੀ-ਵਾਰੀ ਬੀਤੇ ਵੇਲਿਆਂ ਦੀਆਂ ਤਰਜ਼ਾਂ 'ਤੇ ਘੋੜੀਆਂ ਅਤੇ ਸੁਹਾਗ ਗਾਏ। ਜਾਪਿਆ, ਜਿਵੇਂ ਸੱਤ ਸਮੁੰਦਰੋਂ ਪਾਰ ਪਿੰਡਾਂ ਦੀਆਂ ਜੂਹਾਂ 'ਚ ਪਹੁੰਚ ਗਈਆਂ ਹੋਈਏ। ਬਾਅਦ ਵਿਚ ਗਿੱਧੇ, ਬੋਲੀਆਂ, ਭੰਗੜੇ ਨਾਲ ਧਮਾਲਾਂ ਪਈਆਂ। ਦੂਜੀ ਪੀੜ੍ਹੀ ਨੇ ਪੰਜਾਬੀ ਗਾਣਿਆਂ 'ਤੇ ਨਾਚ ਕੀਤਾ। ਗਾਣਿਆਂ ਰਾਹੀਂ ਸਕਿੱਟ 'ਚ ਦੱਸਿਆ ਕਿ ਕਿਵੇਂ ਇਸ ਜੋੜੀ ਦੀ ਪ੍ਰੇਮ ਕਹਾਣੀ ਵਿਆਹ ਤੱਕ ਪਹੁੰਚੀ। ਮੇਰੀਆਂ ਦੋਵੇਂ ਦੋਹਤੀਆਂ ਮੁੱਖ ਪਾਤਰ ਰਹੀਆਂ। ਜਵਾਨੀ ਦੀ ਮਸਤੀ 'ਚ ਮਗਨ ਮੇਰੀਆਂ ਤਿਤਲੀਆਂ (ਦੋਹਤੀਆਂ) ਵਾਰ-ਵਾਰ ਮੇਰੇ ਕੋਲ ਆ ਕੇ ਪੁੱਛ ਜਾਂਦੀਆਂ, "ਨਾਨੀ ਮੇਰਾ ਆਈਟਮ ਕਿਵੇਂ ਸੀ?" 'ਨਾਈਸ' ਕਹਿ ਕੇ ਮੇਰੀ ਰੂਹ ਰੱਜ ਜਾਂਦੀ। ਇਨ੍ਹੇ ਦੇ ਜਨਮ ਇੱਥੋਂ ਦੇ ਹਨ। ਬਚਪਨ ਇੱਥੇ ਬੀਤਿਆ ਤੇ ਹੁਣ ਜਵਾਨੀ ਦੀ ਮਸਤੀ ਵਿਚ ਹਨ। ਮੇਰੇ ਮਨ ਦੇ ਤੌਖਲੇ ਵੀ ਅੱਜ ਦੂਰ ਹੋਏ ਕਿ ਜੇ ਇਹ ਭਲੇ ਵੇਲਿਆਂ 'ਚ ਪੱਕੇ ਤੌਰ 'ਤੇ ਨਾ ਆਏ ਹੁੰਦੇ ਤਾਂ ਇਨ੍ਹਾਂ ਕੁੜੀਆਂ ਨੇ ਹੁਣ ਵਿਦੇਸ਼ ਉਡਾਰੀ ਭਰਨੀ ਸੀ। ਫਿਰ ਸ਼ਾਇਦ ਬਾਹਰ ਕਿਸੇ ਸਟਾਲ 'ਤੇ ਗੋਲਗੱਪੇ ਵਰਤਾ ਰਹੀਆਂ ਹਰਿਆਣਵੀ ਕੁੜੀਆਂ ਦੀ ਜਗ੍ਹਾ ਇਹ ਖੜ੍ਹੀਆਂ ਹੁੰਦੀਆਂ...। ਮੇਰੀ ਸੁਰਤ ਹਰਿਆਣਵੀ ਕੁੜੀਆਂ ਨਾਲ ਜੁੜ ਗਈ। ਬਾਹਰ ਆ ਕੇ ਉਨ੍ਹਾਂ ਦਾ ਹਾਲ ਪੁੱਛਿਆ ਤਾਂ ਇਕ ਕੁੜੀ ਬੋਲੀ- ਆਂਟੀ! ਤੁਹਾਡੇ ਸਾਹਮਣੇ ਈ ਐ... ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਕਿਵੇਂ ਸਰਕਾਰ ਸਾਥੋਂ ਸਾਡੀ ਜਵਾਨੀ ਖੋਹ ਰਹੀ ਹੈ। ਸਰਕਾਰ ਬੁੱਧੀਵਾਨ ਤੇ ਪ੍ਰਤਿਭਾਸ਼ਾਲੀ ਨੌਜਵਾਨਾਂ ਨੂੰ ਵਿਦੇਸ਼ਾਂ ਦਾ ਰਾਹ ਨਾ ਦਿਖਾਏ। ਉਹ ਆਪਣੀ ਮਿੱਟੀ ਨਾਲ ਜੁੜ ਕੇ ਹੀ ਅੱਗੇ ਵਧਣ ਦੇ ਰਾਹ ਭਾਲਦੇ ਹਨ। ਵਿਕਾਸ ਕਾਰਜਾਂ ਦੀਆਂ ਗੱਲਾਂ ਕਰਨ ਵਾਲੇ ਸਾਡੇ ਨੇਤਾਵਾਂ ਨੂੰ ਸਮਝਣਾ ਪਵੇਗਾ ਕਿ ਹਰ ਮੁਲਕ ਦੇ ਵਿਕਾਸ ਲਈ ਵਿਦਿਆ, ਸਿਹਤ ਤੇ ਰੁਜ਼ਗਾਰ ਮੁੱਖ ਥੰਮ੍ਹ ਹੁੰਦੇ ਹਨ। ਨੌਜਵਾਨ ਪੀੜ੍ਹੀ ਨੂੰ ਸੰਭਾਲਣਾ ਸਰਕਾਰ ਲਈ ਚੁਣੌਤੀ ਹੈ। ਉਹ ਕੁੜੀ ਕਿਸੇ ਵੱਡੇ ਤਬਦੀਲੀ ਦਾ ਸੁਨੇਹਾ ਦੇ ਗਈ।

# ਸਿਹਤ ਸੰਸਾਰ



## ਕਈ ਰੋਗਾਂ ਨੂੰ ਖ਼ਤਮ ਕਰਨ ਦੀ ਤਾਕਤ ਰੱਖਦਾ ਹੈ ਪਾਣੀ

ਲੇਖਕ : ਘਣਸ਼ਿਆਮ ਸਾਹੂ

ਦੁਨੀਆ ਵਿਚ ਅਜਿਹਾ ਕੋਈ ਇਨਸਾਨ ਨਹੀਂ ਹੋਵੇਗਾ, ਜਿਸ ਨੂੰ ਪਾਣੀ ਦੀ ਲੋੜ ਨਾ ਪਈ ਹੋਵੇ। ਸ੍ਰਿਸ਼ਟੀ ਦੇ ਸ਼ੁਰੂ ਤੋਂ ਵਰਤਮਾਨ ਵਿਗਿਆਨਕ ਯੁੱਗ ਤੱਕ ਪਾਣੀ ਦੇ ਸਬੰਧ ਵਿਚ ਨਵੇਂ-ਨਵੇਂ ਤੱਥ ਉਜਾਗਰ ਹੋਏ ਹਨ ਅਤੇ ਇਸ ਦੇ ਵਿਵਿਧ ਗੁਣਾਂ ਤੋਂ ਸਾਰਾ ਸੰਸਾਰ ਜਾਣੂ ਹੋਇਆ ਹੈ।

ਵਾਤਾਵਰਨ ਨੂੰ ਪ੍ਰਾਣਵਾਨ ਬਣਾਈ ਰੱਖਣ ਲਈ ਗਰਮੀ ਵਿਚ ਨਦੀ ਅਤੇ ਸਾਗਰਾਂ ਦਾ ਪਾਣੀ ਵਾਸ਼ਪੀਕ੍ਰਿਤ ਹੋ ਕੇ ਬੱਦਲ ਬਣ ਕੇ ਦੁਬਾਰਾ ਵਰ੍ਹਦਾ ਹੈ। ਸਰਦੀ ਵਿਚ ਸਰੋਤ ਦਾ ਪਾਣੀ ਗਰਮ-ਗਰਮ ਨਿਕਲਣ ਲਗਦਾ ਹੈ। ਜਿਥੇ ਵਰਖਾ ਨਹੀਂ ਹੁੰਦੀ, ਉਥੇ ਤਾਂ ਬਰਫ਼ ਪੈਂਦੀ ਹੈ ਅਤੇ ਹੋਰ ਮਾਧਿਅਮ ਨਾਲ ਜਲ-ਧਾਰਾ ਪਹੁੰਚ ਜਾਂਦੀ ਹੈ। ਇਸ ਤਰ੍ਹਾਂ ਸੰਤੁਲਨ ਬਣਿਆ ਰਹਿੰਦਾ ਹੈ।

ਪਾਣੀ ਦੀ ਮਹੱਤਤਾ ਅਤੇ ਉਪਯੋਗਤਾ ਜਾਣ ਲੈਣ ਤੋਂ ਬਾਅਦ ਜ਼ਰੂਰੀ ਹੈ ਕਿ ਅਸੀਂ ਇਹ ਜਾਣ ਲਈਏ ਕਿ ਪਾਣੀ ਦੀ ਕਿਸ-ਕਿਸ ਤਰ੍ਹਾਂ ਵਰਤੋਂ ਕਰੀਏ ਤਾਂ ਕਿ ਜੀਵਨ ਖੁਸ਼ਹਾਲ ਰਹੇ। ਪਾਣੀ ਦੇ ਮੁੱਖ ਤਿੰਨ ਉਪਯੋਗ ਅਸੀਂ ਸਾਰੇ ਜਾਣਦੇ ਹਾਂ। ਪਹਿਲਾ-ਪੀਣ ਲਈ, ਦੂਜਾ ਨਹਾਉਣ-ਧੋਣ ਲਈ ਅਤੇ ਤੀਜਾ ਸਿੰਚਾਈ ਅਤੇ ਬਿਜਲੀ ਬਣਾਉਣ ਲਈ। ਪਰ ਬਹੁਤ ਘੱਟ ਲੋਕ ਜਾਣਦੇ ਹਨ ਕਿ ਪਾਣੀ ਵਿਚ ਦਵਾਈ ਦੇ ਵੀ ਗੁਣ ਹਨ। ਆਯੁਰਵੈਦ ਵਿਚ ਪਾਣੀ ਨੂੰ 'ਸਰਵਵਿਆਧਿਹਰ' (ਸਭ ਬਿਮਾਰੀਆਂ ਨੂੰ ਖ਼ਤਮ ਕਰਨ ਵਾਲਾ) ਦੇ ਨਾਂਅ ਨਾਲ ਵਰਨਣ ਕੀਤਾ ਗਿਆ ਹੈ।

ਸਰੀਰ ਵਿਚ ਲਗਪਗ 80 ਫੀਸਦੀ ਭਾਗ ਪਾਣੀ ਹੁੰਦਾ ਹੈ। ਪਾਣੀ ਜਿਸ ਪਦਾਰਥ ਦੇ ਨਾਲ ਮਿਲਾਇਆ ਜਾਵੇ, ਉਸ ਦੀ ਗਰਮੀ ਜਾਂ ਠੰਡਕ ਨੂੰ ਤੇਜ਼ੀ ਨਾਲ ਗ੍ਰਹਿਣ ਕਰਕੇ ਤੀਬਰਤਾ ਨਾਲ ਊਸ਼ਮਾ ਜਾਂ ਸ਼ੀਤਲਤਾ ਦਿੰਦਾ ਹੈ। ਕਿਉਂਕਿ ਇਹ ਤਰਲ ਹੈ ਅਤੇ ਇਸ ਵਿਚ ਘੁਲਣ ਸ਼ਕਤੀ ਹੈ, ਇਸ ਕਰਕੇ ਇਹ ਅਸਾਨੀ ਨਾਲ ਇਲਾਜ ਪ੍ਰਣਾਲੀ ਵਿਚ ਕੰਮ ਆ ਜਾਂਦਾ ਹੈ।

ਪਾਣੀ ਸਾਡੇ ਭੋਜਨ ਦਾ ਅੰਗ ਹੈ। ਰੋਟੀ ਦਾ ਬਦਲ ਚੌਲ ਜਾਂ ਸ਼ਾਕ ਹੋ ਸਕਦਾ ਹੈ ਪਰ ਪਾਣੀ ਦਾ ਕੋਈ ਬਦਲ ਨਹੀਂ। ਇਸ਼ਨਾਨ ਦੇ ਰੂਪ ਵਿਚ ਵੀ ਇਹ ਸਰੀਰ ਨੂੰ ਤੰਦਰੁਸਤ ਰੱਖਦਾ ਹੈ ਅਤੇ ਸੰਤੁਲਨ ਬਣਾਈ ਰੱਖਦਾ ਹੈ। ਮੂਤਰ ਅਤੇ ਪਸੀਨੇ ਦੇ ਰੂਪ ਵਿਚ ਇਹ ਸਰੀਰ ਦੀਆਂ ਜ਼ਹਿਰਾਂ ਨੂੰ ਬਾਹਰ ਕੱਢਣ ਵਿਚ ਮਦਦ ਕਰਦਾ ਹੈ।

ਪਾਣੀ ਦਾ ਪੂਰਾ ਲਾਭ ਲੈਣ ਲਈ ਹੇਠ ਲਿਖੀਆਂ ਗੱਲਾਂ ਦਾ ਖਿਆਲ ਰੱਖਣਾ ਚਾਹੀਦਾ ਹੈ-

* ਪਾਣੀ ਸ਼ੁੱਧ ਹੋਵੇ। ਪੀਣ ਵਾਲਾ ਪਾਣੀ ਪੁਣ ਕੇ, ਕਲੋਰੀਨ ਗੋਲੀ ਨਾਲ ਸ਼ੁੱਧ ਕਰਕੇ ਪੀਓ। ਜੇ ਉਬਾਲ ਕੇ ਪੀ ਸਕੋ ਤਾਂ ਬਹੁਤ ਵਧੀਆ।
* ਭੋਜਨ ਤੋਂ ਪਹਿਲਾਂ ਅਤੇ ਤੁਰੰਤ ਬਾਅਦ ਪਾਣੀ ਨਾ ਪੀਓ। ਇਕ ਵਾਰ ਵਿਚ ਜ਼ਿਆਦਾ ਪਾਣੀ ਨਾ ਪੀਓ, ਸਗੋਂ ਥੋੜ੍ਹਾ-ਥੋੜ੍ਹਾ ਕਰਕੇ ਵਾਰ-ਵਾਰ ਪੀਓ। ਬਿਹਤਰ ਹੋਵੇਗਾ ਜੇ ਮੂੰਹ ਦੀ ਲਾਰ ਨੂੰ ਪਾਣੀ ਦੇ ਨਾਲ ਘੁਲਾ-ਮਿਲਾ ਕੇ ਪੇਟ ਵਿਚ ਪਹੁੰਚਣ ਦਿਓ।
* ਨਹਾਉਂਦੇ ਸਮੇਂ ਸ਼ੁਰੂਆਤ ਪੈਰਾਂ ਤੋਂ ਨਾ ਕਰੋ, ਕਿਉਂਕਿ ਇਸ ਨਾਲ ਸਰੀਰ ਦੀ ਗਰਮੀ ਅੱਖਾਂ ਅਤੇ ਦਿਮਾਗ ਵਿਚ ਚਲੀ ਜਾਂਦੀ ਹੈ। ਵੈਦਿਕ ਪੱਦਤੀ ਨਾਲ ਸਭ ਤੋਂ ਪਹਿਲਾਂ ਸਿਰ ਵਿਚ ਪਾਣੀ ਪਾ ਕੇ ਨਹਾਉਣਾ ਲਾਭਦਾਇਕ ਹੈ।
* ਭੋਜਨ ਬਣਾਉਂਦੇ ਸਮੇਂ ਵੀ ਉਪਯੁਕਤ ਪਾਣੀ ਦੀ ਲੋੜੀਂਦੀ ਮਾਤਰਾ ਦਾ ਧਿਆਨ ਰੱਖੋ।
* ਜਲ ਚਿਕਿਤਸਾ ਇਕ ਬਹੁਤ ਲਾਭਦਾਇਕ ਵਿੱਦਿਆ ਹੈ। ਕਿਸੇ ਯੋਗ ਗੁਰੂ ਕੋਲੋਂ ਉਪਯੋਗ ਵਿਧੀ ਸਿੱਖੋ ਅਤੇ ਲਾਭ ਉਠਾਓ।
* ਬਦਹਜ਼ਮੀ ਦੀ ਹਾਲਤ ਵਿਚ ਪਾਣੀ ਵਾਰ-ਵਾਰ ਪੀਓ। ਭੋਜਨ ਵਿਚ ਵਿਰਾਮ ਲਗਾ ਦਿਓ।
* ਟੱਬ ਇਸ਼ਨਾਨ ਲਈ ਕਿਸੇ ਵੱਡੇ ਪਾਤਰ ਜਾਂ ਟੈਂਕੀ ਵਿਚ ਕੋਸਾ ਪਾਣੀ ਲੈ ਕੇ ਉਸ ਵਿਚ ਸਰੀਰ ਦਾ ਅੱਧਾ ਭਾਗ ਡੁਬੋਵੋ। ਇਸ ਨਾਲ ਖੂਨ ਪ੍ਰਵਾਹ ਤੀਵਰ ਅਤੇ ਸੰਤੁਲਤ ਹੋਵੇਗਾ।
* ਗਰਮੀਆਂ ਵਿਚ ਠੰਢੇ ਪਾਣੀ ਨਾਲ ਦੋ-ਤਿੰਨ ਵਾਰ ਅਤੇ ਸਰਦੀਆਂ ਵਿਚ ਗਰਮ ਪਾਣੀ ਨਾਲ ਨਹਾਓ।
* ਸੌਣ ਸਮੇਂ ਹੱਥ-ਪੈਰ ਅਤੇ ਸਿਰ ਧੋਵੋ। ਤੁਹਾਨੂੰ ਚੰਗੀ ਨੀਂਦ ਆਵੇਗੀ।
* ਸਵੇਰ ਵੇਲੇ ਬੇਹਾ ਪਾਣੀ ਪੀਣਾ ਫਾਇਦੇਮੰਦ ਹੈ। ਇਸ ਤਰ੍ਹਾਂ ਪਾਣੀ ਦੀ ਸਹੀ ਵਰਤੋਂ ਕਰਕੇ ਤੰਦਰੁਸਤ ਅਤੇ ਸੁਖੀ ਰਹਿ ਸਕਦੇ ਹਾਂ। ਯਾਦ ਰੱਖੋ ਕਿ ਪਾਣੀ ਨੂੰ ਵਿਅਰਥ ਗਵਾਉਣਾ ਨਾ ਤਾਂ ਚੰਗੀ ਆਦਤ ਹੈ ਅਤੇ ਨਾ ਹੀ ਸਮਝਦਾਰੀ। ਪਾਣੀ ਦੀ ਓਨੀ ਹੀ ਵਰਤੋਂ ਕਰੋ, ਜਿੰਨੀ ਲੋੜ ਹੈ। ਪਾਣੀ ਦੀ

## ਕੰਮ ਦੇ ਨਾਲ ਰਹੋ ਚੁਸਤ-ਦਰੁਸਤ

ਲੇਖਕ : ਨੀਤੂ ਗੁਪਤਾ

- ਕੰਮ ਕਰਦੇ ਸਮੇਂ ਆਪਣੇ ਮੇਜ਼ ਜਾਂ ਡੈਸਕ ਨੂੰ ਦਰਵਾਜ਼ੇ ਦੇ ਸਾਹਮਣੇ ਰੱਖੋ।
- ਰੌਸ਼ਨੀ ਅਤੇ ਹਵਾ ਦੀ ਵਿਵਸਥਾ ਠੀਕ ਹੋਣੀ ਚਾਹੀਦੀ ਹੈ। ਉਚਿਤ ਰੌਸ਼ਨੀ ਕੰਮ ਕਰਨ ਲਈ ਬਹੁਤ ਜ਼ਰੂਰੀ ਹੁੰਦੀ ਹੈ।
- ਕੰਮ ਕਰਦੇ ਸਮੇਂ ਜਿਸ ਮੇਜ਼, ਕੁਰਸੀ ਦੀ ਵਰਤੋਂ ਕਰੋ, ਉਸ ਕੁਰਸੀ 'ਤੇ ਕਮਰ ਨੂੰ ਸਿੱਧਾ ਰੱਖ ਕੇ ਕੁਰਸੀ ਨਾਲ ਕਮਰ ਲਗਾ ਕੇ ਬੈਠੋ।
- ਪੈਰਾਂ ਨੂੰ ਮੇਜ਼ ਦੇ ਹੇਠਾਂ ਸਿੱਧੇ ਰੱਖੋ। ਇਕ ਪੈਰ 'ਤੇ ਦੂਜਾ ਪੈਰ ਨਾ ਰੱਖੋ, ਲੱਤਾਂ ਨੂੰ ਟੇਢਾ-ਮੇਢਾ ਅਤੇ ਮੋੜ ਕੇ ਕੁਰਸੀ 'ਤੇ ਨਾ ਰੱਖੋ।
- ਗਰਦਨ ਨੂੰ ਝਟਕੇ ਨਾਲ ਨਾ ਘੁਮਾਓ।
- ਹੇਠਾਂ ਝੁਕਦੇ ਸਮੇਂ ਝਟਕੇ ਨਾਲ ਹੇਠਾਂ ਝੁਕ ਕੇ ਸਾਮਾਨ ਨਾ ਚੁੱਕੋ।
- ਕੰਮ ਕਰਦੇ ਸਮੇਂ ਜ਼ਰੂਰੀ ਸਾਮਾਨ ਨਾਲ ਲੈ ਕੇ ਬੈਠੋ, ਜਿਵੇਂ ਫਾਈਲਾਂ, ਟ੍ਰੇਅ, ਪੈੱਨ, ਡਾਇਰੀ, ਪਿੰਨ, ਪੈਨਸਿਲ ਆਦਿ।
- ਲਗਾਤਾਰ ਪੜ੍ਹਦੇ-ਲਿਖਦੇ ਸਮੇਂ ਕੁਝ ਸਮੇਂ ਬਾਅਦ ਥੋੜ੍ਹਾ ਆਰਾਮ ਕਰ ਲਓ। ਹੱਥ, ਪੈਰ ਢਿੱਲੇ ਛੱਡ ਕੇ ਅੱਖਾਂ ਬੰਦ ਕਰ ਲਓ।
- ਜੇ ਪੜ੍ਹਦੇ ਸਮੇਂ ਚਸ਼ਮਾ ਲੱਗਾ ਹੋਵੇ ਤਾਂ ਚਸ਼ਮੇ ਦੀ ਵਰਤੋਂ ਜ਼ਰੂਰ ਕਰੋ, ਨਹੀਂ ਤਾਂ ਅੱਖਾਂ ਹੋਰ ਕਮਜ਼ੋਰ ਹੁੰਦੀਆਂ ਜਾਣਗੀਆਂ।
- ਕਿਸੇ ਸਾਮਾਨ ਦੀ ਲੋੜ ਪੈਣ 'ਤੇ ਵਿਚ-ਵਿਚ ਉੱਠ ਕੇ ਸਾਮਾਨ ਲੈ ਲਓ। ਇਸ ਨਾਲ ਆਰਾਮ ਵੀ ਮਿਲੇਗਾ ਅਤੇ ਸਰੀਰ ਨੂੰ ਇਕ ਮੁਦਰਾ ਤੋਂ ਛੁਟਕਾਰਾ ਵੀ।
- ਆਪਣੇ ਮਿਲਣ-ਜੁਲਣ ਵਾਲੇ ਲੋਕਾਂ ਲਈ ਬੈਠਣ ਦੀ ਉਚਿਤ ਵਿਵਸਥਾ ਜ਼ਰੂਰ ਕਰੋ।
- ਕੁਰਸੀ 'ਤੇ ਜਦੋਂ ਵੀ ਕੰਮ ਕਰਨ ਲਈ ਬੈਠੋ, ਆਪਣੇ

## ਆਪਣੇ ਪੇਟ ਕਿਵੇਂ ਘਟਾਈਏ



ਪੇਟ ਦਾ ਵਧਣਾ ਸ਼ਖ਼ਸੀਅਤ ਅਤੇ ਸਿਹਤ ਦੋਵਾਂ ਲਈ ਹੀ ਉਲਟ ਮੰਨਿਆ ਜਾਂਦਾ ਹੈ। ਪੇਟ ਦੇ ਵਧਣ ਦਾ ਭਾਵ ਹੈ ਕਿ ਕਿਤੇ ਨਾ ਕਿਤੇ ਸਿਹਤ ਅੰਸਤੁਲਿਤ ਜ਼ਰੂਰ ਹੈ। ਪੇਟ ਨਿਕਲਣ ਦੀ ਸਮੱਸਿਆ ਨਾ ਸਿਰਫ਼ ਮਰਦਾਂ ਦੀ ਹੀ ਹੈ ਬਲਕਿ ਇਹ ਸਮੱਸਿਆ ਔਰਤਾਂ ਵਿਚ ਵੀ ਪੈਦਾ ਹੁੰਦੀ ਹੈ। ਕੁਝ ਵਿਅਕਤੀ ਵਧੇ ਹੋਏ ਪੇਟ ਨੂੰ ਸਿਹਤ ਅਤੇ ਸੀਰਤ, ਦੋਵਾਂ ਲਈ ਹੀ ਹਾਨੀਕਾਰਕ ਮੰਨਦੇ ਹਨ।

ਪੇਟ ਨਿਕਲਣ ਦੇ ਬਾਅਦ ਕੁਝ ਵਿਅਕਤੀ ਉਸ ਨੂੰ ਘਟਾਉਣ ਦੀਆਂ ਅਨੇਕਾਂ ਕੋਸ਼ਿਸ਼ਾਂ ਕਰਦੇ ਹਨ ਪਰ ਨਿਰਾਸ਼ਾ ਹੀ ਹੱਥ ਲਗਦੀ ਹੈ। ਸਖ਼ਤ ਮਿਹਨਤ ਅਤੇ ਹੌਸਲੇ ਦੇ ਨਾਲ ਕੀਤੇ ਜਾਣ ਵਾਲੇ ਯਤਨ ਸਾਰਥਕ ਸਿੱਧ ਹੁੰਦੇ ਹਨ। ਪੇਟ ਦੀ ਚਰਬੀ, ਜਿਸ ਨੂੰ ਕਦੀ-ਕਦੀ 'ਸੇਬਤੁਲਿਆ ਵਸਾ' ਵੀ ਕਿਹਾ ਜਾਂਦਾ ਹੈ, ਦਾ ਸਬੰਧ ਦਿਲ ਦੇ ਦੌਰੇ ਨਾਲ ਵੀ ਹੁੰਦਾ ਹੈ। ਇਸ ਨਾਲ ਕੁਝ ਤਰ੍ਹਾਂ ਦੇ ਕੈਂਸਰਾਂ ਦੇ ਹੋਣ ਦਾ ਖ਼ਤਰਾ ਵੀ ਵਧ ਜਾਂਦਾ ਹੈ।

ਜਦੋਂ ਕਦੀ ਵੀ ਅਸੀਂ ਆਪਣੇ ਮੋਟਾਪੇ ਨੂੰ ਘਟਾਉਣ ਦਾ ਨਿਰਣਾ ਲੈਂਦੇ ਹਾਂ ਤਾਂ ਇਸ ਵਿਚੋਂ ਜ਼ਿਆਦਾਤਰ ਲੋਕ ਵੱਡੀਆਂ-ਵੱਡੀਆਂ ਪ੍ਰਤਿੱਗਿਆਵਾਂ ਕਰ ਬੈਠਦੇ ਹਨ, ਜਿਵੇਂ—'ਮੈਂ ਚਰਬੀ ਯੁਕਤ ਭੋਜਨ ਕੁਝ ਵੀ ਨਹੀਂ ਖਾਵਾਂਗਾ ਜਾਂ ਮੈਂ ਹਰ ਰੋਜ਼ ਨਿਯਮਤ ਰੂਪ ਨਾਲ ਕਸਰਤ ਕਰਾਂਗਾ ਆਦਿ' ਪਰ ਸੱਚ ਇਹ ਹੈ ਕਿ ਜਿੱਤ ਹਾਸਲ ਕਰਨ ਵਾਲੇ ਹਮੇਸ਼ਾ ਛੋਟੀਆਂ ਉਪਲਬਧੀਆਂ ਦੇ ਸਹਾਰੇ ਹੀ ਆਪਣੇ ਟੀਚੇ ਤੱਕ ਪਹੁੰਚ ਜਾਂਦੇ ਹਨ। ਇਸ ਤਰ੍ਹਾਂ ਦੇ ਲੋਕ ਕਸਰਤ ਦੀ ਸ਼ੁਰੂਆਤ ਸਵੇਰੇ-ਰਾਤ ਦੇ ਭੋਜਨ ਦੇ ਬਾਅਦ ਆਪਣੇ ਮੁਹੱਲੇ ਦਾ ਪੈਦਲ ਚੱਕਰ ਲਗਾਉਣ ਨਾਲ ਕਰਦੇ ਹਨ।

ਮੋਟਾਪਾ ਘੱਟ ਕਰਨ ਲਈ ਇਕ ਮਹੱਤਵਪੂਰਨ ਬਦਲਾਅ ਇਹ ਵੀ ਕਰੋ ਕਿ ਟੀ. ਵੀ. ਘੱਟ ਦੇਖੋ। ਜਦੋਂ ਤੁਸੀਂ ਟੈਲੀਵਿਜ਼ਨ ਦੇ ਸਾਹਮਣੇ ਬੇਫ਼ਿਕਰ ਹੋ ਕੇ ਬੈਠੇ ਰਹਿੰਦੇ ਹੋ ਤਾਂ ਤੁਹਾਡੀ ਪਾਚਣ ਕਿਰਿਆ ਦੀ ਦਰ ਘਟ ਜਾਂਦੀ ਹੈ।

ਹਮੇਸ਼ਾ ਇਹ ਵੀ ਦੇਖਣ ਵਿਚ ਆਉਂਦਾ ਹੈ ਕਿ ਜਿਹੜੇ ਲੋਕ ਜੰਮ ਕੇ ਖਾਂਦੇ ਹਨ, ਉਹ ਵੀ ਮੋਟੇ ਨਹੀਂ ਹੁੰਦੇ। ਦੂਜੇ ਪਾਸੇ ਘੱਟ ਖਾਣ ਜਾਂ ਵਰਤ ਕਰਦੇ ਰਹਿਣ ਦੇ ਬਾਅਦ ਵੀ ਮੋਟਾਪਾ ਆ ਜਾਂਦਾ ਹੈ। ਇਸ ਤੋਂ ਇਹੀ ਸਿੱਧ ਹੁੰਦਾ ਹੈ ਕਿ ਖਾਣ-ਪੀਣ ਦੇ ਨਾਲ ਮੋਟਾਪੇ ਦਾ ਕੋਈ ਸਬੰਧ ਨਹੀਂ ਹੈ। ਇਹ ਤਾਂ ਸਰੀਰ ਦੀ ਪ੍ਰਕਿਰਤੀ ਅਤੇ ਸੁਭਾਅ ਤੋਂ ਹੀ ਆਉਂਦਾ ਹੈ। 'ਪਰਫੈਕਟ ਫਿੱਗਰ' ਦੇ ਚੱਕਰ ਵਿਚ ਇਸ ਤਰ੍ਹਾਂ ਦੀ ਕੋਈ ਗ਼ਲਤ ਹਰਕਤ ਨਾ ਕਰੋ ਜੋ ਸਰੀਰ ਨੂੰ ਨਕਾਰਾ ਬਣਾ ਦੇਣ ਵਾਲੀ ਸਿੱਧ ਹੋਵੇ।

ਲੋਕਾਂ ਦਾ ਮੰਨਣਾ ਹੈ ਕਿ ਅੰਗੂਰ ਅਤੇ ਟਮਾਟਰ ਚਰਬੀ ਸਾੜਨ ਵਾਲੇ ਹੁੰਦੇ ਹਨ ਜੋ ਕੇਵਲ ਇਕ ਕਲਪਨਾ ਹੀ ਹੈ। ਸ਼ੂਗਰ ਦੇ ਹਾਜ਼ਮੇ ਲਈ ਵਾਧੂ ਕੈਲੋਰੀ ਦੀ ਜ਼ਰੂਰਤ ਹੁੰਦੀ ਹੈ। ਇਸ ਦਾ ਸਿੱਧਾ ਭਾਵ ਹੈ ਕਿ ਹਰੇਕ 100 ਕੈਲੋਰੀ ਖਾਣ 'ਤੇ ਉਸ ਵਿਚੋਂ ਸਿਰਫ਼ 10 ਕੈਲੋਰੀਆਂ ਹੀ ਨਸ਼ਟ ਹੁੰਦੀਆਂ ਹਨ। ਇਸ ਤਰ੍ਹਾਂ ਦੀ ਹਾਲਤ ਵਿਚ ਚਰਬੀ ਤੋਂ ਛੁਟਕਾਰਾ ਪਾਉਣ ਲਈ ਆਪਣੀ ਊਰਜਾ ਨੂੰ ਸਾੜਨ ਦੀ ਜ਼ਰੂਰਤ ਹੁੰਦੀ ਹੈ।

ਇਕ ਸਾਲ ਵਿਚ 30 ਪੌਂਡ ਤੱਕ ਵਜ਼ਨ ਘਟਾ ਲੈਣ ਲਈ ਹਰ ਰੋਜ਼ ਖਾਧੀ ਜਾਣ ਵਾਲੀ ਕੈਲੋਰੀ ਦੀ ਤੁਲਨਾ ਵਿਚ 300 ਕੈਲੋਰੀ ਜ਼ਿਆਦਾ ਸਾੜਨੀ ਹੁੰਦੀ ਹੈ। ਇਸ ਲਈ ਹੌਲੀ ਚਾਲ ਨਾਲ ਦੌੜ ਲਗਾਉਣ ਜਾਂ ਹੋਰ ਕਸਰਤ ਕਰਨਾ ਜ਼ਰੂਰੀ ਹੁੰਦਾ ਹੈ। ਸਾਈਕਲ ਚਲਾਉਣਾ ਜਾਂ ਤੈਰਨ ਵਰਗੀਆਂ ਕਸਰਤਾਂ ਨਾਲ ਚਰਬੀ ਜ਼ਿਆਦਾ ਤੇਜ਼ੀ ਨਾਲ ਸੜਦੀ ਹੈ ਪਰ ਮਾਸਪੇਸ਼ੀਆਂ ਨੂੰ ਮਜ਼ਬੂਤ ਬਣਾਉਣ ਵਾਲੀਆਂ ਭਾਰਤੋਲਕ ਵਰਗੀਆਂ ਕਸਰਤਾਂ ਪਾਚਨ ਭੱਠੀ ਨੂੰ ਭੜਕਾ ਦਿੰਦੀਆਂ ਹਨ।

ਪੇਟ ਨੂੰ ਮੋੜਨ ਵਾਲੇ ਜਾਂ ਉੱਠਣ-ਲੰਮੇ ਪੈਣ ਵਾਲੀਆਂ ਕਸਰਤਾਂ ਕਮਰ ਦੀ ਚਰਬੀ ਨੂੰ ਘਟਾਉਣ ਵਿਚ ਮਦਦ ਕਰਦੀਆਂ ਹਨ। ਚਿਕਨਾਈ ਘੱਟ ਕਰਕੇ ਵਜ਼ਨ ਘਟਾਉਣ ਵਿਚ ਕੁਝ ਸਮਾਂ ਲੱਗ ਸਕਦਾ ਹੈ। ਖੋਜਕਰਤਾਵਾਂ ਦਾ ਅਨੁਮਾਨ ਹੈ ਕਿ ਇਸ ਤਰ੍ਹਾਂ ਕਰਕੇ ਇਕ ਮਹੀਨੇ ਵਿਚ ਸਿਰਫ ਇਕ ਜਾਂ ਦੋ ਪੌਂਡ ਵਜ਼ਨ ਘਟਾਇਆ ਜਾ ਸਕਦਾ ਹੈ। ਨਾਲ ਹੀ ਇਹ ਸੰਭਾਵਨਾ ਵੀ ਰਹਿੰਦੀ ਹੈ ਕਿ ਘਟਿਆ ਹੋਇਆ ਵਜ਼ਨ ਆਸਾਨੀ ਨਾਲ ਦੁਬਾਰਾ ਵੀ ਵਧ ਸਕਦਾ ਹੈ। ਕੁਝ ਮਾਹਰਾਂ ਦਾ ਇਹ ਵੀ ਮੰਨਣਾ ਹੈ ਕਿ ਪੇਟ ਜਿਵੇਂ-ਜਿਵੇਂ ਵਧਦਾ ਹੈ, ਹੋ ਸਕਦਾ ਹੈ ਉਂਜ-ਉਂਜ ਚਿਕਨਾਈਦਾਰ ਭੋਜਨ ਖਾਣ ਦਾ ਜ਼ਾਇਕਾ ਵੀ ਖ਼ਤਮ ਹੁੰਦਾ ਚਲਾ ਜਾਵੇ।

## ਤੰਦਰੁਸਤੀ ਲਈ ਸ਼ਾਕਾਹਾਰ ਅਪਣਾਓ

ਲੇਖਕ : ਅਨੋਖੀ ਲਾਲ ਕੋਠਾਰੀ

ਇਹ ਬਿਲਕੁਲ ਸੱਚ ਹੈ, ਇਸ ਵਿਚ ਕੋਈ ਸ਼ੱਕ ਨਹੀਂ ਹੋ ਸਕਦਾ ਕਿ ਕੁਦਰਤੀ ਆਹਾਰ ਸ਼ਾਕਾਹਾਰ ਹੀ ਹੈ। ਵਰਤਮਾਨ ਸੰਦਰਭ ਵਿਚ ਹੀ ਨਹੀਂ, ਸਗੋਂ ਇਤਿਹਾਸਕ ਸਮੇਂ ਜਾਂ ਮਨੁੱਖੀ ਸੱਭਿਅਤਾ ਦੇ ਆਰੰਭ ਤੋਂ ਹੀ ਇਸ ਪਾਸੇ ਧਿਆਨ ਦਈਏ ਤਾਂ ਪਤਾ ਲਗਦਾ ਹੈ ਕਿ ਸ਼ਾਕਾਹਾਰੀ ਸ਼ੁੱਧ ਸਾਤਵਿਕ ਅਤੇ ਕੁਦਰਤੀ ਵਧੀਆ ਕਿਸਮ ਦਾ ਆਹਾਰ ਹੈ। ਵਿਗਿਆਨੀਆਂ ਨੇ ਇਹ ਸਿੱਧ ਕੀਤਾ ਹੈ ਕਿ ਸ਼ਾਕਾਹਾਰੀ ਭੋਜਨ ਵਿਚ ਭੋਜਨ ਤੰਤੂ ਜ਼ਿਆਦਾ ਪਾਏ ਜਾਂਦੇ ਹਨ। ਵਿਗਿਆਨੀਆਂ ਦਾ ਕਹਿਣਾ ਹੈ ਕਿ ਅੰਤੜੀਆਂ ਦੇ ਕੈਂਸਰ ਦਾ ਇਕ ਪ੍ਰਮੁੱਖ ਕਾਰਨ ਮਾਸਾਹਾਰ ਹੈ। ਜੇ ਸ਼ਾਕਾਹਾਰੀ ਭੋਜਨ ਕੀਤਾ ਜਾਵੇ ਤਾਂ ਕਬਜ਼, ਕੋਲੈਸਟ੍ਰੋਲ ਅਤੇ ਹਰਨੀਆਂ ਦੀ ਬਿਮਾਰੀ ਨਹੀਂ ਹੁੰਦੀ। ਬਵਾਸੀਰ ਦੀ ਬਿਮਾਰੀ ਵੀ ਭੋਜਨ ਤੰਤੂਆਂ ਦੀ ਪ੍ਰਚੁਰਤਾ ਨਾਲ ਨਹੀਂ ਹੁੰਦੀ। ਇਸ ਭੋਜਨ ਨਾਲ ਸਰੀਰ ਦੀ ਲੋੜ ਹੀ ਪੂਰੀ ਨਹੀਂ ਹੁੰਦੀ, ਸਗੋਂ ਮਨੁੱਖ ਦਾ ਤਨ ਸਿਹਤਮੰਦ, ਰਿਸ਼ਟ-ਪੁਸ਼ਟ ਅਤੇ ਤੰਦਰੁਸਤ ਹੁੰਦਾ ਹੈ। ਮਾਨਸਿਕ ਤੌਰ 'ਤੇ ਉਸ ਦੀ ਬੁੱਧੀ ਦਾ ਸਮੁੱਚਾ ਵਿਕਾਸ ਵੀ ਚੰਗੀ ਤਰ੍ਹਾਂ ਹੁੰਦਾ ਹੈ। ਕੁਦਰਤੀ ਆਹਾਰ ਨਾਲ ਸਿਰਫ ਮਨੁੱਖ ਨੂੰ ਹੀ ਲਾਭ ਨਹੀਂ ਹੁੰਦਾ, ਸਗੋਂ ਦੂਜੇ ਪ੍ਰਾਣੀ ਜਿਵੇਂ ਸ਼ਾਕਾਹਾਰ ਭੋਜਨ ਲੈਣ ਵਾਲੇ ਜਾਨਵਰਾਂ ਦਾ ਵੀ ਅਧਿਐਨ ਕਰੀਏ ਤਾਂ ਇਹ ਪਤਾ ਲਗਦਾ ਹੈ ਕਿ ਵਾਧੂ ਸ਼ਕਤੀ ਦਾ ਕਾਰਨ ਕੁਦਰਤੀ ਵਣ-ਉਪਜ ਅਤੇ ਸ਼ਾਕਾਹਾਰ ਹਨ। ਉਦਾਹਰਨ ਦੇ ਤੌਰ 'ਤੇ ਕਈ ਪੂਰਨ ਸ਼ਾਕਾਹਾਰੀ ਜੰਗਲੀ ਪਸ਼ੂ ਹਨ। ਸਾਡੇ ਦੇਸ਼ ਭਾਰਤ ਵਿਚ ਤਾਂ ਇਨ੍ਹਾਂ ਦੀ ਲੋੜ ਹੈ ਹੀ ਪਰ ਹੋਰ ਦੇਸ਼ਾਂ ਵਿਚ ਖਾਸ ਕਰਕੇ ਪੱਛਮ ਦੇ ਪੂਰਨ ਵਿਕਸਤ ਅਤੇ ਖੁਸ਼ਹਾਲ ਲੋਕਾਂ ਨੇ ਵੀ ਸ਼ਾਕਾਹਾਰ ਨੂੰ ਅਪਣਾ ਕੇ ਇਸ ਦੇ ਮਹੱਤਵ ਨੂੰ ਮੰਨਿਆ ਹੈ, ਕਿਉਂਕਿ ਸ਼ਾਕਾਹਾਰੀ ਭੋਜਨ ਦਵਾਈ ਅਤੇ ਸੰਤੁਲਤ ਆਹਾਰ ਦਾ ਵੀ ਕੰਮ ਕਰਦਾ ਹੈ। ਸ਼ਾਕਾਹਾਰ ਕੁਦਰਤੀ ਪਧਤੀ ਹੈ ਅਤੇ ਕੁਦਰਤ ਦੁਆਰਾ ਪ੍ਰਦਾਨ ਕੀਤੀ ਗਈ ਹਰੇਕ ਸੰਪਤੀ ਪ੍ਰਭਾਵਸ਼ਾਲੀ ਪ੍ਰਭਾਵ ਪ੍ਰਗਟ ਕਰਦੀ ਹੈ। ਸ਼ਾਕਾਹਾਰ ਵਿਚ ਸਾਰੇ ਰਸਾਇਣਿਕ ਅਤੇ ਭੌਤਿਕ ਤੱਤਾਂ ਦਾ ਸਮਾਵੇਸ਼ ਹੈ, ਜੋ ਮਨੁੱਖੀ ਜੀਵਨ ਲਈ ਬਹੁਤ ਜ਼ਰੂਰੀ ਹਨ। ਸ਼ਾਕਾਹਾਰੀ ਮਨੁੱਖ ਇਕ ਮਾਸਾਹਾਰੀ ਦੇ ਮੁਕਾਬਲੇ ਜ਼ਿਆਦਾ ਸਮੇਂ ਤੱਕ ਜਿਊਂਦਾ ਹੈ। ਸ਼ਾਕਾਹਾਰ ਨਾਲ ਤਨ, ਮਨ ਸਦਾ ਤੰਦਰੁਸਤ ਅਤੇ ਨਿਰੋਗ ਰਹਿੰਦਾ ਹੈ। ਸ਼ਾਕਾਹਾਰ ਨਾਲ ਮਨ, ਦਿਮਾਗ ਵਿਕਾਰਾਂ ਤੋਂ ਰਹਿਤ ਹੁੰਦਾ ਹੈ। ਸ਼ਾਕਾਹਾਰੀ ਕਦੇ ਵਿਘਟਨ ਦਾ ਰਾਹ ਨਹੀਂ ਅਪਣਾਉਂਦਾ ਹੈ। ਇਸ ਲਈ ਹਰੇਕ ਵਿਅਕਤੀ ਨੂੰ ਜੀਵਨ ਵਿਚ ਸਫ਼ਲ ਹੋਣ ਲਈ ਸ਼ਾਕਾਹਾਰ ਨੂੰ ਅਪਣਾਉਣਾ ਚਾਹੀਦਾ ਹੈ ਅਤੇ ਦੂਜੇ ਲੋਕਾਂ ਨੂੰ ਵੀ ਉਸ ਦੇ ਲਾਭਾਂ ਬਾਰੇ ਦੱਸਣਾ ਚਾਹੀਦਾ ਹੈ। ਸ਼ਾਕਾਹਾਰ ਨਾਲ ਦਿਲ ਦੇ ਰੋਗਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਬਹੁਤੇ ਵਿਅਕਤੀ ਜੋ ਦਿਲ ਦੇ ਰੋਗਾਂ ਦੀ ਰੋਕਥਾਮ ਕਰ ਸਕਦੇ ਹਨ, ਜੇ ਉਹ ਚਰਬੀ ਰਹਿਤ ਅਤੇ ਕੋਲੈਸਟ੍ਰੋਲ ਰਹਿਤ ਭੋਜਨ ਕਰਨ ਵੱਲ ਵਿਸ਼ੇਸ਼ ਧਿਆਨ ਦੇਣ। ਜੇ ਇਸ ਦਾ ਪਾਲਣ ਨਹੀਂ ਕੀਤਾ ਤਾਂ ਦਿਲ ਦੀਆਂ ਨਾੜੀਆਂ ਤੰਗ ਹੋ ਜਾਂਦੀਆਂ ਹਨ, ਜਿਸ ਨਾਲ ਖ਼ੂਨ ਦਾ ਪ੍ਰਵਾਹ ਬੰਦ ਹੋ ਜਾਂਦਾ ਹੈ। ਇਹੀ ਦਿਲ ਦੇ ਦੌਰੇ ਦਾ ਮੁੱਖ ਕਾਰਨ ਹੈ। ਤੰਦਰੁਸਤ ਅਤੇ ਚੁਸਤ ਰਹਿਣਾ ਹੈ ਤਾਂ ਮਾਸਾਹਾਰ ਤੋਂ ਦੂਰ ਰਹੋ, ਹਰੀਆਂ ਸਬਜ਼ੀਆਂ ਦਾ ਸੂਪ ਪੀਓ। ਜੇ ਅਸੀਂ ਕਈ ਸਾਲਾਂ ਤੱਕ ਜਿਊਣਾ ਹੈ ਤਾਂ ਸ਼ਾਕਾਹਾਰ ਅਤੇ ਕੁਦਰਤੀ ਆਹਾਰ ਨੂੰ ਅਪਣਾਉਣਾ ਚਾਹੀਦਾ ਹੈ।

# ਬਗਾਨਾ

ਲੇਖਕ : ਬਰਾੜ-ਭਗਤਾ ਭਾਈ ਕਾ
ਸੰਪਰਕ : 1-604-751-1113



ਜਿਉਂ ਹੀ ਨਾਥਾ ਅਮਲੀ ਸੱਥ 'ਚ ਆਇਆ ਤਾਂ ਬਾਬੇ ਸੰਧੂਰਾ ਸਿਉਂ ਨੇ ਅਮਲੀ ਨੂੰ ਪੁੱਛਿਆ,

"ਕੀ ਗੱਲ ਬਈ ਨਾਥਾ ਸਿਆਂ ਅੱਜ ਗੱਡੀ ਲੇਟ ਫੇਟ ਹੋਈ ਫਿਰਦੀ ਐ, ਸੁੱਖ ਐ। ਅੱਜ ਕਿਹੜਿਆਂ ਕੰਮਾਂ 'ਚ ਰੁੱਝਿਆ ਵਿਐਂ?"

ਅਮਲੀ ਵੱਲ ਵੇਖ ਕੇ ਸੀਤੇ ਮਰਾਸੀ ਨੇ ਬਾਬੇ ਦੀ ਗੱਲ ਦਾ ਟਿੱਚਰ 'ਚ ਜਵਾਬ ਦਿੱਤਾ,

"ਦੁੱਧਾ ਕਾਸਣੀ ਪੱਗ ਨੂੰ ਮਾਵਾ ਲਵਾਉਣ ਗਿਆ ਸੀ, ਤਾਂ ਪਛੜ ਕੇ ਆਇਆ ਬਾਬਾ। ਨਾਹ ਮੈਨੂੰ ਤੂੰ ਬਾਬਾ ਇਉਂ ਦੱਸ ਬਈ ਅੱਗੇ ਕਿਹੜਾ ਇਹ ਪਹਿ ਪਾਟਦੀ ਨਾਲ ਸੱਥ 'ਚ ਆ ਜਾਂਦੈ। ਅੱਜ ਤਾਂ ਹਜੇ ਭੋਰਾ ਪਹਿਲਾਂ ਆ ਈ ਗਿਆ, ਅੱਗੇ ਤਾਂ ਜਦੋਂ ਸੱਥ ਉੱਠਣ ਦਾ ਟੈਮ ਹੋ ਜਾਂਦਾ ਉਦੋਂ ਆਉਂਦੈ ਇਹੇ। ਨਾਲੇ ਅਮਲੀ, ਕੋਹੜੀ ਤੇ ਬੁੜ੍ਹੇ ਬੰਦੇ ਦਾ ਕਾਹਦਾ ਜਿਉਣ ਹੁੰਦੈ ਬਾਬਾ।"

ਮਰਾਸੀ ਦੀ ਗੱਲ ਸੁਣ ਕੇ ਅਮਲੀ ਮਰਾਸੀ ਨੂੰ ਇਉਂ ਭੱਜ ਕੇ ਪੈ ਗਿਆ ਜਿਵੇਂ ਭੁੱਖੀ ਬੱਕਰੀ ਛਾਬੇ 'ਚ ਪਈਆਂ ਰੋਟੀਆਂ ਨੂੰ ਪੈ ਗਈ ਹੋਵੇ। ਮਰਾਸੀ ਨੂੰ ਕਹਿੰਦਾ,

"ਤੂੰ ਬਾਹਲ਼ਾ ਸਿਆਣਾ ਓਏ ਹੋਰਾਂ ਤੋਂ। ਹੁਣ ਤੱਕ ਤਾਂ ਸੋਡੇ ਬੁੜ੍ਹੇ ਤੋਂ ਨਲੀ ਮਨ੍ਹੀ ਪੂੰਝੀ ਗਈ ਸੀ। ਮਰਨੀ ਮਰ ਗਿਆ ਨੱਕ ਪੂੰਝਣ ਨੂੰ ਭੋਰਾ ਗਿੱਠ ਦੀ ਲੀਰ ਮਨ੍ਹੀ ਜੁੜੀ ਓਹਨੂੰ। ਸੱਥ 'ਚ ਆ ਕੇ ਗੱਲਾਂ ਤੂੰ ਇਉਂ ਕਰਦੈਂ ਜਿਮੇਂ ਗਾਹਾਂ ਦਿੜਬੇ ਆਲੇ ਵੱਡੇ ਸਲੋਤਰੀ ਦਾ ਸਾਲਾ ਹੁੰਨੈ। ਹਰੇਕ ਨੂੰ ਈਂ ਇਉਂ ਭੱਜ ਕੇ ਪਊ ਜਿਮੇਂ ਚੰਨਣ ਬੁੜ੍ਹਾ ਸੜਕ 'ਤੇ ਡਿਗਿਆ ਪਿਆ ਬਟੂਆ ਚੱਕਣ ਨੂੰ ਪੈ ਗਿਆ ਸੀ। ਸਾਲੀ ਮੰਗ ਖਾਣੀ ਜਾਤ ਨਾ ਹੋਵੇ ਤਾਂ।"

ਨਾਥੇ ਅਮਲੀ ਨੂੰ ਹਰਖਿਆ ਵੇਖ ਕੇ ਬਾਬੇ ਸੰਧੂਰਾ ਸਿਉਂ ਨੇ ਅਮਲੀ ਨੂੰ ਦੱਬਕਾ ਮਾਰ ਕੇ ਘੂਰਿਆ, "ਚੁੱਪ ਨ੍ਹੀ ਕਰਦਾ ਓਏ ਬਿੰਗੜਾ ਜਿਆ। ਸੋਨੂੰ ਕਿੰਨੇ ਵਾਰੀ ਕਿਹਾ ਬਈ ਸੱਥ 'ਚ ਘਰ ਦੀਆਂ ਗੱਲਾਂ ਪਿੱਛੇ ਨਾ ਬੋਲਿਆ ਕਰੋ। ਉਹੋ ਜਾ ਇਹੇ ਐ ਮਰਾਸੀ। ਗੱਲ ਸੁਣ ਲੋ ਓਏ ਕੰਨ ਖੋਲ੍ਹਕੇ ਸਾਰੇ, ਜੀਹਨੇ ਸੱਥ 'ਚ ਆ ਕੇ ਮੁੜ ਕੇ ਕੋਈ ਘਰ ਦੀ ਗੱਲ ਕੀਤੀ ਐ ਤਾਂ ਮੈਥੋਂ ਬੁਰਾ ਕੋਈ ਨ੍ਹੀ। ਜੇ ਸੱਥ 'ਚ ਆ ਕੇ ਇੱਕ ਦੂਜੇ ਦੇ ਘਰਾਂ ਤੱਕ ਅੱਪੜਣਾ ਤਾਂ ਨਾ ਆਇਆ ਕਰੋ। ਘਰੇ ਰਿਹਾ ਕਰੋ।"

ਬਾਬੇ ਦਾ ਦੱਬਕਾ ਸੁਣਕੇ ਸਾਰੀ ਸੱਥ ਇਉਂ ਚੁੱਪ ਕਰ ਗੀ ਜਿਮੇਂ ਵਿਆਹ ਵਾਲੇ ਘਰੇ ਸਪੀਕਰ ਵੱਜੀ ਜਾਂਦੇ ਦੀਆਂ ਤਾਰਾਂ ਵੱਢੀਆਂ ਤੋਂ ਸਪੀਕਰ ਬੰਦ ਹੋਏ ਤੋਂ ਘਰ 'ਚ ਚੁੱਪ ਜੀ ਵਰਤ ਗਈ ਹੋਵੇ।

ਮਾਹਲਾ ਨੰਬਰਦਾਰ ਨਾਥੇ ਅਮਲੀ ਨੂੰ ਕਹਿੰਦਾ, "ਛੱਡ ਯਾਰ ਨਾਥਾ ਸਿਆਂ ਇਹ ਗੱਲਾਂ। ਹੁਣ ਤੂੰ ਇਉਂ ਦੱਸ ਬਈ ਆਹ ਚੰਨਣ ਬੁੜ੍ਹੇ ਦੀ ਬਟੂਏ ਆਲੀ ਕੀ ਗੱਲ ਐ ਜਿਹੜੀ ਸੜਕ 'ਤੇ ਡਿੱਗਿਆ ਪਿਆ ਬਟੂਆ ਚੱਕਣ ਆਲੀ ਕਹਿ ਕੇ ਹਟਿਐਂ?"

ਬੁੱਘਰ ਦਖਾਣ ਕਹਿੰਦਾ, "ਸੜਕ 'ਤੇ ਕਿਸੇ ਨਾ ਕਿਸੇ ਦਾ ਬਟੂਆ ਬੂਟੂਆ ਡਿੱਗ ਪਿਆ ਹੋਣਾ, ਜਦੋਂ ਉਹ ਕੋਡਾ ਹੋ ਕੇ ਚੱਕਣ ਲੱਗਿਆ ਹੋਣਾ ਉਦੋਂ ਉਹਦੇ 'ਚ ਪਿੱਛੋਂ ਆਉਂਦਾ ਕੋਈ ਸ਼ੈਂਕਲ ਸ਼ੂੰਕਲ ਵੱਜ ਗਿਆ ਹੋਊ। ਹੋਰ ਚੰਨਣ ਕਿਤੇ ਚੋਰ ਤਾਂ ਨ੍ਹੀ ਬਈ ਲੋਕਾਂ ਦੀਆਂ ਜੇਬ੍ਹਾਂ ਫਰੋਲਦਾ ਫਿਰਦੈ। ਜਿਹੜੀ ਗੱਲ ਦੇ ਪਤੰਦਰੋ ਮਗਰ ਪੈ ਜਾਨੇ ਐਂ, ਛੱਤਣੀ ਚਾੜ੍ਹਕੇ ਹਟਦੇ ਐਂ।"

ਬਾਬਾ ਸੰਧੂਰਾ ਸਿਉਂ ਕਹਿੰਦਾ, "ਨਹੀਂ ਬਈ ਇਹ ਗੱਲ ਤਾਂ ਨ੍ਹੀ ਹੋਣੀ। ਗੱਲ ਤਾਂ ਕੋਈ ਹੋਰ ਐ। ਨਾਥਾ ਸਿਉਂ ਈਂ ਦੱਸੂ। ਨਾਲੇ ਉਹ ਤਾਂ ਕਿੰਨੇ ਈਂ ਦਿਨਾਂ ਦਾ ਹੱਥਪਤਾਲ 'ਚ ਬੰਬਾਰ ਪਿਆ। ਸੈਂਕਲ ਓਹਦੇ 'ਚ ਕਿੱਥੋਂ ਵੱਜ ਗਿਆ ਬਈ? ਤੂੰ ਦੱਸ ਯਾਰ ਅਮਲੀਆ ਗੱਲ ਕੀਐ ਇਹੇ?"

ਬਾਬੇ ਦਾ ਪਲੋਸਿਆ ਨਾਥਾ ਅਮਲੀ ਟੇਪ ਰਿਕਾਰਡ ਵਾਂਗੂੰ ਚੱਲ ਪਿਆ। ਬਾਬੇ ਸੰਧੂਰਾ ਸਿਉਂ ਦੇ ਹੁੱਜ ਮਾਰ ਕੇ ਕਹਿੰਦਾ, "ਲੈ ਚੰਨਣ ਬੁੜ੍ਹੇ ਦੀ ਸੁਣ ਲਾ। ਚੰਨਣ ਕਿਤੇ ਆਵਦੇ ਪੋਤੇ ਨਾਲ ਸ਼ੈਂਕਲ 'ਤੇ ਬਹਿ ਕੇ ਦਾਣਾ ਮੰਡੀ 'ਚੋਂ ਘਰ ਨੂੰ ਆਉਂਦਾ ਸੀ। ਤਾਰੇ ਮਿਸਤਰੀ ਕੇ ਸ਼ਰਾਰਤੀ ਜੁਆਕਾਂ ਨੇ ਕੀ ਕੀਤਾ ਬਾਬਾ, ਪਰਾਣਾ ਜਾ ਲੈ ਕੇ ਬਟੂਆ, ਉਹਨੂੰ ਧਾਗਾ ਪਾਕੇ ਸੜਕ 'ਤੇ ਰੱਖ 'ਤਾ। ਜੁਆਕ ਆਪ ਬਹਿ ਗੇ ਛੋਟੂ ਚੌਧਰੀ ਕੀ ਬੈਠਕ 'ਚ। ਜਦੋਂ ਚੰਨਣ ਬੁੜ੍ਹੇ ਦੀ ਨਿਗ੍ਹਾ ਬਟੂਏ 'ਤੇ ਪਈ ਤਾਂ ਉਹ ਸ਼ੈਂਕਲ ਤੋਂ ਉੱਤਰ ਕੇ ਬਟੂਆ ਚੱਕਣ ਪੈ ਗਿਆ। ਜਦੋਂ ਚੰਨਣ ਬਟੂਆ ਚੱਕਣ ਨੂੰ ਕੋਡਾ ਹੋਇਆ ਜੁਆਕਾਂ ਨੇ ਧਾਗਾ ਖਿੱਚ ਲਿਆ। ਜੁਆਕ ਧਾਗਾ ਖਿੱਚੀ ਗਏ ਚੰਨਣ ਬਟੂਏ ਦੇ ਮਗਰ ਮਗਰ ਇਉਂ ਕੋਡਾ ਕੋਡਾ ਭੱਜਿਆ ਜਾਵੇ ਜਿਮੇਂ ਦਮਦਮੇ ਦੀ ਵਸਾਖੀ 'ਤੇ ਗੋਲੀ ਚੱਲੀ ਤੋਂ ਸਰੋਵਰ 'ਤੇ 'ਸ਼ਨਾਨ ਕਰਦੇ-ਕਰਦੇ ਲੋਕ ਲੰਗੂਰਾਂ ਆਂਗੂੰ ਕੋਡੇ ਕੋਡੇ ਆਵਦੇ ਲੀੜੇ ਛੱਡ ਕੇ ਭੱਜ ਗੇ ਸੀ। ਜੁਆਕ ਬਟੂਏ ਨੂੰ ਬੰਨ੍ਹਿਆਂ ਧਾਗਾ ਖਿੱਚੀ ਗਏ ਚੰਨਣ ਬੁੜ੍ਹਾ ਬਟੂਏ ਮਗਰ ਕੋਡਾ ਕੋਡਾ ਭੱਜਿਆ ਜਾਂਦਾ ਗੰਦੇ ਨਾਲੇ 'ਚ ਤੁਰੇ ਫਿਰਦੇ ਲਿਬੜੇ ਵੇ ਸੂਰ 'ਚ ਜਾ ਵੱਜਿਆ।। ਚੰਨਣ ਲਿਬੜੇ ਵੇ ਸੂਰ 'ਚ ਵੱਜਣ ਸਾਰ ਤਿੰਨ ਲੋਟਣੀਆਂ ਖਾ ਕੇ ਗੰਦੇ ਨਾਲੇ 'ਚ ਜਾ ਡਿਗਿਆ। ਗਾਰੇ 'ਚ ਲਿਬੜਿਆ ਵਿਆ ਚੰਨਣ ਇਉਂ ਲੱਗੇ ਜਿਮੇਂ ਛੱਪੜ 'ਚੋਂ ਭਿੱਜੇ ਵੇ ਗਰਨ੍ਹੇ ਕੱਢੇ ਹੁੰਦੇ ਐ। ਜਦੋਂ ਚੰਨਣ ਨਾਲੇ 'ਚੋਂ ਬਾਹਰ ਨਿੱਕਲਿਆ ਤਾਂ ਓੱਥੇ ਫਿਰਦੇ ਸੜੇ ਜੇ ਬੋਕ ਨੇ ਚੰਨਣ 'ਚ ਆ ਢੁੱਡ ਮਾਰੀ। ਚੰਨਣ ਫੇਰ ਚੱਕ ਕੇ ਨਾਲੇ 'ਚ ਇਉਂ ਠੋਕਿਆ ਜਿਮੇਂ ਟਰੈਲੀ ਤੋਂ ਤੂੜੀ ਦੀ ਪੰਡ ਸਿੱਟੀ ਦੀ ਹੁੰਦੀ ਐ। ਚੰਨਣ ਤਾਂ ਬਾਬਾ ਨਾਲੇ 'ਚ ਡਿੱਗਿਆ ਪਿਆ ਚੀਕਾਂ ਮਾਰੇ, ਬੋਕ ਚੰਨਣ ਦੇ ਸਰ੍ਹਾਣੇ ਖੜ੍ਹਾ ਬਈ ਜੇ ਨਾਲੇ 'ਚੋਂ ਨਿੱਕਲਿਆ ਤਾਂ ਫੇਰ ਢੁੱਡ ਮਾਰੂੰ। ਚੰਨਣ ਬੋਕ ਤੋਂ ਡਰਦਾ ਨਾਲੇ 'ਚੋਂ ਬਾਹਰ ਨਾ ਨਿੱਕਲੇ ਬਈ ਇਹ ਤਾਂ ਫੇਰ ਮੇਰੇ ਆਲੀ ਕੱਤਣੀ ਬਣਾ ਦੂ। ਓਧਰੋਂ ਕਿਤੇ ਚੰਨਣ ਦਾ ਪੋਤਾ ਘੀਚਰ ਬੁੜ੍ਹੇ ਦੇ ਮੁੰਡਿਆਂ ਨੂੰ ਭੱਜ ਕੇ ਘਰੋਂ ਸੱਦ ਕੇ ਲਿਆਇਆ। ਘੀਚਰ ਦੇ ਮੁੰਡਿਆਂ ਨੇ ਦਬੱਲਿਆ ਬੋਕ, ਫੇਰ ਕਿਤੇ ਜਾ ਕੇ ਚੰਨਣ ਨਾਲੇ 'ਚੋਂ ਬਾਹਰ ਕੱਢਿਆ। ਇੱਕ ਤਾਂ ਚੰਨਣ ਮੋਟਾ ਬਹੁਤ ਐ। ਫੇਰ ਵੇਖ ਲਾ ਕੱਦ ਵੀ ਬੁੜ੍ਹੇ ਦਾ ਸੁੱਖ ਨਾਲ ਛੋਟਾ ਜਾ ਈ ਐ ਜਿਮੇਂ ਕੁਐਂਟਲ ਆਲੀ ਬੋਰੀ ਝੋਨੇ ਦੀ ਪਰਾਲੀ ਨਾਲ ਭਰੀ ਹੁੰਦੀ ਐ। ਜਦੋਂ ਚੰਨਣ ਨੂੰ ਗਾਰੇ ਨਾਲ ਲਿਬੜੇ ਵੇ ਨੂੰ ਨਾਲੇ 'ਚੋਂ ਬਾਹਰ ਕੱਢਿਆ ਤਾਂ ਲਿਬੜੇ ਵੇ ਸੂਰ ਤੋਂ ਵੀ ਭੈੜੀ ਹਾਲਤ ਹੋਈ ਵੀ ਸੀ ਚੰਨਣ ਦੀ। ਜਦੋਂ ਬੁੜ੍ਹੇ ਨੂੰ ਨਾਲੇ 'ਚੋਂ ਬਾਹਰ ਕੱਢਦੇ ਸੀ ਤਾਂ ਓੱਥੇ ਕਿਤੇ ਸੌਲ ਪੱਤੀ ਆਲਾ ਰੇਖੀ ਪੰਡਤ ਵੀ ਖੜ੍ਹਾ ਵੇਖੀ ਜਾਂਦਾ ਸੀ। ਰੇਖੀ ਪੰਡਤ ਚੰਨਣ ਬੁੜ੍ਹੇ ਨੂੰ ਲਿਬੜੇ ਵੇ ਨੂੰ ਵੇਖ ਕੇ ਕਹਿੰਦਾ 'ਓਏ ਇਹੇ ਤਾਇਆ ਚੰਨਣ ਸਿਉਂ ਈਂ ਐਂ ਕਿਤੇ ਭਲੇਖੇ ਨਾਲ ਸੂਰ ਨੂੰ ਤਾਂ ਨ੍ਹੀ ਹੱਥ ਪੈ ਗਿਆ'?"

ਚਲਦੀ ਗੱਲ ਨੂੰ ਟੋਕ ਕੇ ਪ੍ਰੀਤੇ ਕਾ ਕੈਂਟਾ ਕਹਿੰਦਾ, "ਤਾਹੀਂ ਤਾਇਆ ਚੰਨਣ ਹੱਥਪਤਾਲ 'ਚ ਪਿਆ ਬੋਕ ਦਾ ਢਾਹਿਆ ਵਿਆ। ਮੈਂ ਵੀ ਕਿਹਾ ਬਈ ਤਾਈ ਮਕੰਦ ਕੁਰ ਨਿੱਤ ਈ ਝੋਲਾ ਚੱਕੀ ਮੰਡੀ ਕੀ ਕਰਨ ਜਾਂਦੀ ਐ। ਹੂੰ-ਹੂੰ। ਹੁਣ ਆਈ ਗੱਲ ਦੀ ਸਮਝ।"

ਬਾਬੇ ਸੰਧੂਰਾ ਸਿਉਂ ਨੇ ਪੁੱਛਿਆ, "ਕਿੰਨੀਆਂ ਕੁ ਸੱਟਾਂ ਸੁੱਟਾਂ ਵੱਜੀਆਂ ਬਈ ਚੰਨਣ ਸਿਉਂ ਦੇ?"




ਨਾਥਾ ਅਮਲੀ ਹੱਸ ਕੇ ਕਹਿੰਦਾ, "ਚਿੱਕੜ ਗਾਰੇ ਨਾਲ ਕਾਹਦੀ ਸੱਟ ਵੱਜਣੀ ਸੀ ਬਾਬਾ। ਹੁਣ ਬੁੜ੍ਹਾ ਊਈਂ ਛਾਪਲਿਆ ਪਿਆ ਪਊਆ ਪਰੇਟ ਕਰਨ ਦਾ ਮਾਰਾ। ਅੱਗੇ ਤਾਂ ਬੁੜ੍ਹੇ ਨਾਲ ਸਾਰਾ ਟੱਬਰ ਲੜਦਾ ਹੁੰਦਾ ਸੀ ਬਈ ਇਹ ਸ਼ਰਾਬ ਕਿਉਂ ਪੀਂਦਾ। ਨਾਲੇ ਪੀਣੀ ਵੀ ਕਿਤੇ ਦੋ ਚਾਰ ਮਹੀਨਿਆਂ ਪਿੱਛੋਂ। ਹੁਣ ਬੁੜ੍ਹੇ ਦੇ ਗੁੱਲੀ ਦਣ ਪੈ ਗਿਆ। ਹੁਣ ਮੁੰਡਿਆਂ ਤੋਂ ਨਿੱਤ ਪਊਆ ਮੰਗਵਾ ਕੇ ਪੀਆ ਕਰੂ।"

ਸੀਤਾ ਮਰਾਸੀ ਟਿੱਚਰ 'ਚ ਕਹਿੰਦਾ, "ਬੁੜ੍ਹੇ ਦੇ ਦੋ ਤਿੰਨ ਮਹੀਨੇ ਤਾਂ ਹੁਣ ਨਿੱਤ ਦੇ ਪਊਏ ਨਾਲ ਵਧੀਆਂ ਨੰਘਣਗੇ। ਹੁਣ ਇਉਂ ਕਰੇ ਬੁੜ੍ਹਾ, ਬੋਕ ਦੀ ਨਿਗ੍ਹਾ ਰੱਖੇ। ਉਹਨੂੰ ਰੁੱਗ ਪੱਠੇ ਪਾ ਛੱਡਿਆ ਕਰੇ। ਏਨੇ ਨੂੰ ਪੰਜਾਂ ਚਾਰਾਂ ਮਹੀਨਿਆਂ ਪਿੱਛੋਂ ਫੇਰ ਬੋਕ ਦੇ ਨੇੜੇ ਹੋ ਜੇ। ਬੋਕ ਨੇ ਫੇਰ ਢਾਹ ਲੈਣਾ, ਬੁੜ੍ਹੇ ਦੀ ਫੇਰ ਪਊਏ ਪਰੇਡ ਸਰਵਸ ਸ਼ੁਰੂ ਹੋ ਜੂ। ਪੰਜ ਸੱਤ ਮਹੀਨੇ ਫੇਰ ਨੰਘ ਜਾਣਗੇ।"

ਨਾਥਾ ਅਮਲੀ ਹੱਸ ਕੇ ਕਹਿੰਦਾ, "ਬੁੜ੍ਹੇ ਦੇ ਮੁੰਡਿਆਂ ਨੇ ਚੱਕ ਕੇ ਬੋਕ ਝੜਕਈ ਨੂੰ ਵੇਚ ਦੇਣਾ। ਫੇਰ ਚੰਨਣ ਦਾ ਠੇਕਾ ਈ ਲੁੱਟਿਆ ਜਾਊ।

ਮਾਹਲਾ ਨੰਬਰਦਾਰ ਕਹਿੰਦਾ, "ਚਾਰ ਪੰਜ ਸਾਲ ਹੋ ਗੇ ਉਦੋਂ ਚੰਨਣ ਨੂੰ ਆਪਣੇ ਪਿੰਡ ਆਲੇ ਮੀਣੇ ਜੇ ਸਾਨ੍ਹ ਨੇ ਢਾਹ ਲਿਆ ਸੀ। ਉਦੋਂ ਮਸਾਂ ਬਚਿਆ ਸੀ।"

ਨਾਥਾ ਅਮਲੀ ਮਖੌਲ 'ਚ ਕਹਿੰਦਾ, "ਉਦੋਂ ਤਾਂ ਨੰਬਰਦਾਰਾ ਫਿਰ ਬੋਤਲ ਮਿਲਦੀ ਹੋਊ ਚੰਨਣ ਨੂੰ ਹੈਂਅ।"

ਬਾਬਾ ਸੰਧੂਰਾ ਸਿਉਂ ਕਹਿੰਦਾ, "ਨਾਹ ਉਦੋਂ ਕੀ ਚੰਨਣ ਦੇ ਬਾਹਲ਼ੀਆਂ ਸੱਟਾਂ ਵੱਜਗੀਆਂ ਸੀ ਜਿਹੜੀ ਬੋਤਲ ਮਿਲਦੀ ਸੀ?"

ਨਾਥਾ ਅਮਲੀ ਬਾਬੇ ਨੂੰ ਕਹਿੰਦਾ, "ਸੱਟਾਂ ਬਾਹਲ਼ੀਆਂ ਦੀ ਗੱਲ ਨ੍ਹੀ ਬਾਬਾ। ਗੱਲ ਤਾਂ ਵੱਡੇ ਛੋਟੇ ਪਸ਼ੂ ਡੰਗਰ ਦੀ ਐ। ਜਦੋਂ ਤਾਂ ਚੰਨਣ ਨੂੰ ਬੋਕ ਨੇ ਢਾਹਿਆ। ਉਦੋਂ ਤਾਂ ਚੰਨਣ ਨੂੰ ਹੁਣ ਪਊਆ ਮਿਲਦਾ। ਜਦੋਂ ਸਾਨ੍ਹ ਨੇ ਢਾਹਿਆ ਸੀ, ਵੱਡਾ ਸੀ ਪਸ਼ੂ। ਉਦੋਂ ਤਾਂ ਹੱਕ ਹੀ ਬੋਤਲ ਦਾ ਸੀ ਚੰਨਣ ਦਾ। ਵੱਡੇ ਡੰਗਰ ਨੇ ਢਾਹਿਆ ਕਰਕੇ ਚੰਨਣ ਨੂੰ ਬੋਤਲ ਮਿਲਣ ਲੱਗ ਗੀ ਹੋਣੀ ਐਂ ਘਰੋਂ।"

ਸੀਤਾ ਮਰਾਸੀ ਕਹਿੰਦਾ, "ਬਈ ਗੱਲ ਤਾਂ ਹੁਣ ਇਉਂ ਐਂ। ਜੇ ਚੰਨਣ ਨੂੰ ਪਊਏ ਨਾਲ ਨਾ ਸਰੇ ਤੇ ਬੋਤਲ ਚੰਨਣ ਲਈ ਬਾਹਲ਼ੀ ਹੋਵੇ, ਫੇਰ ਕੀ ਕਰੇ ਚੰਨਣ?"

ਨਾਥਾ ਅਮਲੀ ਕਹਿੰਦਾ, "ਫੇਰ ਬੋਕ ਤੇ ਸਾਨ੍ਹ ਦੇ ਵਚਾਲੜੇ ਜੇ ਮੇਲ ਦੇ ਕਿਸੇ ਡੰਗਰ ਪਸ਼ੂ ਨੂੰ ਛੇੜ ਲੇ। ਖੱਚਰ ਜੀ ਨੂੰ ਛੇੜ ਲੇ। ਜਾਂ ਫਿਰ ਵੇੜ੍ਹਕੇ ਦੀ ਪੂਛ ਨੂੰ ਹੱਥ ਲਾ ਕੇ ਵੇਖ ਲੇ। ਫੇਰ ਅਧੀਆ ਵੱਟ 'ਤੇ ਪਿਆ। ਅਧੀਏ ਨਾਲ ਬੁੜ੍ਹੇ ਦਾ ਸਰ ਈ ਜਾਇਆ ਕਰੂ।"

ਬਾਬਾ ਸੰਧੂਰਾ ਸਿਉਂ ਕਹਿੰਦਾ, "ਜੇ ਮੁੰਡਿਆਂ ਨੇ ਚੰਨਣ ਨੂੰ ਘਰੋਂ ਈ ਨਾ ਨਿੱਕਲਣ ਦਿੱਤਾ ਫੇਰ ਕੀ ਬਣੂ ਚੰਨਣ ਦਾ?"

ਨਾਥਾ ਅਮਲੀ ਕਹਿੰਦਾ, "ਫੇਰ ਮੈਂ ਦੱਸ ਦਿੰਨਾਂ ਜੁਗਤ। ਘਰੇ ਵੀ ਤਾਂ ਚੰਨਣ ਕੇ ਡੰਗਰ ਪਸ਼ੂ ਖੜ੍ਹੇ ਈ ਐ। ਜੇ ਤਾਂ ਚੰਨਣ ਨੂੰ ਪਊਏ ਦੀ ਲੋੜ ਐ, ਫੇਰ ਤਾਂ ਕਿਸੇ ਕੱਟੇ ਬੱਛੇ ਨਾਲ ਹੱਥ ਜੋੜ ਲੇ। ਜੇ ਅਧੀਏ ਦੀ ਲੋੜ ਐ, ਫੇਰ ਜਿਹੜਾ ਉਨ੍ਹਾਂ ਦੇ ਮਰੀਕੀ ਜਾ ਵਹਿੜਕਾ ਪੱਠਿਆਂ ਆਲੀ ਗੱਡੀ ਜੀ ਨੂੰ ਜੋੜਿਆ ਹੁੰਦਾ, ਉਹਦੇ ਨਾਲ ਪੰਗਾ ਲੈ ਲੇ। ਬੋਤਲ ਵਾਸਤੇ ਤਾਂ ਕਿਸੇ ਬੁੱਢੀ ਜੀ ਖੋਲੜ ਨੂੰ ਢੁੱਡ ਮਾਰਨੀ ਪਊ, ਫੇਰ ਬਣੂ ਗੱਲ।"

ਸੀਤਾ ਮਰਾਸੀ ਕਹਿੰਦਾ, "ਐਮੇਂ ਨਾ ਯਾਰ ਪੁੱਠੀ ਸਲਾਹ ਦੇ ਕੇ ਉਨ੍ਹਾਂ ਦੇ ਸਾਰੇ ਈ ਡੰਗਰ ਪਸ਼ੂ ਵਕਾ ਦਿਉ ਕਿਤੇ।"

ਅਮਲੀ ਕਹਿੰਦਾ, "ਅਸੀ ਪਸ਼ੂ ਵੇਚਣ ਨੂੰ ਤਾਂ ਕਹਿੰਦੇ। ਅਸੀਂ ਤਾਂ ਸ਼ਰਾਬ ਦੇ ਅਧੀਆ ਪਊਆ ਬੋਤਲ ਮੰਗਵਾਉਣ ਬਾਰੇ ਮੁਖਤ ਸਲਾਹ ਦਿੱਤੀ ਐ ਬਈ ਐਹ ਪਸ਼ੂ ਦਾ ਪਊਆ ਐਹੋ ਜੇ ਦਾ ਅਧੀਆ ਤੇ ਐਹੋ ਜੇ ਦੀ ਬੋਤਲ ਐ। ਇਹਦੇ 'ਚ ਪਸ਼ੂ ਵੇਚਣ ਆਲੀ ਕਿਹੜੀ ਗੱਲ ਐ ਬਈ?"

ਮਰਾਸੀ ਕਹਿੰਦਾ, "ਜਦੋਂ ਸ਼ਰਾਬ ਪੀਣ ਦਾ ਮਾਰਾ ਨਿੱਤ ਈ ਕਿਸੇ ਨਾ ਕਿਸੇ ਪਸ਼ੂ ਨਾਲ ਪੰਗੇ ਲਊਗਾ ਤਾਂ ਘਰਦੇ ਪਸ਼ੂ ਵੇਚਣਗੇ ਈ ਹੋਰ ਕੀ ਕਰਨਗੇ?"


ਬਾਬਾ ਸੰਧੂਰਾ ਸਿਉਂ ਕਹਿੰਦਾ, "ਛੱਡੋ ਯਾਰ ਇਹ ਗੱਲਾਂ। ਹੁਣ ਤੁਸੀਂ ਇਹ ਦੱਸੋ ਬਈ ਚੰਨਣ ਦੇ ਬੋਕ ਨੇ ਕਿੰਨੀਆਂ ਕੁ ਸੱਟਾਂ ਮਾਰੀਆਂ। ਨਾਲੇ ਕਿਹੜੇ ਹੱਥਪਤਾਲ 'ਚ ਐ?"

ਪਾਠੀਆਂ ਦਾ ਜੈਲਾ ਕਹਿੰਦਾ, "ਹੱਥਪਤਾਲ ਤੋਂ ਤਾਂ ਆ ਗਿਆ ਰਾਤ। ਘਰੇ ਐ ਹੁਣ।"

ਬਾਬਾ ਸੰਧੂਰਾ ਸਿਉਂ ਕਹਿੰਦਾ, "ਚੱਲੋ ਯਾਰ ਫੇਰ ਤਾਂ ਪਤਾ ਈ ਲਿਆਈਏ ਜਾ ਕੇ। ਆਉ ਚੱਲੀਏ ਉੱਠੋ।"

ਬਾਬੇ ਦਾ ਹੁਕਮ ਪਾ ਕੇ ਕੁਝ ਸੱਥ ਵਾਲੇ ਤਾਂ ਚੰਨਣ ਬੁੜ੍ਹੇ ਦਾ ਪਤਾ ਲੈਣ ਬਾਬੇ ਦੇ ਨਾਲ ਚੰਨਣ ਦੇ ਘਰ ਨੂੰ ਤੁਰ ਪਏ। ਬਾਕੀ ਦੀ ਸੱਥ ਆਲੇ ਆਪੋ ਆਪਣੇ ਘਰਾਂ ਨੂੰ ਚੱਲ ਪਏ ਤੇ ਸੱਥ ਖਾਲੀ ਹੋ ਗਈ।

JARNAIL SINGH



ART CLASSES
604-825-4659
604-724-6922
604-595-5885
#106- 12882-85 Ave. Surrey

# ਦੇਸੀ ਤੜਕਾ



## ਮੂੰਗਫਲੀ ਦੀ ਚਟਨੀ



| ਸਮੱਗਰੀ | 4-5 ਕੜੀ ਪੱਤਾ |
|---|---|
| ਇਕ ਕਟੋਰੀ ਮੂੰਗਫਲੀ | ਨਮਕ ਸਵਾਦ ਅਨੁਸਾਰ |
| ਸੱਤ ਤੋਂ ਅੱਠ ਕਲੀਆ ਲਸਣ | 2-3 ਚਮਚ ਤੇਲ |
| 2-3 ਹਰੀ ਮਿਰਚ ਕੱਟੀ ਹੋਈ | ਪਾਣੀ ਜ਼ਰੂਰਤ ਅਨੁਸਾਰ |

ਵਿਧੀ – ਆਮ ਤੌਰ ‘ਤੇ ਲੋਕ ਪੁਦੀਨੇ ਦੀ ਅਤੇ ਕੱਚੀ ਅੰਬੀ ਦੀ ਚਟਨੀ ਬਣਾਉਂਦੇ ਹਨ ਪਰ ਅੱਜ ਅਸੀਂ ਤੁਹਾਨੂੰ ਮੂੰਗਫਲੀ ਦੀ ਚਟਨੀ ਦੀ ਰੈਸਿਪੀ ਬਾਰੇ ਦੱਸਾਂਗੇ।

ਧੀਮੀ ਅੱਗ ਤੇ ਇਕ ਪਾਨ ਗਰਮ ਕਰੋ। ਪੈਨ ਦੇ ਗਰਮ ਹੁੰਦੇ ਹੀ ਮੂੰਗਫਲੀ ਪਾ ਕੇ ਭੁੰਨੋ ਅਤੇ ਗੈਸ ਬੰਦ ਕਰ ਦਵੋ। ਮੂੰਗਫਲੀ ਨੂੰ ਇਕ ਕਟੋਰੀ ਵਿਚ ਕੱਢ ਕੇ ਠੰਢਾ ਕਰ ਲਵੋ ਅਤੇ ਫਿਰ ਇਸ ਦੇ ਛਿਲਕੇ ਉਤਾਰ ਲਵੋ। ਹੁਣ ਇਕ ਮਿਕਸਰ ਵਿਚ ਮੂੰਗਫਲੀ, ਲਸਣ, ਹਰੀ ਮਿਰਚ, ਪਾਣੀ ਪਾ ਕੇ ਪੀਸ ਲਵੋ।

## ਟੇਸਟੀ ਤੇ ਸਿਹਤਮੰਦ ਮਿੰਨੀ ਡੋਸਾ



| ਸਮੱਗਰੀ | |
|---|---|
| ਸੋਇਆ ਦੁੱਧ - 1 ਕੱਪ | ਧਨੀਆ - 1 ਚਮਚ (ਕੱਟਿਆ ਹੋਇਆ) |
| ਕਣਕ ਦਾ ਆਟਾ - 1/4 ਕੱਪ | ਪਕਾਉਣਾ ਸੋਡਾ - 1/4 ਕੱਪ |
| ਹਰੀ ਮਿਰਚ - 1 (ਬਾਰੀਕ ਕੱਟੀ ਹੋਈ) | ਤੇਲ - 1, 1/2 ਚੱਮਚ |
| ਪਿਆਜ਼ - 1/2 ਕੱਪ (ਕੱਟੀ ਹੋਈ) | ਲੂਣ - ਸੁਆਦ ਅਨੁਸਾਰ |

ਜੇ ਤੁਸੀਂ ਕੁਝ ਮਿੰਟਾਂ ਵਿਚ ਇਕ ਸਵਾਦ ਅਤੇ ਸਿਹਤਮੰਦ ਪਕਵਾਨ ਖਾਣਾ ਚਾਹੁੰਦੇ ਹੋ। ਤਾਂ ਇਸ ਸਥਿਤੀ ਵਿਚ ਤੁਸੀਂ ਸੋਇਆ ਦੇ ਦੁੱਧ ਨਾਲ ਬਣੇ ਡੋਸਾ ਖਾ ਸਕਦੇ ਹੋ। ਤੁਸੀਂ ਇਸਨੂੰ ਸਵੇਰ ਜਾਂ ਸ਼ਾਮ ਦੇ ਨਾਸ਼ਤੇ ਵਿੱਚ ਬਣਾ ਸਕਦੇ ਹੋ ਅਤੇ ਖਾ ਸਕਦੇ ਹੋ। ਇਹ ਬਣਾਉਣਾ ਬਹੁਤ ਅਸਾਨ ਹੈ ਤਾਂ ਆਓ ਜਾਣਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ...


**ਵਿਧੀ:** ਸਾਰੀਆਂ ਚੀਜ਼ ਨੂੰ ਇਕ ਕਟੋਰੇ ਵਿਚ ਰਲਾਓ ਅਤੇ ਇਕ ਪਤਲਾ ਬੈਟਰ ਬਣਾਓ। ਨਾਨਸਟਿਕ ਪੈਨ ਨੂੰ ਤੇਲ ਲਗਾ ਕੇ ਗਰਮ ਕਰੋ ਹੁਣ ਤਿਆਰ ਹੋਏ ਬੈਟਰ ਨੂੰ ਦੋ ਵੱਡੇ ਪੈਨ ਤੇ ਪਾ ਕੇ ਅਤੇ ਪਤਲਾ ਗੋਲਾਕਾਰ ਡੋਸਾ ਬਣਾਓ। ਡੋਸੇ ਨੂੰ ਦੋਵੇਂ ਪਾਸਿਆਂ ਤੋਂ ਸੁਨਹਿਰੀ ਭੂਰਾ ਹੋਣ ਤੱਕ ਪਕਾਉ।

# ਤਕਨਾਲੋਜੀ ਟਾਈਮਜ਼

## ਭਰੀ ਜੀ-ਮੇਲ ਨੂੰ ਖਾਲੀ ਕਰਨ ਦਾ ਆਸਾਨ ਤਰੀਕਾ

ਅਕਸਰ ਜੀ-ਮੇਲ ਦੀ ਸਟੋਰੇਜ ਭਰ ਜਾਂਦੀ ਹੈ ਜੋ ਕਿ ਇੱਕ ਆਮ ਗੱਲ ਹੈ। ਦਰਅਸਲ Google ਵੱਲੋਂ ਹਰ ਯੂਜ਼ਰ ਨੂੰ ਸਿਰਫ 15 ਜੀਬੀ ਸਟੋਰੇਜ ਮੁਫਤ ਦਿੱਤੀ ਜਾਂਦੀ ਹੈ, ਇਸ 15GB ਵਿੱਚ ਗੂਗਲ ਫੋਟੋਜ਼, ਈਮੇਸ ਤੇ ਗੂਗਲ ਡਰਾਈਵ ਸਟੋਰੇਜ ਕਵਰ ਹੁੰਦੀ ਹੈ। ਈਮੇਲ ਅਟੈਚਮੈਂਟਾਂ, ਵੱਡੀਆਂ ਫਾਈਲਾਂ ਅਤੇ ਅਣਚਾਹੇ ਈਮੇਲਾਂ ਕਾਰਨ ਇਹ ਸਟੋਰੇਜ ਤੇਜ਼ੀ ਨਾਲ ਭਰ ਜਾਂਦੀ ਹੈ। ਜਦੋਂ ਸਟੋਰੇਜ ਭਰ ਜਾਂਦੀ ਹੈ, ਤਾਂ ਨਵੀਆਂ ਈਮੇਲਾਂ ਭੇਜਣਾ ਅਤੇ ਪ੍ਰਾਪਤ ਕਰਨਾ ਮੁਸ਼ਕਲ ਹੋ ਜਾਂਦਾ ਹੈ।

ਪਰ ਕੀ ਤੁਸੀਂ ਜਾਣਦੇ ਹੋ ਕਿ ਤੁਸੀਂ ਆਪਣੀ Gmail ਨੂੰ ਮਿੰਟਾਂ ਵਿੱਚ ਆਸਾਨੀ ਨਾਲ ਖਾਲੀ ਕਰ ਸਕਦੇ ਹੋ। ਇਸ ਨਾਲ ਤੁਹਾਨੂੰ ਦੁਬਾਰਾ ਸਟੋਰੇਜ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਤੁਹਾਨੂੰ ਦੱਸ ਦੇਈਏ ਕਿ ਤੁਹਾਡੀ ਘਮਓਲਿ ਵਿੱਚ ਅਕਸਰ ਅਜਿਹੀਆਂ ਈਮੇਲਾਂ ਹੁੰਦੀਆਂ ਹਨ ਜੋ ਉਪਯੋਗੀ ਨਹੀਂ ਹੁੰਦੀਆਂ ਹਨ। ਇਹਨਾਂ ਬੇਲੋੜੀਆਂ ਈਮੇਲਾਂ ਨੂੰ ਮਿਟਾ ਕੇ ਸਟੋਰੇਜ ਨੂੰ ਖਾਲੀ ਕੀਤਾ ਜਾ ਸਕਦਾ ਹੈ।




Trash ਅਤੇ Spam Folders ਖਾਲੀ ਕਰੋ: ਸਪੈਮ ਅਤੇ ਟਰੈਸ਼ ਫੋਲਡਰਾਂ ਵਿੱਚ ਉਹ ਈਮੇਲ ਹੁੰਦੇ ਹਨ ਜੋ ਤੁਸੀਂ ਡਿਲੀਟ ਕੀਤੀਆਂ ਹਨ ਜਾਂ ਜੋ ਸਪੈਮ ਹਨ। ਸਮੇਂ ਸਮੇਂ ਤੇ ਉਹਨਾਂ ਨੂੰ ਖਾਲੀ ਕਰਨਾ ਮਹੱਤਵਪੂਰਨ ਹੈ, ਤਾਂ ਜੋ ਸਟੋਰੇਜ ਨੂੰ ਖਾਲੀ ਕੀਤਾ ਜਾ ਸਕੇ।

ਲੇਬਲ ਅਤੇ ਫੋਲਡਰਾਂ ਨੂੰ ਵਿਵਸਥਿਤ ਕਰੋ: Gmail ਨੂੰ ਬਿਹਤਰ ਢੰਗ ਨਾਲ ਕੰਮ ਕਰਨ ਲਈ ਆਪਣੀ ਈਮੇਲ ਨੂੰ ਲੇਬਲਾਂ ਅਤੇ ਫੋਲਡਰਾਂ ਵਿੱਚ ਵਿਵਸਥਿਤ ਕਰੋ। ਇਸ ਨਾਲ ਨਾ ਸਿਰਫ ਸਟੋਰੇਜ ਬਚਦੀ ਹੈ ਸਗੋਂ ਐਪ ਦੀ ਸਪੀਡ ਵੀ ਵਧਦੀ ਹੈ।

ਅਣਚਾਹੇ ਈਮੇਲਾਂ ਨੂੰ Unsubscribe ਕਰੋ: ਉਹਨਾਂ ਈਮੇਲਾਂ ਦੀ ਸਬਸਕ੍ਰਿਪਸ਼ਨ ਰੱਦ ਕਰੋ ਜੋ ਤੁਹਾਡੇ ਲਈ ਉਪਯੋਗੀ ਨਹੀਂ ਹਨ। ਇਹ ਨਾ ਸਿਰਫ਼ ਤੁਹਾਡੇ ਇਨਬਾਕਸ ਨੂੰ ਸਾਫ਼ ਰੱਖੇਗਾ ਬਲਕਿ ਬੇਲੋੜੀਆਂ ਈਮੇਲਾਂ ਨੂੰ ਆਉਣ ਤੋਂ ਵੀ ਰੋਕੇਗਾ।

Gmail ਵਿੱਚ ਬਹੁਤ ਸਾਰੀਆਂ ਈਮੇਲਾਂ ਹੁੰਦੀਆਂ ਹਨ ਜੋ ਤੁਸੀਂ ਕਦੇ ਨਹੀਂ ਪੜ੍ਹੀਆਂ। ਇੱਕ ਬਿਹਤਰ ਵਿਕਲਪ ਇਹ ਹੋ ਸਕਦਾ ਹੈ ਕਿ ਤੁਸੀਂ ਇਨ੍ਹਾਂ ਨੂੰ ਡਿਲੀਜ਼ ਕਰ ਦਿਓ। ਇਸ ਨੂੰ ਕਰਨ ਲਈ ਸਭ ਤੋਂ ਪਹਿਲਾਂ ਘਮਓਲਿ ਖੋਲ੍ਹੋ। ਸਰਚ ਬਾਰ ਵਿੱਚ ਵਿੱਚ “Unread” ਟਾਈਪ ਕਰੋ। ਸਾਰੀਆਂ Unread ਈਮੇਲਾਂ ਨੂੰ ਸਲੈਕਟ ਕਰੋ ਅਤੇ ਉਹਨਾਂ ਨੂੰ ਡਿਲੀਟ ਕਰ ਦਿਓ। ਇਸ ਤੋਂ ਇਲਾਵਾ ਤੁਸੀਂ ਬੇਲੋੜੀ ਐਕਸਟੈਂਸ਼ਨਾਂ ਨੂੰ ਵੀ ਬੰਦ ਕਰ ਸਕਦੇ ਹੋ। ਕਿਸੇ ਵੀ Gmail ਐਕਸਟੈਂਸ਼ਨ ਨੂੰ ਡਿਸੇਬਲ ਕਰ ਕੇ ਤੁਸੀਂ ਸਪੀਡ 'ਚ ਸੁਧਾਰ ਸਕਦੇ ਹੋ। ਇਹਨਾਂ ਆਸਾਨ ਟਿਪਸ ਨੂੰ ਅਪਣਾ ਕੇ ਤੁਸੀਂ Gmail ਸਟੋਰੇਜ ਖਾਲੀ ਕਰ ਸਕਦੇ ਹੋ।

## ਗੂਗਲ ਨੇ ਐਂਡਰਾਇਡ 16 ਦਾ ਐਲਾਨ, ਮਿਲਣਗੇ ਕਈ ਨਵੇਂ ਅਪਡੇਟਸ

ਜੇਕਰ ਤੁਸੀਂ ਵੀ ਐਂਡਰਾਇਡ ਯੂਜ਼ਰਜ਼ ਹੋ ਤਾਂ ਤੁਹਾਡੇ ਲਈ ਬਹੁਤ ਵੱਡੀ ਖ਼ਬਰ ਹੈ। ਗੂਗਲ ਨੇ ਐਂਡਰਾਇਡ 16 ਦਾ ਐਲਾਨ ਕਰ ਦਿੱਤਾ ਹੈ, ਹਾਲਾਂਕਿ ਫਿਲਹਾਲ ਸਿਰਫ ਐਂਡਰਾਇਡ 16 ਦਾ ਡਿਵੈਲਪਰ ਪ੍ਰੀਵਿਊ ਹੀ ਰਿਲੀਜ਼ ਕੀਤਾ ਗਿਆ ਹੈ। ਐਂਡਰਾਇਡ 16 ਦਾ ਇਹ ਡਿਵੈਲਪਰ ਪ੍ਰੀਵਿਊ ਆਮ ਯੂਜ਼ਰਜ਼ ਲਈ ਨਹੀਂ ਹੈ। ਇਸ ਨੂੰ ਸਿਰਫ ਡਿਵੈਲਪਰਾਂ ਲਈ ਹੀ ਜਾਰੀ ਕੀਤਾ ਗਿਆ ਹੈ। ਐਂਡਰਾਇਡ 16 ਨੂੰ ਸਾਲ 2025 'ਚ ਪੂਰੀ ਤਰ੍ਹਾਂ ਰਿਲੀਜ਼ ਕੀਤਾ ਜਾਵੇਗਾ। ਡਿਵੈਲਪਰ ਪ੍ਰੀਵਿਊ ਇਕ ਟੈਸਟ ਵਰਜ਼ਨ ਹੁੰਦਾ ਹੈ ਜਿਸ ਨੂੰ ਡਿਵੈਲਪਰ ਟੈਸਟ ਕਰਦੇ ਹਨ ਅਤੇ ਉਸ ਵਿਚ ਬਗ ਨੂੰ ਚੈੱਕ ਕਰਦੇ ਹਨ। ਡਿਵੈਲਪਰ ਪ੍ਰੀਵਿਊ ਪੂਰਾ ਹੋਣ ਤੋਂ ਬਾਅਦ ਆਮ ਯੂਜ਼ਰਜ਼ ਲਈ ਸਟੇਬਲ ਅਪਡੇਟ ਰਿਲੀਜ਼ ਕੀਤੀ ਜਾਂਦੀ ਹੈ।

2025 'ਚ ਆਉਣ ਵਾਲੇ ਦੋ ਵੱਡੇ ਐਂਡਰਾਇਡ ਅਪਡੇਟ

Q2 2025: ਮੁੱਖ ਰਿਲੀਜ਼ ਜਿਸ ਵਿਚ ਪ੍ਰਮੁੱਖ ਅਪਡੇਟ, ਨਵੇਂ ਫੀਚਰਜ਼ ਅਤੇ ਸੰਭਾਵਿਤ ਬਦਲਾਅ ਹੋਣਗੇ, ਜੋ ਐਪਸ ਨੂੰ ਪ੍ਰਭਾਵਿਤ ਕਰ ਸਕਦੇ ਹਨ।

Q4 2025: ਇਕ ਛੋਟੀ ਅਪਡੇਟ, ਜੋ ਕੁਝ ਫੀਚਰਜ਼ ਅਤੇ ਬਗ ਫੀਕਸ ਜੋੜਦੇ ਹੋਏ ਐਪਸ ਦੇ ਕੰਮਕਾਜ 'ਚ ਬਦਲਾਅ ਨਹੀਂ ਕਰੇਗੀ।




ਐਂਡਰਾਇਡ 16 ਦੇ ਨਵੇਂ ਫੀਚਰਜ਼

- ਇਨਬਿਲਟ ਫੋਟੋ ਪਿਕਰ- ਐਪਸ 'ਚ ਹੁਣ ਬਿਲਟ ਇਨ ਫੋਟੋ ਪਿਕਰ ਸ਼ਾਮਲ ਕੀਤਾ ਜਾ ਸਕਦਾ ਹੈ, ਜਿਸ ਨਾਲ ਯੂਜ਼ਰਜ਼ ਆਪਣੀ ਗੈਲਰੀ ਤਕ ਪੂਰਾ ਐਕਸੈਸ ਦਿੱਤੇ ਬਿਨਾਂ ਹੀ ਫੋਟੋ ਅਤੇ ਵੀਡੀਓ ਚੁਣ ਸਕਦੇ ਹਨ। ਇਹ ਫੀਚਰ ਸੁਰੱਖਿਆ ਅਤੇ ਪ੍ਰਾਈਵੇਸੀ ਨੂੰ ਬਿਹਤਰ ਬਣਾਉਂਦਾ ਹੈ।
- ਹੈਲਥ ਰਿਕਾਰਡਸ ਐਕਸੈਸ- ਇਕ ਨਵਾਂ ਫੀਚਰ ਜੋ ਯੂਜ਼ਰਜ਼ ਦੀ ਸਹਿਮਤੀ ਨਾਲ ਮੈਡੀਕਲ ਰਿਕਾਰਡਸ ਨੂੰ ਐਕਸੈਸ ਕਰਨ ਦੀ ਮਨਜ਼ੂਰੀ ਦੇਵੇਗਾ। ਇਹ ਫੀਚਰ ਅਜੇ ਟੈਸਟਿੰਗ 'ਚ ਹੈ ਅਤੇ ਮੁੱਖ ਰੂਪ ਨਾਲ ਹੈਲਥਕੇਅਰ ਐਪ ਡਿਵੈਲਪਰਾਂ ਲਈ ਡਿਜ਼ਾਈਨ ਕੀਤਾ ਗਿਆ ਹੈ।
- ਪ੍ਰਾਈਵੇਸੀ ਸੈਂਡਬਾਕਸ- ਗੂਗਲ ਪ੍ਰਾਈਵੇਸੀ ਸੈਂਡਬਾਕਸ 'ਚ ਸੁਧਾਰ ਜਾਰੀ ਰੱਖਦੇ ਹੋਏ ਜੋ ਐਪਸ ਨੂੰ ਯੂਜ਼ਰਜ਼ ਡਾਟਾ ਨੂੰ ਇਕੱਠਾ ਅਤੇ ਸਾਂਝਾ ਕਰਨ 'ਤੇ ਸੀਮਿਤ ਕਰਦਾ ਹੈ। ਇਹ ਤੁਹਾਡੀ ਨਿੱਜੀ ਜਾਣਕਾਰੀ ਨੂੰ ਸੁਰੱਖਿਅਤ ਰੱਖਣ ਲਈ ਡਿਜ਼ਾਈਨ ਕੀਤਾ ਗਿਆ ਹੈ।
- ਆਸਾਨ ਐਪ ਟੈਸਟਿੰਗ- ਡਿਵੈਲਪਰਾਂ ਲਈ ਨਵੇਂ ਟੈਸਟਿੰਗ ਟੂਲਸ ਪੇਸ਼ ਕੀਤੇ ਗਏ ਹਨ, ਜਿਸ ਨਾਲ ਉਹ ਬਿਨਾਂ ਐਪ ਨੂੰ ਪ੍ਰਭਾਵਿਤ ਕੀਤੇ ਨਵੇਂ ਐਂਡਰਾਇਡ ਫੀਚਰਜ਼ ਨੂੰ ਟੈਸਟ ਕਰ ਸਕਦੇ ਹਨ। ਇਹ ਟੂਲ ਮੁੱਖ ਅਤੇ ਛੋਟੀ ਅਪਡੇਟ ਲਈ ਵੱਖ-ਵੱਖ ਟੈਸਟਿੰਗ 'ਚ ਮਦਦ ਕਰੇਗਾ।

# ਕਾਵਿ ਕਿਆਰੀ

## ਬਾਪ ਜਿਹਾ ਕਿਰਦਾਰ

ਫੁੱਲ ਹੋਰ ਵੀ ਬੇਸ਼ੱਕ ਨੇ ਬੜੇ ਸੋਹਣੇ,
ਗੁਲਾਬ ਵਰਗਾ ਨਾ ਖੁਸ਼ਬੂਦਾਰ ਹੋਵੇ।

ਨਗ ਲੱਖਾਂ ਜੜਾ ਲਉ ਗਹਿਣਿਆਂ ਵਿੱਚ,
ਹੀਰੇ ਜਿਹਾ ਨਾ ਕੋਈ ਚਮਕਦਾਰ ਹੋਵੇ।

ਰਿਸ਼ਤੇ ਜੱਗ 'ਤੇ ਭਾਵੇਂ ਹਜ਼ਾਰ ਹੋਵਣ,
ਪਿਓ ਵਰਗਾ ਨਾ ਮਦਦਗਾਰ ਹੋਵੇ।

ਤਾਏ ਚਾਚੇ ਬੇਸ਼ੱਕ ਹੋਣ ਜਿੰਨੇ ਮਰਜ਼ੀ,
ਬਾਪ ਜਿਹਾ ਨਾ ਕਿਤੇ ਕਿਰਦਾਰ ਹੋਵੇ।

ਲੱਖਾਂ ਕਰੋੜਾਂ ਵਿੱਚ ਭਾਵੇਂ ਖੇਡੇ ਬੰਦਾ,
ਮਾਂ ਪਿਓ ਦਾ ਸਦਾ ਕਰਜ਼ਦਾਰ ਹੋਵੇ।

ਮਨ ਨੀਵਾਂ ਤੇ ਸੋਚ ਨੂੰ ਉੱਚੀ ਰੱਖੀਏ,
ਸੋਚ ਉੱਚੀ ਨਾਲ ਚੰਗਾ ਵਿਹਾਰ ਹੋਵੇ।

ਮੁਰੀਦ ਦਿਲ ਦੇ ਭਾਵੇਂ ਹੋਣ ਲੱਖਾਂ,
ਦਿਲ ਉੱਥੇ ਲਾਈਏ ਜਿਹੜਾ ਕਦਰਦਾਨ ਹੋਵੇ।

ਕੋਇਲ ਉਦੋਂ ਹੀ ਬਾਗੀਂ ਕੂਕਦੀ ਏ,
ਜਦੋਂ ਅੰਬਾਂ ਤੇ ਆਈ ਬਹਾਰ ਹੋਵੇ।

ਧੀ ਪੁੱਤ ਨਾ ਕਦੇ ਵਿਆਹੀਏ ਉੱਥੇ,
ਨਸ਼ਿਆਂ ਦਾ ਜਿੱਥੇ ਕਾਰੋਬਾਰ ਹੋਵੇ।

'ਪਸਨਾਵਾਲੀਆ' ਫ਼ੌਜਾਂ ਉਹ ਕਦੇ ਜਿੱਤੀਆਂ ਨਾ,
ਫ਼ੌਜਾਂ ਜਿਹੜੀਆਂ ਦੇ ਵਿੱਚ ਗ਼ਦਾਰ ਹੋਵੇ।

**ਲੇਖਕ : ਸੁੱਚਾ ਸਿੰਘ ਪਸਨਾਵਾਲ**
**ਸੰਪਰਕ: 99150-33740**

## ਗ਼ਜ਼ਲ

ਜਿਸ ਬੰਦੇ ਦਾ ਮੰਗ ਕੇ ਖੀਸਾ ਭਰ ਜਾਂਦਾ ਹੈ।
ਸਮਝੋ ਉਸ ਦਾ ਕੰਮ ਬਿਨਾਂ ਵੀ, ਸਰ ਜਾਂਦਾ ਹੈ।
ਦੁੱਖ 'ਚ ਅਪਣਾ ਹੋਵੇ ਜੇ ਕੋਈ ਨਾਲ ਖੜ੍ਹਾ,
ਤਾਂ ਫਿਰ ਬੰਦਾ ਲੱਖਾਂ ਦੁੱਖ ਵੀ ਜਰ ਜਾਂਦਾ ਹੈ।

ਬੰਦਾ ਇਹ ਨਾ ਸੋਚੇ ਮੈਂ ਗ਼ਲਤੀ ਕਰਦਾ ਨਹੀਂ,
ਜੀਵਨ ਦੇ ਵਿੱਚ ਬੰਦਾ ਗਲਤੀ ਕਰ ਜਾਂਦਾ ਹੈ।
ਜਿਉਂਦੇ ਜੀਅ ਤਾਂ ਜਿਸ ਨੂੰ ਮਾੜਾ ਆਖਣ ਲੋਕੀ,
ਐਪਰ ਚੰਗਾ ਆਖਣ ਜਦ ਉਹ ਮਰ ਜਾਂਦਾ ਹੈ।

ਉਸ ਨੂੰ ਚੇਤੇ ਰੱਖਣ ਲੋਕ ਕਦੇ ਨਾ ਭੁੱਲਣ,
ਸੱਚ ਲਈ ਜੋ ਜਾਨ ਤਲੀ 'ਤੇ ਧਰ ਜਾਂਦਾ ਹੈ।
ਜਿਹੜਾ ਮਨ ਚਿੱਤ ਲਾ ਕੇ ਪੜ੍ਹਦਾ ਨਿੱਤ ਗੁਰਬਾਣੀ,
'ਗੋਸਲ' ਉਸ ਦਾ ਡੁੱਬਦਾ ਬੇੜਾ ਤਰ ਜਾਂਦਾ ਹੈ।

**ਲੇਖਕ : ਗੁਰਵਿੰਦਰ ਸਿੰਘ 'ਗੋਸਲ'**
**ਸੰਪਰਕ: 97796-96042**

## ਗ਼ਜ਼ਲ

ਜਿਸ ਬੰਦੇ ਦਾ ਮੰਗ ਕੇ ਖੀਸਾ ਭਰ ਜਾਂਦਾ ਹੈ।
ਸਮਝੋ ਉਸ ਦਾ ਕੰਮ ਬਿਨਾਂ ਵੀ, ਸਰ ਜਾਂਦਾ ਹੈ।
ਦੁੱਖ 'ਚ ਅਪਣਾ ਹੋਵੇ ਜੇ ਕੋਈ ਨਾਲ ਖੜ੍ਹਾ,
ਤਾਂ ਫਿਰ ਬੰਦਾ ਲੱਖਾਂ ਦੁੱਖ ਵੀ ਜਰ ਜਾਂਦਾ ਹੈ।
ਬੰਦਾ ਇਹ ਨਾ ਸੋਚੇ ਮੈਂ ਗ਼ਲਤੀ ਕਰਦਾ ਨਹੀਂ,
ਜੀਵਨ ਦੇ ਵਿੱਚ ਬੰਦਾ ਗਲਤੀ ਕਰ ਜਾਂਦਾ ਹੈ।
ਜਿਉਂਦੇ ਜੀਅ ਤਾਂ ਜਿਸ ਨੂੰ ਮਾੜਾ ਆਖਣ ਲੋਕੀ,
ਐਪਰ ਚੰਗਾ ਆਖਣ ਜਦ ਉਹ ਮਰ ਜਾਂਦਾ ਹੈ।
ਉਸ ਨੂੰ ਚੇਤੇ ਰੱਖਣ ਲੋਕ ਕਦੇ ਨਾ ਭੁੱਲਣ,
ਸੱਚ ਲਈ ਜੋ ਜਾਨ ਤਲੀ 'ਤੇ ਧਰ ਜਾਂਦਾ ਹੈ।
ਜਿਹੜਾ ਮਨ ਚਿੱਤ ਲਾ ਕੇ ਪੜ੍ਹਦਾ ਨਿੱਤ ਗੁਰਬਾਣੀ,
'ਗੋਸਲ' ਉਸ ਦਾ ਡੁੱਬਦਾ ਬੇੜਾ ਤਰ ਜਾਂਦਾ ਹੈ।

**ਗੁਰਵਿੰਦਰ ਸਿੰਘ 'ਗੋਸਲ'**
**ਸੰਪਰਕ: 97796-96042**

## ਯਾਦ ਦੇ ਦੁਆਰੇ

ਰੋਜ਼ ਚੱਲਦਾ ਹਾਂ
ਰੁਕਦਾ ਹਾਂ
ਥੱਕਦਾ ਹਾਂ
ਆਖਿਰ ਪਹੁੰਚ ਜਾਂਦਾ ਹਾਂ
ਤੇਰੀ ਯਾਦ ਦੇ ਦੁਆਰੇ।
ਮਨ ਏ ਕਮਲਾ
ਹੈ ਦੁਬਿਧਾ ਅੰਦਰ
ਸੋਚਦਾ ਏ
ਮਰੇ ਘੁਟ-ਘੁਟ
ਜਾਂ ਪੀਵੇ ਹੰਝੂ ਖਾਰੇ।
ਯਾਦ ਤੇਰੀ ਏ
ਰਹਿਮ ਤੋਂ ਹੀਣੀ
ਰੱਤ ਦੀ ਪਿਆਸੀ
ਕਰਦੀ ਜ਼ੁਲਮ ਏ
ਸੂਲੀ ਗ਼ਮਾਂ ਦੀ ਚਾੜ੍ਹੇ।
ਤੇਰੀ ਮੂਰਤ
ਬੜੀ ਖੂਬਸੂਰਤ
ਆ ਕੇ ਵਿੱਚ ਸੁਫ਼ਨਿਆਂ
ਅਗਨ ਬਲਦੇ ਦਿਲ ਦੀ
ਕੁਝ ਪਲ ਲਈ ਠਾਰੇ।
ਰੁੱਤ ਵਿਛੋੜੇ ਵਾਲੀ
ਆਈ ਏ
ਦਿਲ ਦੀ ਸੁਹਲ ਧਰਤ 'ਤੇ
ਪਾਲੇ ਫੁੱਲ ਅਰਮਾਨਾਂ ਨਾਲ
ਇੱਕ ਨਿਮਖ ਵਿੱਚ ਝਾੜੇ।
ਤੇਰੇ ਬਾਅਦ
ਹਰ ਇੱਕ ਰਾਤ
ਬਿਤਾਈ ਕਿੰਵ
ਕੋਈ ਨਾ ਜਾਣਦਾ
ਗਵਾਹ ਨੇ ਅੰਬਰ ਦੇ ਤਾਰੇ।
ਤੇਰੇ ਸਿਵੇ ਦੀ ਰਾਖ ਵਾਂਙ
ਸੁਲਗ ਰਿਹਾ ਏ ਦਿਲ
ਦਿਨ ਢਲੇ
ਸ਼ਾਮ ਪਈ 'ਤੇ
ਮਨ ਤੈਨੂੰ
ਰੂਹ ਤੇਰੇ ਪਿਆਰ ਨੂੰ ਪੁਕਾਰੇ।
ਰੋਜ਼ ਚੱਲਦਾ ਹਾਂ
ਰੁਕਦਾ ਹਾਂ
ਥੱਕਦਾ ਹਾਂ
ਆਖਿਰ ਪਹੁੰਚ ਜਾਂਦਾ ਹਾਂ
ਤੇਰੀ ਯਾਦ ਦੇ ਦੁਆਰੇ।
ਮਨ ਹੈ ਕਮਲਾ
ਹੈ ਦੁਬਿਧਾ ਅੰਦਰ
ਸੋਚਦਾ ਹੈ
ਮਰੇ ਘੁਟ-ਘੁਟ
ਜਾਂ ਪੀਵੇ ਹੰਝੂ ਖਾਰੇ।

**ਲੇਖਕ : ਹਰਸਿਮਰਤ ਸਿੰਘ**
**ਸੰਪਰਕ: 94786-50013**

## ਰਿਜ਼ਕ ਰੁਲਦਾ

ਖੁਸ਼ੀਆਂ ਵਿੱਚ ਉਦਾਸੀ ਦੇ ਬਦਲ ਗਈਆਂ,
ਨਮੀ ਵਾਲੇ ਝੋਨੇ ਸਾਹ ਸੁਕਾਏ ਪਏ ਨੇ।
ਝੋਨਾ ਗਿੱਲਾ ਤੇਰਾ ਇਹਨੂੰ ਹੁਣ ਕੱਟ ਲੱਗੂ,
ਸੁਣ ਕਿਸਾਨਾਂ ਦੇ ਚਿਹਰੇ ਮੁਰਝਾਏ ਪਏ ਨੇ।

ਆੜ੍ਹਤੀਏ ਵੀ ਗੁੱਸੇ 'ਚ ਹੋਣ ਲਾਲ ਪੀਲੇ,
ਨਹੁੰ ਮਾਸ ਦੇ ਰਿਸ਼ਤੇ ਕੁਮਲਾਏ ਪਏ ਨੇ।
ਕਿਸਾਨ ਪੁੱਛਦਾ ਏ ਹਾਕਮੋ ਕੀ ਕਸੂਰ ਮੇਰਾ,
ਸੋਨੇ ਮਿੱਟੀ ਵਿੱਚ ਕਾਹਤੋਂ ਰੁਲਾਏ ਪਏ ਨੇ।

ਪੱਕਦੀ ਫ਼ਸਲ ਜਦੋਂ ਖੱਜਲ ਬੜਾ ਕਰਦੇ,
ਉਂਜ ਅੰਨਦਾਤਾ ਦੇ ਲੇਬਲ ਲਾਏ ਪਏ ਨੇ।
ਸੰਧੂਆ ਦੇਖ ਕਿਵੇਂ ਮੰਡੀ 'ਚ ਰਿਜ਼ਕ ਰੁਲਦਾ,
ਕੀ ਫ਼ਾਇਦੇ ਨੇ ਭਾਣੇ ਵਰਤਾਏ ਪਏ ਨੇ।

**ਲੇਖਕ : ਹਰਬਿੰਦਰ ਸਿੰਘ ਸੰਧੂ**
**ਸੰਪਰਕ: 97810-81888**

## ਰੰਗੋਂ ਬਦਰੰਗ

ਬਾਣਾ ਪਹਿਣ ਗੁਰੂ ਦਸ਼ਮੇਸ਼ ਵਾਲਾ,
ਪ੍ਰਣ ਕਰਕੇ ਗਿਆ ਭੁੱਲ ਬਾਬਾ।
ਜਾ ਝੋਲੀ ਪਿਆ ਦੁਸ਼ਮਣਾਂ ਦੀ,
ਚੁੱਕ ਤੁਰਿਆ ਤੱਪੜ ਜੁੱਲ ਬਾਬਾ।

ਆ ਲਾਲਚ ਗਿਆ ਪਦਾਰਥਾਂ ਦੇ,
ਵੇਖ ਟੁਕੜ ਗਿਆ ਡੁੱਲ ਬਾਬਾ।
ਅੰਦਰ ਖਾਤੇ ਗਿਆ ਰਲਾ ਸੀਟੀ,
ਅਣਖ ਵੇਚ ਕੌਡੀਏਂ ਮੁੱਲ ਬਾਬਾ॥

ਬਿਨ ਸੋਚੇ ਸਮਝੇ ਮਾਰ ਬੈਠਾ,
ਮੂੰਹ ਜ਼ੁਬਾਨ ਫਰਕਾ ਬੁੱਲ੍ਹ ਬਾਬਾ।
ਝੱਟ ਰੰਗੋਂ ਹੋ ਬਦਰੰਗ ਗਿਆ
ਜਦ ਭਗਵਾਂ ਗਿਆ ਡੁੱਲ੍ਹ ਬਾਬਾ।

ਛੱਡ ਆਪਣਿਆਂ ਦਾ ਸਾਥ 'ਭਗਤਾ',
ਗਿਆ ਵਿੱਚ ਬਿਗਾਨਿਆਂ ਰੁਲ ਬਾਬਾ।
ਜੀਅ ਜਾਂਦਾ ਕਰਕੇ ਸਿਰ ਉੱਚਾ,
ਕਿਤੇ ਰਹਿੰਦਾ ਗੈਰਾਂ ਤੁੱਲ ਬਾਬਾ।

**ਲੇਖਕ : ਬਰਾੜ 'ਭਗਤਾ ਭਾਈ ਕਾ'**
**+1-604-751-1113**

## ਗ਼ਜ਼ਲ

ਕਿਹੜੇ ਬੁਰੇ ਵਕਤ ਖੌਰੇ ਦੁਆਵਾਂ ਭੇਜ ਹੋ ਗਈਆਂ।
ਦੀਵੇ ਬੁਝਣ ਜੋ ਲੱਗੇ ਨੇ ਹਵਾਵਾਂ ਤੇਜ਼ ਹੋ ਗਈਆਂ।

ਬਹੁਤ ਭੱਜਿਆ ਮੈਂ ਕਿ ਵਕਤ ਦੇ ਨਾਲ ਰਲ ਜਾਵਾਂ,
ਜਿੰਨਾ ਤੇਜ਼ ਭੱਜਿਆ ਇਹ ਰਾਹਵਾਂ ਤੇਜ਼ ਹੋ ਗਈਆਂ।

ਸੁਪਨੇ 'ਚ ਵੇਖਿਆ ਰਾਤੀਂ ਮੈਂ ਜਦ ਪੰਜਾਬ ਨੂੰ,
ਘਬਰਾ ਕੇ ਉੱਠ ਬੈਠਿਆ ਸਾਹਵਾਂ ਤੇਜ਼ ਹੋ ਗਈਆਂ।

ਉਨ੍ਹਾਂ ਦੇਖ ਲਿਆ ਮੈਨੂੰ ਕੱਲ੍ਹ ਗਲੀ ਚੋਂ ਲੰਘਦੇ,
ਨਜ਼ਰਅੰਦਾਜ ਵੀ ਕੀਤਾ ਨਿਗਾਵਾਂ ਤੇਜ਼ ਹੋ ਗਈਆਂ।

ਅੰਦਰ ਹੱਕ ਮੰਗਣ ਵਾਲੇ ਬਾਹਰ ਨੇ ਲੁੱਟਣ ਵਾਲੇ,
ਉਂਝ ਸੁਣਨ 'ਚ ਸੁਣੀਂਦਾ ਸਜ਼ਾਵਾਂ ਤੇਜ਼ ਹੋ ਗਈਆਂ।

ਰਾਂਝੇ ਜਿਸਮਾਂ ਦੇ ਭੁੱਖੇ ਤੇ ਹੀਰਾਂ ਦੀ ਦੌੜ ਦੌਲਤਾਂ,
ਅੱਜਕੱਲ੍ਹ ਇਸ਼ਕ ਦੇ ਕਿੱਸੇ ਵਫ਼ਾਵਾਂ ਤੇਜ਼ ਹੋ ਗਈਆਂ।

ਸ਼ਬਦਾਂ ਨਾਲ ਬਣਾਕੇ ਰੱਖ 'ਜਗਤਾਰ' ਜੇ ਤੂੰ ਸ਼ਾਇਰ,
ਸੁਣ ਸ਼ਾਇਰਾ ਗ਼ਜ਼ਲਾਂ ਤੇ ਕਵਿਤਾਵਾਂ ਤੇਜ਼ ਹੋ ਗਈਆਂ।

**ਲੇਖਕ : ਜਗਤਾਰ ਸਕਰੌਦੀ**
**ਸੰਪਰਕ: 94630-36033**

## ਪਿੰਡ ਭੁਲਾਈ ਜਾਂਦੇ ਹਾਂ

ਆਲ੍ਹਣਿਆਂ ਨੂੰ ਛੱਡ ਕੇ, ਪਿੰਡ ਭੁਲਾਈ ਜਾਂਦੇ ਹਾਂ,
ਘੁਰਨਿਆਂ ਅੰਦਰ, ਪੱਥਰ ਖੂਬ ਲਗਾਈ ਜਾਂਦੇ ਹਾਂ।
ਮੋਹ ਪਿਆਰ ਦੇ ਰਿਸ਼ਤੇ, ਅੰਦਰੋਂ ਖਾਲੀ ਢੋਲ ਬਣੇ,
ਪੈਸਿਆਂ ਪਿੱਛੇ ਖੂਨ ਦਾ ਰੰਗ ਵਟਾਈ ਜਾਂਦੇ ਹਾਂ।

ਆਧੁਨਿਕਤਾ ਦੇ ਰੰਗ ਚ ਰੰਗ ਕੇ, ਹੀਰੋ ਬਣਦੇ ਹਾਂ,
ਰੀਸੋ ਰੀਸੀ ਜੁਆਕ ਜਹਾਜ਼ ਚੜ੍ਹਾਈ ਜਾਂਦੇ ਹਾਂ।

ਹਵਾ 'ਚ ਉੱਡੇ ਫਿਰਦੇ ਆਂ, ਘੁੱਟ ਲਾਲ ਪਰੀ ਪੀ ਕੇ,
ਕਾਲੀ ਮਾਈ, ਚਿੱਟੇ ਦੇ ਕਸ਼ ਲਾਈ ਜਾਂਦੇ ਹਾਂ।

ਆਲੀਸ਼ਾਨ ਬਣਾ ਲਏ ਬੰਗਲੇ, ਵੇਚ ਜ਼ਮੀਨਾਂ ਨੂੰ,
ਤਾਲੇ ਲਾ ਕੇ, ਡਾਲਰ ਖੂਬ ਕਮਾਈ ਜਾਂਦੇ ਹਾਂ।
ਸਾਡੇ ਸਿਰਾਂ 'ਤੇ ਸਾਡੀਆਂ ਜੁੱਤੀਆਂ ਮਾਰ ਕੇ ਜਾਂਦਾ ਹੈ,
ਵੋਟਾਂ ਮੁੜ ਮੁੜ ਓਸੇ ਨੂੰ ਹੀ ਪਾਈ ਜਾਂਦੇ ਹਾਂ।

**ਲੇਖਕ : ਪੋਰਿੰਦਰ ਸਿੰਗਲਾ**
**ਸੰਪਰਕ: 95010-00276**

## ਧੀਆਂ

ਜਦੋਂ ਘਰ ਵਿੱਚ ਪੈਰ ਪਾਉਣ ਧੀਆਂ
ਖੁਸ਼ੀਆਂ ਖੇੜੇ ਨਾਲ ਲਿਆਉਣ ਧੀਆਂ।

ਪੁੱਤ ਕਪੁੱਤ ਤਾਂ ਕਦੀ ਹੋ ਸਕਦੇ
ਮਾਪਿਆਂ ਦਾ ਦਰਦ ਵੰਡਾਉਣ ਧੀਆਂ।

ਜਦੋਂ ਖੁਸ਼ੀਆਂ ਦੇ ਘਰ ਆਉਣ ਮੌਕੇ
ਰਲ ਮਿਲਕੇ ਆਨੰਦ ਵਧਾਉਣ ਧੀਆਂ

ਨਰੋਈ ਸੋਚ ਤੇ ਉੱਚੀਆਂ ਕਰਨ ਗੱਲਾਂ
ਇੱਥੇ ਉੱਥੇ ਵੀ ਸ਼ਾਨ ਵਧਾਉਣ ਧੀਆਂ।

ਸਹੁਰੇ ਜਾ ਕੇ ਨਵਾਂ ਉਹ ਜਨਮ ਲੈਵਣ
ਨਵਾਂ ਰੰਗ ਤੇ ਰੂਪ ਹੰਢਾਉਣ ਧੀਆਂ

ਜੀਵਨ ਵਿੱਚ ਤਿਆਗ ਦੀ ਬਣ ਮੂਰਤ
ਖੇੜੇ ਘਰਾਂ ਦੇ ਵਿੱਚ ਵਰਤਾਉਣ ਧੀਆਂ।

ਧੀਆਂ ਬਾਝ ਹੈ 'ਮਾਨਾ' ਜਗ ਸੁੰਨਾ
ਭਲੇ ਬੁਰੇ ਦੀ ਸਮਝ ਕਰਾਉਣ ਧੀਆਂ

ਦੋਨਾਂ ਪਰਿਵਾਰਾਂ ਦੀ ਆਨ ਤੇ ਸ਼ਾਨ ਬਣਕੇ
ਸਦਾ ਜਗ 'ਤੇ ਨਾਮ ਰੁਸ਼ਨਾਉਣ ਧੀਆਂ।

**ਲੇਖਕ : ਬਲਜਿੰਦਰ ਮਾਨ**
**ਸੰਪਰਕ: 98150-18947**

## ਗ਼ਜ਼ਲ

ਇਹੋ ਜਿਹੀ ਕਿਸੇ ਨੂੰ ਮੁਹੱਬਤ ਨਾ ਹੋਵੇ,
ਕਿ ਦੋ ਪਲ ਜੀਣ ਦੀ ਮੋਹਲਤ ਨਾ ਹੋਵੇ।

ਜਿਸ ਲਈ ਪੈ ਜਾਵੇ ਸੂਲੀ 'ਤੇ ਚੜ੍ਹਨਾ,
ਕੋਈ ਇਸ ਤਰ੍ਹਾਂ ਦੀ ਜ਼ਰੂਰਤ ਨਾ ਹੋਵੇ।

ਨਜ਼ਰਾਂ 'ਚੋਂ ਡਿੱਗ ਜਾਂਦੇ ਬੇਨਜ਼ੀਰ ਬੰਦੇ,
ਨਜ਼ਰਾਂ ਦੀ ਜੇਕਰ ਇਨਾਇਤ ਨਾ ਹੋਵੇ।

ਗ਼ੁਰਬਤ ਦਾ ਵਿਹੜਾ ਕਿਆਮਤ ਤੋਂ ਭੈੜਾ,
ਗ਼ਰੀਬਾਂ ਦੇ ਵਿਹੜੇ ਕਿਆਮਤ ਨਾ ਹੋਵੇ।

ਤੇਰੇ ਪਿਆਰ ਏਨਾ ਮੈਂ ਮਸ਼ਰੂਫ ਹੋ ਜਾਵਾਂ
ਕਿ ਮੈਨੂੰ ਮਰਨ ਦੀ ਵੀ ਫੁਰਸਤ ਨਾ ਹੋਵੇ।

ਓਹ ਖ਼ਾਬਾਂ 'ਚ ਆਵੇ ਤੇ ਮੈਂ ਜਾਗ ਜਾਵਾਂ,
ਏਨੀ ਵੀ ਮਾੜੀ ਇਹ ਕਿਸਮਤ ਨਾ ਹੋਵੇ।

**ਲੇਖਕ : ਰੋਜ਼ੀ ਸਿੰਘ**
**ਸੰਪਰਕ: 99889-64633**

## ਦੋਹੇ

ਆਲ੍ਹੇ ਭੋਲੇ ਲਾਡਲੇ ਤੁਰਦੇ ਜਾਣ ਸਕੂਲ
ਆਖਣ ਚਾਨਣ ਲੱਭਣਾ 'ਨੇ੍ਹਰਾ ਨਹੀਂ ਕਬੂਲ।
ਜਗਦੀ ਜੋਤ ਗਿਆਨ ਦੀ ਚੱਲ ਸਕੂਲੇ ਵੇਖ
ਜੋਤ ਏਸ ਨੂੰ ਵੇਖ ਕੇ ਬਦਲ ਜਾਣਗੇ ਲੇਖ।
ਫੜ ਕੇ ਕਲਮ ਦਵਾਤ ਤੂੰ ਅੱਖਰ ਲਿਖਦਾ ਚੱਲ
ਸੂਰਜ ਬਣ ਬਣ ਅੱਖਰਾਂ ਰੌਸ਼ਨ ਕਰਨਾ ਕੱਲ੍ਹ।
ਅੱਖਰ ਅੱਖਰ ਬੋਲ ਕੇ ਕਲਮ ਚਲਾਉਣੀ ਸਿੱਖ
ਕਰ ਤੂੰ ਮਿਹਨਤ ਰੱਜਵੀਂ ਸੁੰਦਰ ਬਣੂੰ ਭਵਿੱਖ।
ਬਾਲਾਂ ਹੱਥੀਂ ਜਾਪਦੀ ਕਲਮ ਜਿਉਂ ਸ਼ਮਸ਼ੀਰ
ਅਨਪੜ੍ਹਤਾ ਦਾ ਟਾਕਰਾ ਕਰਦੇ ਨੰਨ੍ਹੇ ਵੀਰ।
ਆਖੇ ਮਾਂ ਨੂੰ ਲਾਡਲੀ ਕੀ ਮੈਂ ਕਰਨਾ ਦਾਜ
ਗਹਿਣਾ ਇੱਕੋ ਮੰਗਦੀ ਦੇ ਵਿਦਿਆ ਦਾ ਤਾਜ।
ਅੱਖਰ 'ਵਾਜਾਂ ਮਾਰਦੇ ਅੱਖਰ ਕਰਨ ਕਲੋਲ
ਆਵੇ ਬੀਬੇ ਬੱਚਿਓ ਬੋਲੋ ਮਿਠੜੇ ਬੋਲ।
ਰਲ ਮਿਲ ਆਪਾਂ ਰੱਖਣਾ ਆਲ ਦੁਆਲਾ ਸਾਫ਼
ਜਿਹੜੇ ਪਾਉਂਦੇ ਗੰਦਗੀ ਕਰੋ ਕਦੇ ਨਾ ਮਾਫ਼।
ਤੋਹਫ਼ਾ ਸਭ ਤੋਂ ਕੀਮਤੀ ਹੁੰਦੀ ਇੱਕ ਕਿਤਾਬ
ਸਾਰੀ ਉਮਰ ਪੁਆਂਵਦੀ ਝੋਲੀ ਵਿੱਚ ਖ਼ਿਤਾਬ

**ਲੇਖਕ : ਨਿਰਮਲ ਸਿੰਘ ਰੱਤਾ**

## ਮਾਏ

ਕਿਉਂ ਤੂੰ ਮੇਰੀ ਖਾਤਰ
ਮਾਏ ਆਪਣੇ ਸੁਪਨੇ ਮਾਰ ਗਈ

ਤੂੰ ਦੁਨੀਆ ਨੂੰ ਜਿੱਤ ਲੈਂਦੀ
ਇੱਕ ਮੇਰੇ ਕਰਕੇ ਹਾਰ ਗਈ

ਤੇਰੀ ਮਮਤਾ ਬੜੀ ਪਿਆਰੀ ਮਾਏ
ਜੋ ਸੂਰਜ ਨੂੰ ਵੀ ਠਾਰ ਗਈ

ਕੁਦਰਤ ਭਰੇ ਗਵਾਹੀ ਤੇਰੀ
ਤੂੰ ਦੁਨੀਆ ਨੂੰ ਤਾਰ ਗਈ

ਅਸਾਂ ਰਹਾਂਗੇ ਸ਼ੁਕਰਗੁਜ਼ਾਰ ਮਾਏ
ਦੱਸ ਕਿਵੇਂ ਸਭ ਸਹਾਰ ਗਈ

ਤੂੰ ਦੁੱਖ ਨਾ ਆਪਣੇ ਦੱਸਦੀ ਮਾਏ
ਮੈਂ ਠੀਕ ਕਹਿ ਕੇ ਚੁੱਪ ਧਾਰ ਗਈ

ਤੇਰੀ ਮਮਤਾ ਕੋਈ ਨਾ ਲਿਖ ਸਕਦਾ
ਮਾਂ ਨਿਆਰੀ ਹੁੰਦੀ ਜਗ ਤੋਂ
ਇਹ ਕਹਿ ਕੇ ਮੰਜੂ ਸਾਰ ਗਈ

**ਲੇਖਕ : ਮੰਜੂ ਰਾਇਕਾ**
**ਸੰਪਰਕ: 76260-53712**

## ਸੋਨ ਚਿੜੀ

ਪਹੁ ਫੁਟਦੇ ਹੀ,
ਚਿੜੀ ਇੱਕ ਆਣ ਬਨੇਰੇ ਬਹਿ ਗਈ।

ਪੁੱਛਿਆ ਜਦ ਸ਼ਹਿਰ ਗਰਾਂ,
ਦੁੱਖ ਰੋਂਦੀ ਰੋਂਦੀ ਕਹਿ ਗਈ।

ਦਮ ਆਖਰੀ ਭਰਦੀ ਪਈ ਸੀ,
ਮੇਰੇ ਕੋਲੋਂ ਡਰਦੀ ਪਈ ਸੀ।

ਸ਼ਕਲੋਂ ਲੱਗੇ ਬਿਮਾਰ ਜਿਹੀ ਉਹ,
ਪੁੱਟੇ ਖੰਭ ਲਾਚਾਰ ਜਿਹੀ ਉਹ।

ਬੋਲੀ ਤਦ, ਜਦ ਦੁਪਹਿਰ ਖਿੜੀ ਸੀ
ਮੈਨੂੰ ਕਹਿੰਦੀ ਮੈਂ ਥੋੜੀ ਸੋਨ ਚਿੜੀ ਸੀ।

ਲੁੱਟਿਆ ਹਾਕਮਾਂ ਬੜੇ ਚਿਰਾਂ ਤੋਂ
ਉੱਡਣੋਂ ਰਹਿਗੀ ਅਪਣੇ ਪਰਾਂ ਤੋਂ।

ਵਾਲ ਵਾਲ ਮੇਰਾ ਡੁੱਬਿਆ ਕਰਜ਼ੇ,
ਕਿਸਾਨ ਵੀਰ ਕੋਈ ਨਿੱਤ ਹੀ ਮਰਜੇ।

ਬੇਰੁਜ਼ਗਾਰੀ ਹੁਣ ਪਾਈਆਂ ਕੈਂਚੀਆਂ,
ਨਸ਼ਾ ਹੈ ਪੱਲੇ ਜਾਂ ਪਾਣੀ ਦੀਆਂ ਟੈਂਕੀਆਂ।

ਰੁਜ਼ਗਾਰ ਦੇ ਵੀ ਕਿਹੜੇ ਝੰਡੇ ਗੱਡੇ,
ਗੋਲੀਆਂ ਛਿੱਤਰ ਪੁਲੀਸ ਦੇ ਡੰਡੇ।

ਹਾਲ ਸੁਣਾਵੇ ਜਿਵੇਂ ਕੋਈ ਜੰਗ ਛਿੜੀ ਸੀ,
ਮੈਨੂੰ ਕਹਿੰਦੀ ਮੈਂ ਥੋੜੀ ਸੋਨ ਚਿੜੀ ਸੀ।

ਹੁਣ ਵੀਰਾ ਮੈਂ ਉੱਡਣਾ ਚਾਹਵਾਂ
ਥਾਂ ਥਾਂ ਲੱਗੇ ਫੱਟ ਵਿਖਾਵਾਂ,

ਪੁੱਤਾਂ ਬਾਝੋਂ ਰੋਂਦੀਆਂ ਮਾਵਾਂ
ਘਰ ਘਰ ਇੱਥੇ ਸੁੰਨੀਆਂ ਬਾਹਵਾਂ,

ਅਣਜੰਮੀਆਂ ਨੂੰ ਮੈਂ ਕਿਵੇਂ ਬਚਾਵਾਂ
ਬੇਹਿੰਮਤਿਆਂ ਨੂੰ ਲਾਹਨਤ ਪਾਵਾਂ,

ਅੰਨ੍ਹੇ ਵਿਸ਼ਵਾਸ ਦੀ ਚਲਦੀ ਚੱਕੀ
ਦਰ ਦਰ ਭਟਕਦੇ ਹਲੂਣ ਜਗਾਵਾਂ,

ਇਨ੍ਹਾਂ ਜ਼ੁਲਮਾਂ ਨਾਲ ਮੈਂ ਬਹੁਤ ਭਿੜੀ ਸੀ
ਮੈਨੂੰ ਕਹਿੰਦੀ ਮੈਂ ਥੋੜੀ ਸੋਨ ਚਿੜੀ ਸੀ॥

**ਲੇਖਕ : ਜਤਿੰਦਰ ਭੁੱਚੋ**
**ਸੰਪਰਕ: 95014-75400**

# ਨਾਰੀ ਸੰਸਾਰ



## ਤੁਸੀਂ ਵੀ ਬਣ ਸਕਦੇ ਹੋ
# ਦੂਜਿਆਂ ਲਈ ਰਾਹ ਦਸੇਰੇ

ਅਕਸਰ ਅਸੀਂ ਬਾਹਰ ਦੀਆਂ ਚੁਣੌਤੀਆਂ ਤੋਂ ਨਹੀਂ, ਸਗੋਂ ਆਪਣੀਆਂ ਅੰਦਰਲੀਆਂਕਮਜ਼ੋਰੀਆਂ ਤੋਂ ਹਾਰਦੇ ਹਾਂ। ਇਸ ਗੱਲ ਦੀ ਵਿਆਖਿਆ ਕਰਨੀ ਬਹੁਤ ਆਸਾਨ ਹੈ ਕਿ ਅਸੀਂ ਕੀ ਹਾਂ ਪਰਇਸ ਗੱਲ ਨੂੰ ਜਾਣਨਾ ਬਹੁਤ ਮੁਸ਼ਕਿਲ ਹੈ ਕਿ ਅਸੀਂ ਕੀ ਬਣ ਸਕਦੇ ਹਾਂ। ਤੁਹਾਡੇ ਕੰਮ ਹੀ ਦੱਸਦੇ ਹਨਕਿ ਤੁਹਾਡੀ ਜ਼ਿੰਦਗੀ ਦਾ ਮਨੋਰਥ ਕੀ ਹੈ। ਭਵਿੱਖ ਵਿਚ ਤੈਅ ਕੀਤਾ ਮਨੋਰਥ ਤੁਹਾਡੇ ਅੱਜ ਦੇ ਯਤਨਾਂਨੂੰ ਤਾਕਤ ਦਿੰਦਾ ਹੈ। ਵਿਖਾਵੇ ਤੇ ਪਿਆਰ ਵਿਚ ਉਹ ਤਾਕਤ ਨਹੀਂ ਹੁੰਦੀ ਕਿ ਜਿਸ ਨਾਲ ਕਿਸੇ ਦਾਦਿਲ ਜਿੱਤਿਆ ਜਾ ਸਕੇ। ਉਸਾਰੂ ਸੋਚ, ਸਖ਼ਤ ਮਿਹਨਤ ਅਤੇ ਇਮਾਨਦਾਰ ਯਤਨਾਂ ਦੀ ਦੌਲਤ ਨਾਲ ਸਫਲਤਾਨੂੰ ਖਰੀਦਿਆ ਜਾ ਸਕਦਾ ਹੈ। ਕਿਸੇ ਦੇ ਕੰਮ ਆਉਣ ਦੀ ਖੁਸ਼ੀ ਹੀ ਤੁਹਾਡੇ ਲਈ ਖੁਸ਼ਹਾਲੀ ਬਣਦੀਹੈ। ਜਿਸ ਕੰਮ ਨੂੰ ਅਸੀਂ ਆਪਣੇ ਲਈ ਬੋਝ ਸਮਝਦੇ ਹਾਂ, ਉਹੀ ਕੰਮ ਔਖੇ ਹੁੰਦੇ ਹਨ, ਵਰਨਾ ਕੋਈਵੀ ਕੰਮ ਐਨਾ ਮੁਸ਼ਕਿਲ ਨਹੀਂ ਹੁੰਦਾ।ਤੁਸੀਂ ਦੂਜਿਆਂ ਦੀ ਜ਼ਿੰਦਗੀ ਲਈ ਰਾਹ ਦਸੇਰੇ ਬਣੋ, ਤੁਹਾਡੀ ਇਹ ਕੋਸ਼ਿਸ਼ਤੁਹਾਨੂੰ ਦੁਨੀਆ ਦੀ ਭੀੜ ਵਿਚ ਗੁਆਚਣ ਨਹੀਂ ਦੇਵੇਗੀ। ਇਹ ਜ਼ਰੂਰੀ ਨਹੀਂ ਕਿ ਜਿਸ ਰਸਤੇ 'ਤੇਲੋਕਾਂ ਦੀ ਬਹੁਗਿਣਤੀ ਜਾ ਰਹੀ ਹੋਵੇ, ਉਹ ਰਸਤਾ ਸਹੀ ਹੁੰਦਾ ਹੈ, ਬਲਕਿ ਤੁਸੀਂ ਸਹੀ ਰਸਤੇ ਦੀ ਚੋਣਕਰੋ। ਮੰਜ਼ਿਲ ਤੱਕ ਜਾਣ ਲਈ ਰਸਤੇ ਬਹੁਤ ਹੁੰਦੇ ਹਨ ਪਰ ਇਰਾਦਾ ਇਕ ਹੋਣਾ ਚਾਹੀਦਾ ਹੈ। ਜ਼ਿੰਦਗੀਦੀ ਕਿਸੇ ਉਚਾਈ ਨੂੰ ਸਬਰ ਨਾਲ ਸਰ ਕਰਨ ਵਾਲੇ ਲੋਕ ਕਦੇ ਵੀ ਇਕੱਲੇ ਨਹੀਂ ਹੁੰਦੇ, ਕਿਉਂਕਿਉਨ੍ਹਾਂ ਵਿਚ ਦੂਜਿਆਂ ਦਾ ਹੱਥ ਫੜ ਕੇ ਚੱਲਣ ਦਾ ਚਾਅ ਹੁੰਦਾ ਹੈ। ਉਨ੍ਹਾਂ ਕੋਲ ਜ਼ਿੰਦਗੀ ਜਿਉਣ ਦਾਹੁਨਰ ਅਤੇ ਸਲੀਕਾ ਹੁੰਦਾ ਹੈ। ਦਰਿਆ ਦਿਲ ਬੰਦੇ ਦੀ ਜ਼ਿੰਦਗੀ ਸਮੁੰਦਰ ਵਾਂਗ ਵਿਸ਼ਾਲ ਹੁੰਦੀ ਹੈ।ਆਪਣੀ ਜ਼ਿੰਦਗੀ ਨੂੰ ਐਨਾ ਸ਼ਾਨਦਾਰ ਬਣਾਓ ਕਿ ਤੁਹਾਨੂੰ ਯਾਦ ਕਰਦਿਆਂ ਹੀ ਕਿਸੇ ਦੀਆਂ ਅੱਖਾਂ ਵਿਚਚਮਕ ਆ ਜਾਵੇ। ਸੰਸਕਾਰਾਂ ਨਾਲ ਹੀ ਸੰਸਾਰ ਜਿੱਤਿਆ ਜਾ ਸਕਦਾ ਹੈ, ਵਰਨਾ ਹੰਕਾਰ ਨਾਲ ਤਾਂ ਬੰਦਾਆਪਣੇ-ਆਪ ਤੋਂ ਵੀ ਹਾਰ ਜਾਂਦਾ ਹੈ। ਹੁਸ਼ਿਆਰ ਹੋਣਾ ਚੰਗੀ ਗੱਲ ਹੈ ਪਰ ਹੁਸ਼ਿਆਰੀਆਂ ਕਰਨਾ ਬੁਰਾ।ਚੁਸਤ ਬਣੋ ਪਰ ਸੁਸਤ ਨਹੀਂ। ਚੰਗੇ ਸੁਭਾਅ ਦਾ ਕੱਦ ਖੂਬਸੂਰਤੀ ਦੇ ਕੱਦ ਨਾਲੋਂ ਉੱਚਾ ਹੁੰਦਾ ਹੈ।ਆਪਣੀ ਹਾਜ਼ਰੀ ਦਾ ਦਿਖਾਵਾ ਕਰਨ ਲਈ ਕਈ ਤਸਵੀਰਾਂ ਵਿਚ ਤੁਹਾਡੇ ਨਾਲ ਖੜ੍ਹਦੇ ਹਨ ਅਤੇ ਕਈ ਆਪਣੀਗ਼ੈਰ-ਹਾਜ਼ਰੀ ਵਿਚ ਤੁਹਾਡੀਆਂ ਤਕਲੀਫਾਂ ਵਿਚ ਤੁਹਾਡਾ ਸਾਥ ਦਿੰਦੇ ਹਨ। ਕੋਸ਼ਿਸ਼ ਹਮੇਸ਼ਾ ਕਰਦੇ ਰਹੋ,ਕਿਉਂਕਿ ਕੋਸ਼ਿਸ਼ ਕਰਨ ਨਾਲ ਜਿੱਤ ਭਾਵੇਂ ਨਾ ਹੋਵੇ ਪਰ ਸਿੱਖਣ ਨੂੰ ਬਹੁਤ ਕੁਝ ਮਿਲਦਾ ਹੈ। ਜਿੱਤਨਾਲ ਜਿੱਤਣਾ ਤੇ ਹਾਰ ਨਾਲ ਸਿੱਖਣਾ ਇਕ ਖੁਸ਼ੀ ਦਿੰਦਾ ਹੈ ਅਤੇ ਦੂਜਾ ਤਜਰਬਾ। ਅਮੀਰ ਤਜਰਬਾ ਦਿਲਾਂ'ਤੇ ਵੱਜੀਆਂ ਸੱਟਾਂ ਦਾ ਸੰਗ੍ਰਹਿ ਹੁੰਦਾ ਹੈ। ਇਹ ਸੱਚ ਹੈ ਕਿ ਜਿਥੇ ਤੁਹਾਡੀ ਗ਼ੈਰ-ਹਾਜ਼ਰੀ ਮਹਿਸੂਸਨਹੀਂ ਹੁੰਦੀ, ਉਥੇ ਤੁਹਾਡੀ ਹਾਜ਼ਰੀ ਦੀ ਵੀ ਕੀਮਤ ਨਹੀਂ ਹੁੰਦੀ। ਜੇਕਰ ਤੁਹਾਡੇ ਪੈਰ ਸਫਲਤਾ ਵੱਲਨਹੀਂ ਤੁਰਦੇ ਤਾਂ ਅਸਫਲਤਾ ਆਪਣੇ-ਆਪ ਚੱਲ ਕੇ ਤੁਹਾਡੇ ਕੋਲ ਆ ਜਾਂਦੀ ਹੈ। ਸਮੁੰਦਰ ਦੀਆਂ ਲਹਿਰਾਂਨੂੰ ਰੋਕਿਆ ਨਹੀਂ ਜਾ ਸਕਦਾ ਪਰ ਜੇਕਰ ਤੈਰਨ ਦਾ ਹੁਨਰ ਹੋਵੇ ਤਾਂ ਲਹਿਰਾਂ ਚਿੰਤਾ ਅਤੇ ਪ੍ਰੇਸ਼ਾਨੀ ਦਾਕਾਰਨ ਨਹੀਂ ਬਣਦੀਆਂ। ਚੰਗੇ ਬਣੋਗੇ ਤਾਂ ਚੰਗੇ ਨਜ਼ਰ ਆਉਣ ਦਾ ਵਿਖਾਵਾ ਨਹੀਂ ਕਰਨਾ ਪਵੇਗਾ।ਤੁਹਾਡੇ ਕੋਲ ਕੀ ਹੈ, ਇਸ ਨਾਲੋਂ ਇਹ ਜ਼ਿਆਦਾ ਮਹੱਤਵਪੂਰਨ ਹੈ ਕਿ ਤੁਸੀਂਖੁਦ ਕੀ ਹੋ। ਲੋਕ ਤੁਹਾਨੂੰ ਪਿਆਰ ਕਰਦੇ ਹਨ, ਇਸ ਤੋਂ ਵੱਡੀ ਤਸੱਲੀ ਕੋਈ ਨਹੀਂ। ਲੋਕ ਤੁਹਾਡੇ'ਤੇ ਯਕੀਨ ਕਰਦੇ ਹਨ, ਇਸ ਤੋਂ ਵੱਡੀ ਕੋਈ ਦੌਲਤ ਨਹੀਂ। ਲੋਕ ਤੁਹਾਡਾ ਸਾਥ ਦਿੰਦੇ ਹਨ, ਇਸ ਤੋਂਵੱਡੀ ਕੋਈ ਤਾਕਤ ਨਹੀਂ। ਲੋਕ ਤੁਹਾਨੂੰ ਯਾਦ ਕਰਦੇ ਹਨ, ਇਸ ਤੋਂ ਵੱਡਾ ਕੋਈ ਅਹਿਸਾਸ ਨਹੀਂ।ਲੋਕ ਤੁਹਾਡੇ ਤੋਂ ਪ੍ਰੇਰਿਤ ਹੁੰਦੇ ਹਨ, ਇਸ ਤੋਂ ਵੱਡੀ ਪ੍ਰਾਪਤੀ ਕੋਈ ਨਹੀਂ। ਲੋਕ ਤੁਹਾਡੇ ਬਾਰੇਚੰਗਾ ਸੋਚਦੇ ਹਨ, ਇਸ ਤੋਂ ਵੱਡੀ ਕੋਈ ਖੁਸ਼ੀ ਨਹੀਂ। ਇਹ ਦੌਲਤਾਂ, ਇੱਜ਼ਤਾਂ, ਪਿਆਰ, ਸਤਿਕਾਰ,ਦੁਆਵਾਂ, ਖੁਸ਼ੀਆਂ ਤੇ ਯਕੀਨ ਹੀ ਤੁਹਾਡੀ ਸਭ ਤੋਂ ਵੱਡੀ ਕਮਾਈ ਹੈ। ਇਕ ਚੰਗਾ ਮਨੋਰਥ ਤੁਹਾਨੂੰਕਦੇ ਆਲਸੀ ਨਹੀਂ ਹੋਣ ਦਿੰਦਾ। ਚੰਗੇ ਸੁਪਨੇ ਤੁਹਾਨੂੰ ਸਵੇਰੇ ਬਿਸਤਰੇ ਵਿਚੋਂ ਜਲਦੀ ਉੱਠਣ ਲਈਪ੍ਰੇਰਿਤ ਕਰਦੇ ਹਨ। ਹਰ ਚੀਜ਼ ਕਿਸਮਤ 'ਤੇ ਛੱਡੀ ਜਾਵੇ ਤਾਂ ਕਿਸਮਤ ਇਕ ਦਿਨ ਤੁਹਾਡੇ ਲਈ ਕੁਝ ਵੀਨਹੀਂ ਛੱਡਦੀ।ਬੱਚਿਆਂ ਲਈ ਮਾਪੇ ਉਨ੍ਹਾਂ ਦੀ ਜ਼ਿੰਦਗੀ ਦੇ ਪਹਿਲੇ ਰਾਹ ਦਸੇਰੇ ਹਨ। ਸਾਡੇਮਾਰਗ ਦਰਸ਼ਕ ਜਿੰਨੇ ਸੁੱਚੇ ਹੁੰਦੇ ਹਨ, ਅਸੀਂ ਓਨੇ ਹੀ ਉੱਚੇ ਹੁੰਦੇ ਹਾਂ। ਵਿਦਿਆਰਥੀਆਂ ਦੀਜ਼ਿੰਦਗੀ ਦੇ ਰਾਹ ਦਸੇਰੇ ਉਨ੍ਹਾਂ ਦੇ ਅਧਿਆਪਕ ਜਦੋਂ ਆਪਣੇ ਵਿਦਿਆਰਥੀਆਂ ਨੂੰ ਆਪਣੇ ਬੱਚੇ ਸਮਝਕੇ ਪੜ੍ਹਾਉਣਗੇ ਤਾਂ ਵਿਦਿਆਰਥੀਆਂ ਦੀ ਕਾਮਯਾਬੀ ਨੂੰ ਕੋਈ ਰੋਕ ਨਹੀਂ ਸਕਦਾ। ਨਿਰਸੰਦੇਹ, ਵਕਤਤੁਹਾਡੇ ਦਰਵਾਜ਼ੇ 'ਤੇ ਦਸਤਕ ਜ਼ਰੂਰ ਦੇਵੇਗਾ, ਮਿਹਨਤ ਦੇ ਹੱਥਾਂ ਨਾਲ ਜਦੋਂ ਦਰਵਾਜ਼ਾ ਖੋਲ੍ਹੋਗੇ ਤਾਂਵਕਤ ਦੇ ਨਾਲ ਕਿਸਮਤ ਵੀ ਅੰਦਰ ਲੰਘ ਆਵੇਗੀ। ਆਪਣੇ ਲਈ ਆਪਣੇ ਰਸਤੇ ਖੁਦ ਚੁਣੋ, ਕਿਉਂਕਿਆਪਣੀ ਜ਼ਿੰਦਗੀ ਦਾ ਸਫ਼ਰ ਤੁਸੀਂ ਆਪਣੇ ਪੈਰਾਂ ਨਾਲ ਤੈਅ ਕਰਨਾ ਹੈ। ਦੂਜਿਆਂ ਲਈ ਪ੍ਰੇਰਨਾਉਹੀ ਬਣਦੇ ਹਨ ਜੋ ਖੁਦ ਕਿਸੇ ਤੋਂ ਪ੍ਰੇਰਿਤ ਹੁੰਦੇ ਹਨ। ਚੰਗੀਆਂ ਪੁਸਤਕਾਂ, ਚੰਗੇ ਵਿਚਾਰ ਦਿੰਦੀਆਂਹਨ ਅਤੇ ਚੰਗੇ ਵਿਚਾਰ ਚੰਗੀ ਸੋਚ ਬਣਾਉਂਦੇ ਹਨ। ਤੁਸੀਂ ਜੋ ਸੋਚੋਗੇ, ਉਹੀ ਤੁਸੀਂ ਬਣੋਗੇ। ਇਕਚਰਿੱਤਰ ਹੈ ਜੋ ਤੁਹਾਨੂੰ ਆਪਣੇ-ਆਪ ਵਿਚ ਵੀ ਗੁੰਮ ਕਰ ਦਿੰਦਾ ਹੈ ਅਤੇ ਇਕ ਉਹ ਚਰਿੱਤਰ ਹੈ ਜੋਤੁਹਾਨੂੰ ਦੁਨੀਆ ਦੀ ਭੀੜ ਵਿਚ ਵੀ ਕਦੇ ਗੁਆਚਣ ਨਹੀਂ ਦਿੰਦਾ। ਚੰਗੇ ਅਤੇ ਖੁਸ਼ਹਾਲ ਸਮਾਜ ਚੰਗੀਆਂਮਾਵਾਂ ਦੀਆਂ ਚੰਗੀਆਂ ਸੋਚਾਂ ਦੇ ਚੰਗੇ ਸੰਕਲਪ ਹਨ, ਜਿਨ੍ਹਾਂ ਦੀਆਂ ਨੀਂਹਾਂ ਬਹੁਤ ਮਜ਼ਬੂਤ ਹਨ।



# ਪਹਿਰਾਵਾ
## ਸ਼ਖ਼ਸੀਅਤ ਮੁਤਾਬਿਕ

**ਲੇਖਕ : ਗੁਰਮਿੰਦਰ ਕੌਰ**

ਪਰਮਾਤਮਾ ਨੇ ਇਨਸਾਨ ਦੀ ਰਚਨਾ ਕਰਕੇ ਬੜਾ ਅਲੌਕਿਕ ਕੰਮ ਕੀਤਾ ਹੈ। ਇਨਸਾਨ ਸੋਚ ਸਕਦਾ ਹੈ, ਕਿਸੇ ਚੀਜ਼ ਦੀ ਸਿਰਜਣਾ ਕਰ ਸਕਦਾ ਹੈ। ਉਸ ਨੇ ਆਪਣੇ ਤਨ ਨੂੰ ਪੱਤਿਆਂ ਨਾਲ ਵੀ ਢਕਿਆ। ਅੱਜਕਲ੍ਹ ਬਹੁਤ ਔਖਾ ਕੰਮ ਹੋ ਗਿਆ ਹੈ ਕੱਪੜਿਆਂ ਦੀ ਚੋਣ ਕਰਨ ਦਾ। ਸਿਆਣੇ ਕਹਿੰਦੇ ਸਨ, 'ਖਾਓ ਮਨ ਭਾਉਂਦਾ ਤੇ ਪਾਓ ਜੱਗ ਭਾਉਂਦਾ।' ਜੇ ਇਸ ਵਿਚਾਰ ਨੂੰ ਵਿਚਾਰੀਏ ਤਾਂ ਜੋ ਰਿਵਾਜ ਦਾ ਕੱਪੜਾ ਚੱਲ ਰਿਹਾ ਹੈ, ਪਾ ਲਓ।

ਪਰ ਨਹੀਂ, ਜ਼ਰਾ ਸੋਚੋ ਉਸ ਪਰਮਾਤਮਾ ਨੇ ਤੁਹਾਡੀ ਰਚਨਾ ਕਿਵੇਂ ਦੀ ਕੀਤੀ ਹੈ। ਹਰੇਕ ਇਨਸਾਨ ਦੀ ਸਰੀਰਕ ਬਣਤਰ ਅਲੱਗ ਹੈ। ਸੋਚ ਅਲੱਗ ਹੈ। ਮਰਦ ਹੋਵੇ ਜਾਂ ਔਰਤ, ਹਰ ਇਕ ਦਾ ਫਰਜ਼ ਬਣਦਾ ਹੈ ਕਿ ਉਹ ਆਪਣੀ ਸ਼ਖ਼ਸੀਅਤ ਮੁਤਾਬਿਕ ਕੱਪੜਿਆਂ ਦੀ ਚੋਣ ਕਰਨ। ਰਿਵਾਜ ਛੱਡ ਕੇ ਇਹ ਦੇਖਣ ਕਿ ਉਨ੍ਹਾਂ ਨੂੰ ਕਿਹੜਾ ਪਹਿਰਾਵਾ ਜਚਦਾ ਹੈ। ਕਿਉਂਕਿ ਕਿਹਾ ਜਾਂਦਾ ਹੈ ਕਿ ਸੁਰਮਾ ਹਰ ਕੋਈ ਪਾ ਲੈਂਦਾ ਹੈ ਪਰ ਮਟਕਾਉਣਾ ਕਿਸੇ-ਕਿਸੇ ਨੂੰ ਆਉਂਦਾ ਹੈ। ਇਸ ਲਈ ਹੀ ਤਾਂ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਜਾਂ ਵੱਡੀਆਂ ਕੰਪਨੀਆਂ ਵਿਚ ਯੂਨੀਫਾਰਮ ਲਗਵਾਈ ਜਾਂਦੀ ਹੈ। ਇਸ ਨਾਲ ਅਮੀਰ-ਗਰੀਬ ਦਾ ਭੇਦ ਖ਼ਤਮ ਹੋ ਜਾਂਦਾ ਹੈ। ਜਿਸ ਖੇਤਰ ਵਿਚ ਯੂਨੀਫਾਰਮ ਨਹੀਂ ਹੈ, ਉਥੇ ਸਾਨੂੰ ਬੜੇ ਧਿਆਨ ਨਾਲ ਕੱਪੜਿਆਂ ਅਤੇ ਰੰਗਾਂ ਦੀ ਚੋਣ ਕਰਨੀ ਚਾਹੀਦੀ ਹੈ। ਅਧਿਆਪਕ ਜੋ ਸਮਾਜ ਦਾ ਸਿਰਜਣਹਾਰ ਹੈ, ਉਹ ਆਪਣੇ ਵਿਦਿਆਰਥੀਆਂ ਲਈ ਰੋਲ ਮਾਡਲ ਹੈ। ਉਸ ਨੂੰ ਚਾਹੀਦਾ ਹੈ ਕਿ ਉਹ ਹਮੇਸ਼ਾ ਸਾਫ਼-ਸੁਥਰੇ, ਸਾਦਾ ਤੇ ਟਿਕਾਊ ਕੱਪੜੇ ਪਾਵੇ। ਦਫ਼ਤਰ ਆਦਿ ਵਿਚ ਵੀ ਤੰਗ ਤੇ ਭੜਕੀਲੇ ਕੱਪੜਿਆਂ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ।

ਮਰਦ ਪ੍ਰਧਾਨ ਸਮਾਜ ਵਿਚ ਔਰਤ ਨੂੰ ਹੋਰ ਵੀ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ। ਫੈਸ਼ਨ ਦੀ ਅੰਨ੍ਹੀ ਦੌੜ ਵਿਚ ਕਦੇ ਵੀ ਸ਼ਾਮਿਲ ਨਹੀਂ ਹੋਣਾ ਚਾਹੀਦਾ। ਫੈਸ਼ਨ ਰਿਵਾਜ ਦੇ ਨਾਲ-ਨਾਲ ਜੇ ਅਸੀਂ ਆਪਣੀ ਸਰੀਰਕ ਬਣਤਰ, ਅਹੁਦੇ ਤੇ ਸ਼ਖ਼ਸੀਅਤ ਦਾ ਧਿਆਨ ਰੱਖ ਕੇ ਪਹਿਰਾਵਾ ਪਾਉਂਦੇ ਹਾਂ ਤਾਂ ਸਾਡੀ ਸ਼ਖ਼ਸੀਅਤ ਨੂੰ ਚਾਰ ਚੰਦ ਲੱਗ ਜਾਂਦੇ ਹਨ। ਜ਼ਰੂਰੀ ਨਹੀਂ ਕਿ ਕੱਪੜਾ ਮਹਿੰਗਾ ਤੇ ਭੜਕੀਲਾ ਹੋਵੇ ਤਾਂ ਹੀ ਚੰਗਾ ਲਗਦਾ ਹੈ। ਸਾਫ਼-ਸੁਥਰਾ, ਪ੍ਰੈੱਸ ਕੀਤਾ ਸਾਦਾ ਕੱਪੜਾ ਵੀ ਦੂਰੋਂ ਤੁਹਾਡੀ ਸ਼ਖ਼ਸੀਅਤ ਬਾਰੇ ਦੱਸ ਦਿੰਦਾ ਹੈ। ਪਰ ਅਫ਼ਸੋਸ ਕਿ ਪੱਛਮੀ ਸੱਭਿਅਤਾ ਦੀ ਅੰਨ੍ਹੀ ਦੌੜ ਦੇ ਪ੍ਰਭਾਵ ਥੱਲੇ ਅਸੀਂ ਆਪਣੇ ਪੂਰਵ ਦੇ ਸੰਸਕਾਰਾਂ ਨੂੰ ਭੁੱਲ ਕੇ ਅੱਧਨਗਨ ਕੱਪੜੇ ਪਾਉਣੇ ਸ਼ੁਰੂ ਕਰ ਦਿੱਤੇ ਹਨ। ਸੋ, ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਕੱਪੜਿਆਂ ਦੀ ਚੋਣ ਕਰਨ ਵੇਲੇ ਆਪਣੀ ਪਦਵੀ, ਹੈਸੀਅਤ ਅਤੇ ਸਰੀਰਕ ਬਣਤਰ ਦਾ ਖਿਆਲ ਜ਼ਰੂਰ ਰੱਖੀਏ। ਵਧੀਆ ਤੇ ਸਲੀਕੇ ਨਾਲ ਪਾਇਆ ਕੱਪੜਾ ਇਕ-ਚੌਥਾਈ ਸਾਡੇ ਸੁਹੱਪਣ ਨੂੰ ਵਧਾਉਂਦਾ ਹੈ ਤੇ ਜੇਕਰ ਅਸੀਂ ਨਿਮਰਤਾ ਨਾਲ ਤੇ ਮਿੱਠਾ ਬੋਲੀਏ ਤਾਂ ਸੋਨੇ 'ਤੇ ਸੁਹਾਗੇ ਵਾਲਾ ਕੰਮ ਹੋ ਜਾਂਦਾ ਹੈ।

# ਰਸੋਈ-ਘਰ ਵਿਚ ਜ਼ਰੂਰ ਵਰਤੋਂ
# ਇਹ ਸਾਵਧਾਨੀਆਂ


**ਲੇਖਕ : ਵਿਜੈ ਬਵੇਜਾ**



* ਰਸੋਈ-ਘਰ ਵਿਚ ਹਮੇਸ਼ਾ ਸੂਤੀ ਕੱਪੜੇ ਹੀ ਪਹਿਨੋ। ਟੇਰੇਲੀਨ, ਨਾਈਲੋਨ, ਰੇਸ਼ਮੀ ਕੱਪੜੇ ਤਾਪ ਦੇ ਸੁਚਾਲਕ ਹੁੰਦੇ ਹਨ ਅਤੇ ਅੱਗ ਨੂੰ ਛੇਤੀ ਫੜਦੇ ਹਨ। ਸਾੜ੍ਹੀ ਬੰਨ੍ਹ ਕੇ ਕੰਮ ਕਰ ਰਹੇ ਹੋ ਤਾਂ ਸਾੜ੍ਹੀ ਦਾ ਪੱਲੂ ਹੇਠਾਂ ਨਾ ਲਟਕੇ, ਇਹ ਵੀ ਧਿਆਨ ਰੱਖੋ। ਪਹਿਨੇ ਹੋਏ ਸੂਤੀ ਕੱਪੜੇ ਜ਼ਿਆਦਾ ਢਿੱਲੇ ਨਾ ਹੋਣ।
* ਗੈਸ ਚੁੱਲ੍ਹਾ ਜਲਾਉਣ ਤੋਂ ਪਹਿਲਾਂ ਮਾਚਿਸ ਜਾਂ ਲਾਈਟਰ ਅਤੇ ਹੋਰ ਸਮੱਗਰੀ ਆਪਣੇ ਕੋਲ ਇਕੱਠੀ ਜ਼ਰੂਰ ਕਰ ਲਓ।
* ਦਾਲ, ਚੌਲ ਆਦਿ ਨੂੰ ਚੁਗਣ ਦਾ ਕੰਮ ਭੋਜਨ ਪਕਾਉਂਦੇ ਸਮੇਂ ਨਾ ਕਰਕੇ ਭੋਜਨ ਪਕਾਉਣ ਤੋਂ ਪਹਿਲਾਂ ਹੀ ਕਰੋ।
* ਰਸੋਈ-ਘਰ ਵਿਚ ਹਮੇਸ਼ਾ ਪੈਰਾਂ ਵਿਚ ਤਿਲਕਣ ਵਾਲੀਆਂ ਚੱਪਲਾਂ ਜਾਂ ਉੱਚੀ ਅੱਡੀ ਵਾਲੇ ਸੈਂਡਲ ਨਾ ਪਹਿਨੋ।
* ਘੱਟ ਸਮੱਗਰੀ ਪਕਾਉਣ ਲਈ ਹਮੇਸ਼ਾ ਛੋਟੇ ਭਾਂਡਿਆਂ ਦੀ ਹੀ ਵਰਤੋਂ ਕਰੋ। ਇਸ ਨਾਲ ਗੈਸ ਦੀ ਵੀ ਬੱਚਤ ਹੁੰਦੀ ਹੈ।
* ਖਾਣ ਵਾਲੀਆਂ ਚੀਜ਼ਾਂ ਨੂੰ ਹਮੇਸ਼ਾ ਢਕ ਕੇ ਰੱਖੋ ਤਾਂ ਕਿ ਕੀੜੇ-ਪਤੰਗੇ ਜਾਂ ਕੋਈ ਜ਼ਹਿਰੀਲੀ ਚੀਜ਼ ਨਾ ਡਿਗ ਸਕੇ।
* ਰਸੋਈ ਦੇ ਮਸਾਲੇ ਅਤੇ ਹੋਰ ਸਾਮਾਨ ਹਮੇਸ਼ਾ ਪ੍ਰਮਾਣਿਤ ਕੰਪਨੀਆਂ ਜਾਂ ਇਗਮਾਰਕ ਦੇ ਹੀ ਵਰਤੋਂ ਕਰੋ।
* ਮਾਚਿਸ, ਮੋਮਬੱਤੀ ਜਾਂ ਲੈਂਪ ਨੂੰ ਹਮੇਸ਼ਾ ਇਕ ਹੀ ਜਗ੍ਹਾ 'ਤੇ ਰੱਖੋ ਤਾਂ ਕਿ ਹਨੇਰੇ ਵਿਚ ਵੀ ਉਨ੍ਹਾਂ ਨੂੰ ਲੱਭਿਆ ਜਾ ਸਕੇ।
* ਮਾਚਿਸ ਅਤੇ ਲਾਈਟਰ ਨੂੰ ਹਮੇਸ਼ਾ ਗੈਸ ਚੁੱਲ੍ਹੇ ਦੇ ਨੇੜੇ ਹੀ ਰੱਖੋ ਤਾਂ ਕਿ ਬਾਅਦ ਵਿਚ ਲੱਭਣਾ ਨਾ ਪਵੇ।
* ਰਸੋਈ-ਘਰ ਦੀਆਂ ਸਾਰੀਆਂ ਜ਼ਰੂਰੀ ਵਸਤੂਆਂ ਨੂੰ ਵਿਵਸਥਿਤ ਹੀ ਰੱਖੋ। ਇਸ ਨਾਲ ਰਸੋਈ-ਘਰ ਦੀ ਸੁੰਦਰਤਾ ਵਧੇਗੀ ਅਤੇ ਸਾਮਾਨ ਲੱਭਣ ਵਿਚ ਵੀ ਪ੍ਰੇਸ਼ਾਨੀ ਨਹੀਂ ਹੋਵੇਗੀ।
* ਰਸੋਈ-ਘਰ ਵਿਚ ਕਿਤੇ ਵੀ ਸਬਜ਼ੀ ਜਾਂ ਚਾਹ ਆਦਿ ਵਸਤੂ ਡਿਗਣ 'ਤੇ ਉਸ ਜਗ੍ਹਾ 'ਤੇ ਗਿੱਲੇ ਕੱਪੜੇ ਦਾ ਪੋਚਾ ਜ਼ਰੂਰ ਲਗਾ ਦਿਓ, ਤਾਂ ਕਿ ਉਥੇ ਕੋਈ ਦਾਗ-ਧੱਬਾ ਨਾ ਰਹਿ ਸਕੇ ਅਤੇ ਉਥੇ ਮੱਖੀਆਂ ਵੀ ਨਾ ਆ ਸਕਣ।
* ਰਸੋਈ-ਘਰ ਦੀਆਂ ਖਿੜਕੀਆਂ 'ਤੇ ਕਦੇ ਪਰਦੇ ਨਾ ਲਗਾਓ, ਕਿਉਂਕਿ ਬਾਹਰੋਂ ਹਵਾ ਤੇਜ਼ ਆਉਣ 'ਤੇ ਪਰਦੇ ਦੇ ਨੇੜੇ ਰੱਖੀਆਂ ਚੀਜ਼ਾਂ ਨੂੰ ਪਰਦੇ ਸੁੱਟ ਸਕਦੇ ਹਨ ਜਾਂ ਗੈਸ ਨਾਲ ਦੁਰਘਟਨਾ ਵੀ ਹੋ ਸਕਦੀ ਹੈ।
* ਰਸੋਈ-ਘਰ ਵਿਚ ਖੜ੍ਹੇ-ਖੜ੍ਹੇ ਜ਼ਿਆਦਾ ਕੰਮ ਕਰਨ ਨਾਲ ਤੁਸੀਂ ਥੱਕ ਵੀ ਸਕਦੇ ਹੋ। ਇਸ ਲਈ ਬੈਠ ਕੇ ਕੰਮ ਕਰਨ ਲਈ ਕੋਈ ਉੱਚਾ ਸਟੂਲ ਜਾਂ ਕੁਰਸੀ ਜ਼ਰੂਰ ਰੱਖੋ।
* ਸਿੰਕ (ਜੂਠੇ ਭਾਂਡੇ ਧੋਣ ਵਾਲੀ ਜਗ੍ਹਾ) ਵਿਚ ਜ਼ਿਆਦਾ ਦੇਰ ਤੱਕ ਜੂਠੇ ਭਾਂਡੇ ਨਾ ਰਹਿਣ ਦਿਓ। ਇਸ ਨਾਲ ਗੰਦਗੀ ਫੈਲੇਗੀ।
* ਸਿੰਕ ਵਿਚੋਂ ਪਾਣੀ ਬਾਹਰ ਕੱਢਣ ਦੀ ਸਹੀ ਵਿਵਸਥਾ ਹੋਣੀ ਚਾਹੀਦੀ ਹੈ।



# CLASSIFIEDS & MATRIMONIALS



## BRIDE WANTED

Jat Sikh Gill family seeks a suitable match for their son, 29 yrs. old, 5'11" tall, Canadian born, well settled, Architect and doing Real estate business, handsome, family oriented. The girl should be Canadian citizen/PR, professionally educated. Call – 1-604-832-7232 or 1-604-615-8088 AP 16-08

ਕੈਨੇਡਾ ਦਾ ਜੰਮਪਲ, ਜੱਟ ਸਿੱਖ ਲੜਕਾ, ਉਮਰ 33 ਸਾਲ,ਕੱਦ 6 ਫੁੱਟ 3 ਇੰਚ, ਵਕੀਲ, ਬਹੁਤ ਸੋਹਣੇ-ਸੁਨੱਖੇ ਲੜਕੇ ਲਈ ਇੱਕ ਸੋਹਣੀ ਪੜੀ-ਲਿਖੀ, ਕਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸਪੰਰਕ ਕਰੋ 604-936-3063 AP 01-08

## CHANGE OF NAME

I, Sonia verma daughter of Surinder Kumar resident of 1309 lower kurari Mohalla Kalka Panchkula 133302 Haryana, and presently residing at 5942 168st Surrey British Columbia, Canada V3S3X6, do hereby change my name from Sonia to Sonia verma, with immediate effect.

## BRIDE WANTED

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08


# CLASSIFIED & MATRIMONIAL

ਜੇਕਰ ਤੁਸੀਂ ਆਪਣਾ ਵਪਾਰ ਅਤੇ ਕਾਰੋਬਾਰ ਨੂੰ ਹੋਰ ਵਧਾਉਣਾ ਚਾਹੁੰਦੇ ਹੋ ਤਾਂ ਪੰਜਾਬੀ ਭਾਈਚਾਰੇ ਦੇ ਹਰਮਨ ਪਿਆਰੇ ਅਖ਼ਬਾਰ ਕੈਨੇਡੀਅਨ ਪੰਜਾਬ ਟਾਈਮਜ਼ 'ਚ ਇਸ਼ਤਿਹਾਰ ਦੇ ਕੇ ਆਪਣੇ ਵਪਾਰ ਅਤੇ ਕਰੋਬਾਰ ਨੂੰ ਹੋਰ ਵਧਾਓ।

JUST $20 ONLY

ਕੈਨੇਡੀਅਨ ਪੰਜਾਬ ਟਾਈਮਜ਼ ਹੁਣ ਤੁਸੀਂ ਆਪਣੇ ਕਾਰੋਬਾਰ ਸਬੰਧੀ ਇਸ਼ਤਿਹਾਰ ਜਾਂ ਮੈਟਰੀਮੋਨੀਅਲ ਸਬੰਧੀ ਇਸ਼ਤਿਹਾਰ ਸਿਰਫ਼ 20 ਡਾਲਰ ਵਿੱਚ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ 604-338-7310




# ਝੋਨੇ ਦੀ ਖਰੀਦ ਦਾ ਸੰਕਟ ਬਹੁ-ਪਰਤੀ


ਲੇਖਕ : ਨਰਾਇਣ ਦੱਤ

ਸੰਪਰਕ: 84275-11770


ਭਾਰਤ ਵਿੱਚ ਕਿਸਾਨ ਅੰਦੋਲਨਾਂ ਦਾ ਲੰਮਾ ਇਤਿਹਾਸ ਹੈ ਜਿਸ ਨੇ ਸਮਾਜਿਕ ਅਤੇ ਆਰਥਿਕ ਸਥਿਤੀ ਨੂੰ ਕਾਫ਼ੀ ਹੱਦ ਤੱਕ ਆਕਾਰ ਦਿੱਤਾ ਹੈ। ਇਸ ਦੀ ਸ਼ੁਰੂਆਤ ਬਸਤੀਵਾਦੀ ਯੁੱਗ ਤੋਂ ਪਹਿਲਾਂ ਤੋਂ ਕੀਤੀ ਜਾ ਸਕਦੀ ਹੈ ਜਦੋਂ ਦੇਸ਼ ਭਰ ਦੇ ਕਿਸਾਨਾਂ ਨੇ ਆਪਣੀ ਲੁੱਟ ਅਤੇ ਅੱਤਿਆਚਾਰਾਂ ਵਿਰੁੱਧ ਵੱਡੇ ਅੰਦੋਲਨ ਲਾਮਬੰਦ ਕੀਤੇ। ਉਨ੍ਹਾਂ ਬੇਤਹਾਸ਼ਾ ਟੈਕਸਾਂ, ਬੇਰਹਿਮ ਲੁੱਟ, ਘੱਟ ਅਦਾਇਗੀ ਅਤੇ ਆਪਣੀਆਂ ਜ਼ਮੀਨਾਂ ਖੋਹੇ ਜਾਣ ਤੋਂ ਬਚਾਉਣ ਲਈ ਬਗਾਵਤਾਂ ਕੀਤੀਆਂ। ਇਨ੍ਹਾਂ ਕਿਸਾਨ ਅੰਦੋਲਨਾਂ ਵਿੱਚ ਦੱਖਣ ਦੰਗੇ (1875), ਪੱਗੜੀ ਸਭਾਲ ਜੱਟਾ ਲਹਿਰ (1905-07), ਚੰਪਾਰਨ (1917), ਖੇੜਾ ਸੱਤਿਆਗ੍ਰਹਿ (1918), ਬਾਰਡੋਲੀ ਸੱਤਿਆਗ੍ਰਹਿ ਅੰਦੋਲਨ (1925), ਤਿਭਾਗਾ ਅੰਦੋਲਨ (1946-1947), ਪੈਪਸੂ ਮੁਜ਼ਾਰਾ ਲਹਿਰ (1948-52; 884 ਪਿੰਡਾਂ ਦੀ 18 ਲੱਖ ਏਕੜ ਜ਼ਮੀਨ ਬਾਰੇ), ਨਕਸਲਬਾੜੀ ਲਹਿਰ (1966-67), 1984 ਵਿੱਚ ਪੰਜਾਬ ਦੇ ਕਿਸਾਨਾਂ ਵੱਲੋਂ ਰਾਜਪਾਲ ਦਾ ਘਿਰਾਓ, 2020 ਦਾ ਇਤਿਹਾਸਕ ਕਿਸਾਨ ਘੋਲ ਸ਼ਾਮਲ ਹਨ।

ਇਸ ਵਾਰ ਸਾਉਣੀ ਦੀ ਮੁੱਖ ਫਸਲ ਝੋਨੇ ਦੀ ਖਰੀਦ ਦਾ ਮਸਲਾ ਅਤਿ ਗੰਭੀਰ ਹੈ। ਖਰੀਦ ਨਾ ਹੋਣ ਕਾਰਨ ਮੰਡੀਆਂ ਅੰਦਰ ਝੋਨੇ ਦੇ ਅੰਬਾਰ ਲੱਗਣੇ ਸ਼ੁਰੂ ਹੋ ਗਏ ਹਨ। ਪੰਜਾਬ ਸਰਕਾਰ ਨੇ ਪਹਿਲੀ ਅਕਤੂਬਰ ਤੋਂ ਝੋਨਾ ਖਰੀਦਣ ਦਾ ਐਲਾਨ ਕੀਤਾ ਸੀ ਪਰ ਜੋ ਵੀ ਖਰੀਦ ਹੋਈ, ਉਹ ਸ਼ੈਲਰ ਮਾਲਕ ਛੜਾਈ (ਮਿਲਿੰਗ) ਲਈ ਚੁੱਕਣ ਲਈ ਤਿਆਰ ਨਹੀਂ। ਜਦ ਸ਼ੈਲਰ ਮਾਲਕ ਮੰਡੀਆਂ ਵਿੱਚੋਂ ਚੁੱਕਿਆ ਝੋਨਾ ਆਪਣੇ ਸ਼ੈਲਰ ਵਿੱਚ ਲਗਵਾਉਣ ਲਈ ਤਿਆਰ ਨਹੀਂ ਤਾਂ ਆੜ੍ਹਤੀਆ ਵਰਗ ਝੋਨੇ ਦੀ ਖਰੀਦ ਲਈ ਤਿਆਰ ਨਹੀਂ। ਇਉਂ ਸਿੱਧੀ ਖੱਜਲ ਖੁਆਰੀ ਦਾ ਸ਼ਿਕਾਰ ਭਾਵੇਂ ਕਿਸਾਨ ਦਿਖਾਈ ਦੇ ਰਹੇ ਹਨ ਪਰ ਇਹ ਪੂਰਾ ਸੱਚ ਨਹੀਂ। ਇਹ ਬਹੁ-ਪਰਤੀ ਸੰਕਟ ਹੈ। ਇਸ ਸੰਕਟ ਨੇ ਸਮੁੱਚੇ ਪੰਜਾਬ ਦੀ ਆਰਥਿਕਤਾ ਨੂੰ ਪ੍ਰਭਾਵਿਤ ਕਰਨਾ ਹੈ।

ਪੰਜਾਬ ਵਿੱਚ 31.99 ਲੱਖ ਹੈਕਟੇਅਰ ਵਿੱਚ (ਤਕਰੀਬਨ 80 ਲੱਖ ਏਕੜ) ਝੋਨਾ ਹੈ। ਇਸ ਵਿੱਚੋਂ 15 ਲੱਖ ਏਕੜ ਬਾਸਮਤੀ ਅਤੇ 65 ਲੱਖ ਏਕੜ ਵਿੱਚ ਗੈਰ-ਬਾਸਮਤੀ ਹੈ। 2024-25 ਦੇ ਸੀਜ਼ਨ ਵਿੱਚ ਬਾਸਮਤੀ ਤੋਂ ਇਲਾਵਾ 180 ਲੱਖ ਮੀਟਰਿਕ ਟਨ ਗੈਰ-ਬਾਸਮਤੀ ਝੋਨਾ ਪੈਦਾ ਹੋਣ ਦੀ ਸੰਭਾਵਨਾ ਹੈ ਜਿਸ ਵਿੱਚੋਂ 120 ਲੱਖ ਮੀਟਰਿਕ ਟਨ ਚੌਲ ਨਿਕਲੇਗਾ। ਅਕਤੂਬਰ 2024 ਤੱਕ ਚੌਲਾਂ ਨਾਲ ਪੰਜਾਬ ਦੇ ਗੁਦਾਮ ਨੱਕੋ-ਨੱਕ ਭਰੇ ਪਏ ਹਨ ਅਤੇ ਹੋਰ ਚੌਲ ਰੱਖਣ ਲਈ ਕੋਈ ਥਾਂ ਨਹੀਂ ਹੈ। ਐੱਫਸੀਆਈ ਕੋਲੋਂ ਹਾਸਲ ਜਾਣਕਾਰੀ ਅਨੁਸਾਰ, 2023-24 ਦੌਰਾਨ ਛੜਾਈ ਕਰ ਕੇ ਸਟੋਰ ਕੀਤੇ ਚੌਲਾਂ ਦਾ ਸਟਾਕ ਸਤੰਬਰ 2026 ਤੋਂ ਪਹਿਲਾਂ ਚੁੱਕੇ ਜਾਣ ਦੀ ਸੰਭਾਵਨਾ ਨਹੀਂ।

ਸਭ ਤੋਂ ਪਹਿਲੀ ਗੱਲ, ਕੇਂਦਰ ਤੇ ਪੰਜਾਬ ਸਰਕਾਰ ਇਸ ਬਾਰੇ ਰੱਤੀ ਭਰ ਵੀ ਗੰਭੀਰ ਨਹੀਂ। ਕਿਸਾਨ ਜਥੇਬੰਦੀਆਂ ਨਾਲ ਮੀਟਿੰਗਾਂ ਵਿੱਚ ਵੀ ਪੰਜਾਬ ਸਰਕਾਰ ਨੇ ਕੋਈ ਗੰਭੀਰਤਾ ਨਹੀਂ ਦਿਖਾਈ। ਪੰਜਾਬ ਸਰਕਾਰ ਉੱਤੇ 'ਵਿਹੜੇ ਆਈ ਜੰਨ, ਵਿੰਨ੍ਹੋ ਕੁੜੀ ਦੇ ਕੰਨ' ਕਹਾਵਤ ਐਨ ਢੁੱਕਦੀ ਹੈ। ਸਰਕਾਰ ਚਲਾਉਣ ਵਾਲੀ ਧਿਰ ਦੀ ਇਹ ਜ਼ਿੰਮੇਵਾਰੀ ਸੀ ਕਿ ਕੇਂਦਰ ਸਰਕਾਰ ਨਾਲ ਗੱਲਬਾਤ ਕਰ ਕੇ ਅਗਾਊਂ ਪ੍ਰਬੰਧ ਕੀਤਾ ਜਾਂਦਾ, ਗੁਦਾਮ ਖਾਲੀ ਕਰਵਾਉਣ ਲਈ ਲੰਮੇ ਸਮੇਂ ਦੀ ਵਿਉਂਤਬੰਦੀ ਦੀ ਲੋੜ ਹੈ।

ਜਿਉਂ-ਜਿਉਂ ਝੋਨੇ ਦੀ ਖਰੀਦ ਲੇਟ ਹੁੰਦੀ ਜਾਵੇਗੀ, 17% ਨਮੀ ਦੀ ਮਾਤਰਾ ਵਾਲਾ ਸੰਕਟ ਠੰਢ ਵਧਣ ਨਾਲ ਤੇਜ਼ ਹੁੰਦਾ ਜਾਵੇਗਾ। ਵੱਧ ਤੋਂ ਵੱਧ 5 ਲੱਖ ਟਨ ਚੌਲ ਅਤੇ 7 ਲੱਖ ਟਨ ਕਣਕ ਦਾ ਸਟਾਕ ਚੁੱਕਿਆ ਜਾ ਸਕਦਾ ਹੈ। ਉਹ ਵੀ ਕਣਕ ਵਾਲੇ ਸਟਾਕ ਵਿੱਚ ਸਟੋਰ ਨਹੀਂ ਕੀਤਾ ਜਾ ਸਕਦਾ। ਝੋਨੇ ਦੀ ਖਰੀਦ ਨਾ ਹੋਣ ਨਾਲ ਪੰਜਾਬ ਦੀ ਆਰਥਿਕਤਾ ਪ੍ਰਭਾਵਿਤ ਹੋਵੇਗੀ। 50 ਹਜ਼ਾਰ ਕਰੋੜ ਤੋਂ ਵਧੇਰੇ ਦਾ ਕਾਰੋਬਾਰ ਪ੍ਰਭਾਵਿਤ ਹੋਵੇਗਾ। ਕਿਸਾਨ, ਮਜ਼ਦੂਰ, ਆੜ੍ਹਤੀਆ ਵਰਗ, ਸ਼ੈਲਰ ਮਾਲਕ, ਟਰੱਕ ਯੂਨੀਅਨਾਂ, ਖਰੀਦ ਏਜੰਸੀਆਂ ਦੇ ਮੁਲਾਜ਼ਮ, ਸਕਿਉਰਟੀ ਗਾਰਡ ਆਦਿ ਇਸ ਹਮਲੇ ਦੀ ਮਾਰ ਹੇਠ ਆਉਣਗੇ।

ਪੰਜਾਬ ਵਿੱਚ ਕਿਸਾਨਾਂ ਤੋਂ ਦੂਜਾ ਸਭ ਤੋਂ ਵੱਡਾ ਤਬਕਾ, 12 ਲੱਖ ਦੇ ਕਰੀਬ ਮੰਡੀ ਮਜ਼ਦੂਰਾਂ ਦਾ ਪ੍ਰਭਾਵਿਤ ਹੋਵੇਗਾ। 154 ਪੱਕੀਆਂ ਮੰਡੀਆਂ, 3104 ਕੱਚੀਆਂ ਮੰਡੀਆਂ ਦੇ 43000 ਆੜ੍ਹਤੀਆਂ ਦੇ ਪਰਿਵਾਰ ਇਸ ਤੋਂ ਪ੍ਰਭਾਵਿਤ ਹੋਣਗੇ। 5500 ਸ਼ੈਲਰ ਮਾਲਕ ਅਤੇ 4 ਲੱਖ ਦੇ ਕਰੀਬ ਮਜ਼ਦੂਰ ਇਸ ਤੋਂ ਪ੍ਰਭਾਵਿਤ ਹੋਣਗੇ। 134 ਟਰੱਕ ਯੂਨੀਅਨਾਂ ਦੇ 93000 ਟਰੱਕ ਮਾਲਕ ਇਸ ਤੋਂ ਪ੍ਰਭਾਵਿਤ ਹੋਣਗੇ। ਟਰੱਕ ਡਰਾਈਵਰ, ਕਲੀਨਰ, ਵਰਕਸ਼ਾਪ ਆਦਿ ਦੇ 12 ਲੱਖ ਪਰਿਵਾਰ ਇਸ ਤੋਂ ਪ੍ਰਭਾਵਿਤ ਹੋਣਗੇ। 10000 ਰੇਹ, ਤੇਲ, ਬੀਜ, ਕੀੜੇਮਾਰ ਦਵਾਈਆਂ ਦੇ ਡੀਲਰਾਂ ਦੇ ਪਰਿਵਾਰ ਪ੍ਰਭਾਵਿਤ ਹੋਣਗੇ। 10000 ਤੋਂ ਵੱਧ ਰੇੜ੍ਹੀ-ਫੜ੍ਹੀ ਵਾਲੇ ਅਤੇ ਛੋਟੇ ਦੁਕਾਨਦਾਰਾਂ ਦੇ ਪਰਿਵਾਰ ਪ੍ਰਭਾਵਿਤ ਹੋਣਗੇ। ਇਸ ਤਰ੍ਹਾਂ ਵਿਸ਼ਵ ਵਪਾਰ ਸੰਸਥਾ ਦੀਆਂ ਸ਼ਰਤਾਂ ਮੰਨ ਕੇ ਜੇ ਸਰਕਾਰ ਮੰਡੀਆਂ ਦਾ ਢਾਂਚਾ ਤਬਾਹ ਕਰਨ ਵਿੱਚ ਸਫ਼ਲ ਹੋ ਜਾਂਦੀ ਹੈ ਤਾਂ ਲੱਖਾਂ ਕਿਸਾਨ ਪਰਿਵਾਰਾਂ ਦੇ ਨਾਲ-ਨਾਲ 25 ਲੱਖ ਤੋਂ ਵਧੇਰੇ ਮੰਡੀ ਮਜ਼ਦੂਰ, ਸ਼ੈਲਰ ਅਤੇ ਆੜ੍ਹਤ ਕਾਰੋਬਾਰੀ, ਟਰੱਕ ਮਾਲਕ, ਡਰਾਈਵਰ, ਕਲੀਨਰ ਅਤੇ ਹੋਰ ਛੋਟੇ ਕਾਰੋਬਾਰੀ ਤਬਾਹ ਹੋ ਜਾਣਗੇ। ਖਰੀਦ ਏਜੰਸੀਆਂ ਦੇ ਮੁਲਾਜ਼ਮਾਂ ਅਤੇ ਸਕਿਉਰਟੀ ਗਾਰਡਾਂ ਦੀ ਹਜ਼ਾਰਾਂ ਕਰਮਚਾਰੀਆਂ ਦਾ ਰੁਜ਼ਗਾਰ ਵੀ ਖ਼ਤਰੇ ਵਿੱਚ ਪੈ ਜਾਵੇਗਾ। ਪੰਜਾਬ ਦਾ 45000 ਕਰੋੜ ਰੁਪਏ ਦਾ ਕਾਰੋਬਾਰ ਤਬਾਹ ਹੋ ਜਾਵੇਗਾ।

ਕੇਂਦਰ ਸਰਕਾਰ ਵਿਸ਼ਵ ਵਪਾਰ ਸੰਸਥਾ ਦੀਆਂ ਸ਼ਰਤਾਂ ਮੰਨ ਕੇ ਖੇਤੀ ਖੇਤਰ ਨੂੰ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਦੀ ਸਾਜ਼ਿਸ਼ ਤਹਿਤ ਫਸਲਾਂ ਨੂੰ ਮੰਡੀਆਂ ਵਿੱਚ ਰੋਲਣ ਦੀਆਂ ਗੋਂਦਾਂ ਗੁੰਦ ਰਹੀ ਹੈ। ਇਸੇ ਕਰ ਕੇ ਪੰਜਾਬ ਸਮੇਤ ਪੂਰੇ ਮੁਲਕ ਵਿੱਚ ਹੀ ਪੂਰੀ ਸਮਰੱਥਾ ਦੇ ਗੁਦਾਮ ਬਣਾਏ ਨਹੀਂ ਜਾ ਰਹੇ। ਲੱਖਾਂ ਮੀਟਰਿਕ ਟਨ ਨੀਲੀ ਛੱਤ ਥੱਲੇ ਪਿਆ ਅਨਾਜ ਕੇਂਦਰ ਸਰਕਾਰ ਦੇ ਦਾਅਵਿਆਂ ਦਾ ਮੂੰਹ ਚਿੜਾ ਰਿਹਾ ਹੈ। ਹੁਣ ਜੋ ਗੁਦਾਮ ਬਣ ਰਹੇ ਹਨ, ਉਹ ਅਡਾਨੀ ਸਮੇਤ ਇਸ ਦੀਆਂ ਸਹਿਯੋਗੀ ਪ੍ਰਾਈਵੇਟ ਫਰਮਾਂ ਹੀ ਬਣਾ ਰਹੀਆਂ ਹਨ। ਕੇਂਦਰ ਸਰਕਾਰ ਨੇ ਸ਼ਰਤਾਂ ਅਜਿਹੀਆਂ ਮੜ੍ਹ ਦਿੱਤੀਆਂ ਹਨ ਕਿ ਐੱਫਸੀਆਈ ਸਮੇਤ ਰਾਜ ਖਰੀਦ ਏਜੰਸੀਆਂ ਇਸ ਨੂੰ ਪੂਰੀਆਂ ਨਹੀਂ ਕਰ ਸਕਦੀਆਂ। ਕੇਂਦਰ ਸਰਕਾਰ ਜਾਣਬੁੱਝ ਕੇ ਵੱਡੇ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਦੀ ਪੂਰਤੀ ਲਈ ਐੱਮਐੱਸਪੀ ਉੱਤੇ 23 ਫਸਲਾਂ ਖਰੀਦ ਤੋਂ ਭੱਜਣ ਦੇ ਬਹਾਨੇ ਲੱਭ ਰਹੀ ਹੈ। ਕਿਸਾਨਾਂ ਨੂੰ ਬੱਝਵੀਂ ਆਮਦਨ ਦਿੰਦੀ ਝੋਨੇ ਦੀ ਫਸਲ ਬੀਜਣ ਤੋਂ ਕਿਨਾਰਾ ਕਰਵਾਉਣ ਦੀ ਗਹਿਰੀ ਸਾਜ਼ਿਸ਼ ਕਾਰਨ ਹੀ ਇਸ ਵਾਰ ਝੋਨੇ ਦੀ ਖਰੀਦ ਪ੍ਰਤੀ ਕਿਸਾਨਾਂ ਨੂੰ ਭਾਰੀ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਝੋਨੇ ਦੀ ਫਸਲ ਬੀਜਣ ਨਾਲ ਪੰਜਾਬ ਨੂੰ ਧਰਤੀ ਹੇਠਲੇ ਪਾਣੀ ਵਰਗੀ ਕੁਦਰਤੀ ਨਿਆਮਤ ਖ਼ਤਮ ਕਰਨ ਦੀ ਭਾਰੀ ਕੀਮਤ ਤਾਰਨੀ ਪੈ ਰਹੀ ਹੈ। ਮਸਲਾ ਇੱਥੇ ਹੀ ਰੁਕਣ ਵਾਲਾ ਨਹੀਂ ਸਗੋਂ ਜਲਦ ਹੀ ਅਜਿਹਾ ਹੱਲਾ ਕਣਕ ਦੀ ਖਰੀਦ ਉੱਪਰ ਬੋਲਣ ਲਈ ਰਾਹ ਪੱਧਰਾ ਕਰ ਲਿਆ ਜਾਵੇਗਾ। ਇਹ ਗੰਭੀਰ ਖ਼ਤਰੇ ਦਾ ਸੂਚਕ ਹੈ। ਦਾਲ ਅਤੇ ਤੇਲ ਮਹਿੰਗੇ ਮੁੱਲ 'ਤੇ ਅੱਜ ਦੀ ਹਾਲਤ ਵਿੱਚ ਹੀ ਬਾਹਰੋਂ ਮੰਗਵਾਏ ਜਾ ਰਹੇ ਹਨ। ਦੁਖਾਂਤਕ ਪਹਿਲੂ ਇਹ ਹੈ ਕਿ ਮੁਲਕ ਦੇ ਕਿਸਾਨਾਂ ਨੂੰ ਦਾਲ, ਤੇਲ ਬੀਜਾਂ ਲਈ ਨਾ ਤਾਂ ਉਤਸ਼ਾਹਿਤ ਕੀਤਾ ਜਾਂਦਾ ਹੈ, ਨਾ ਹੀ ਫਸਲਾਂ ਦੀ ਪੂਰੀ ਕੀਮਤ ਦਾ ਐਲਾਨ ਕੀਤਾ ਜਾਂਦਾ ਹੈ।

ਅੰਦਾਜ਼ੇ ਅਨੁਸਾਰ, 2026 ਵਿੱਚ ਭਾਰਤ ਨੂੰ 72.2 ਕਿਲੋ ਪ੍ਰਤੀ ਵਿਅਕਤੀ ਚੌਲਾਂ ਦੀ ਲੋੜ ਪਵੇਗੀ। ਜੇ 2026 ਵਿੱਚ 140 ਕਰੋੜ ਆਬਾਦੀ ਹੋਵੇ ਤਾਂ 101.08 ਮਿਲੀਅਨ ਟਨ ਚੌਲਾਂ ਦੀ ਲੋੜ ਪਵੇਗੀ; ਪੈਦਾਵਾਰ ਦਾ ਅੰਦਾਜ਼ਾ 111 ਮਿਲੀਅਨ ਟਨ ਹੋਵੇਗਾ। ਜੇ ਆਬਾਦੀ 150 ਕਰੋੜ ਹੋਵੇਗੀ ਤਾਂ 108 ਮਿਲੀਅਨ ਟਨ ਦੀ ਜ਼ਰੂਰਤ ਪਵੇਗੀ। ਇਸ ਲਈ ਵਾਫਰ ਪੈਦਾਵਾਰ ਹੋਣ ਵਾਲੀ ਗੱਲ ਗ਼ਲਤ ਹੈ। ਭਾਜਪਾ ਨੇ ਖੁਰਾਕ ਸੁਰੱਖਿਆ ਐਕਟ-2013 ਦੇ ਨਿਯਮਾਂ ਵਿੱਚ ਤਬਦੀਲੀ ਰਾਹੀਂ ਪੀਡੀਐੱਸ ਵਿੱਚ ਨਕਦ ਟ੍ਰਾਂਸਫਰ ਦੀ ਯੋਜਨਾਬੱਧ ਢੰਗ ਨਾਲ ਵਕਾਲਤ ਕੀਤੀ। ਭਾਜਪਾ ਸ਼ਾਸਿਤ ਰਾਜਾਂ ਸਰਕਾਰ ਨੇ ਪੀਡੀਐੱਸ ਦੇ ਤਹਿਤ ਨਕਦ ਟ੍ਰਾਂਸਫਰ ਦੀ ਵਕਾਲਤ ਕੀਤੀ ਅਤੇ ਅਨਾਜ ਦੀ ਚੁਕਾਈ ਬੰਦ ਕਰ ਦਿੱਤੀ। ਜਿਵੇਂ ਕਿ ਮਹਾਰਾਸ਼ਟਰ ਸਰਕਾਰ ਨੇ 32 ਲੱਖ ਰਾਸ਼ਨ ਕਾਰਡਾਂ ਨੂੰ ਕੈਸ਼ ਟ੍ਰਾਂਸਫਰ ਵਿੱਚ ਬਦਲਿਆ। ਐੱਫਸੀਆਈ ਤੋਂ ਚੌਲਾਂ ਦੀ ਚੁਕਾਈ ਵੀ ਬੰਦ ਕਰ ਦਿੱਤੀ। ਕਰਨਾਟਕ ਦੇ ਸੋਕੇ ਵਿੱਚ ਅਨਾਜ ਦੀ ਮੰਗ ਦੇ ਬਾਵਜੂਦ ਭਾਰਤ ਸਰਕਾਰ ਵੱਲੋਂ ਚੌਲ ਨਹੀਂ ਦਿੱਤੇ ਗਏ। ਕੇਂਦਰੀ ਵੇਅਰਹਾਊਸਿੰਗ ਕਾਰਪੋਰੇਸ਼ਨ ਨੂੰ ਖ਼ਤਮ ਕਰ ਦਿੱਤਾ ਹੈ ਜਿਸ ਕਾਰਨ ਸਟੋਰ ਸਮਰੱਥਾ ਘਟ ਗਈ। ਐੱਫਸੀਆਈ ਨੇ ਮੌਜੂਦਾ ਸੀਜ਼ਨ ਲਈ ਲੋੜੀਂਦੀ ਸਮਰੱਥਾ ਦਾ ਪ੍ਰਬੰਧ ਨਹੀਂ ਕੀਤਾ। ਨਾਫੇਡ ਅਤੇ ਹੋਰ ਸੰਸਥਾਵਾਂ ਨੇ ਜਾਣਬੁੱਝ ਕੇ ਆਪਣੀ ਖਰੀਦ ਪ੍ਰਕਿਰਿਆ ਨੂੰ ਏਪੀਐੱਮਸੀ ਐਕਟ ਤੋਂ ਬਾਹਰ ਰੱਖਿਆ; ਉਹ ਵੀ ਪ੍ਰਾਈਵੇਟ ਖਿਡਾਰੀਆਂ ਰਾਹੀਂ। ਸਿਆਸੀ ਕਾਰਨਾਂ ਕਰ ਕੇ ਛੱਤੀਸਗੜ੍ਹ ਸਰਕਾਰ ਨੇ ਪਿਛਲੇ ਸਾਲ ਕੀਤੀ ਝੋਨੇ ਦੀ ਖਰੀਦ ਦੇ ਬਕਾਏ ਅਦਾ ਕੀਤੇ। ਭਾਜਪਾ ਸਰਕਾਰ ਨੇ ਕਾਰਪੋਰੇਟਾਂ ਦੇ ਹਿੱਤ ਵਿੱਚ ਗੈਰ-ਬਾਸਮਤੀ ਦੇ ਬਰਾਮਦ 'ਤੇ ਪਾਬੰਦੀ ਹਟਾ ਦਿੱਤੀ। ਭਾਜਪਾ ਸਰਕਾਰ ਪੀਡੀਐੱਸ ਅਤੇ ਐੱਮਐੱਸਪੀ ਨੂੰ ਇੱਕ ਝਟਕੇ ਵਿੱਚ ਖ਼ਤਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਅਜਿਹੀ ਹਾਲਤ ਲੀਹੋਂ ਲੱਥੀ ਹੋਈ ਖਰੀਦ ਕਿਸਾਨਾਂ ਵਿੱਚ ਬੇਚੈਨੀ ਪੈਦਾ ਕਰੇਗੀ ਅਤੇ ਕਿਸਾਨਾਂ ਨੂੰ ਨਿਰਾਸ਼ ਕਰੇਗੀ।

ਮੁੱਖ ਤੌਰ 'ਤੇ ਸੰਘਰਸ਼ ਦਾ ਨਿਸ਼ਾਨਾ ਕੇਂਦਰ ਦੀ ਮੋਦੀ ਸਰਕਾਰ ਨੂੰ ਬਣਾਉਣਾ ਪਵੇਗਾ। ਪੰਜਾਬ ਦੇ ਕਿਸਾਨਾਂ ਨੂੰ ਇੱਕਜੁੱਟ ਹੋ ਕੇ ਸਾਂਝੇ ਜਾਂ ਤਾਲਮੇਲਵੇਂ ਸੰਘਰਸ਼ ਰਾਹੀਂ ਹਰਿਆਣਾ ਅਤੇ ਯੂਪੀ ਦੇ ਕਿਸਾਨਾਂ ਨੂੰ ਨਾਲ ਲੈ ਕੇ 2020 ਦੀ ਤਰਜ਼ 'ਤੇ ਦਿੱਲੀ ਦੇ ਤਖਤ ਨਾਲ ਟੱਕਰ ਲੈਣ ਲਈ ਵਧੇਰੇ ਲਾਮਬੰਦੀ ਲਈ ਤਿਆਰ ਕਰਨਾ ਹੋਵੇਗਾ। ਝੋਨੇ ਦੀ ਖਰੀਦ ਦਾ ਮਸਲਾ ਸਮੁੱਚੇ ਪੰਜਾਬ ਵਾਸੀਆਂ ਦਾ ਸਾਂਝਾ ਹੈ। ਹਰ ਤਬਕੇ ਨੂੰ ਇਸ ਸੰਘਰਸ਼ ਵਿੱਚ ਵਧ ਚੜ੍ਹ ਕੇ ਹਿੱਸਾ ਪਾਉਣਾ ਚਾਹੀਦਾ ਹੈ।

# ਪਾਠਕਾਂ ਦੇ ਖ਼ਤ

ਫੇਸਬੁੱਕ ਕਾਲਮ ਤੋਂ

## ਭਾਰਤ ਵਿਚ ਭੁੱਖਮਰੀ ਅਤੇ ਸਰਕਾਰੀ ਨੀਤੀ

ਗੁਰਵਿੰਦਰ ਫੋਨ: +91-95170-45458

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇਸ਼ ਨੂੰ ਵਿਸ਼ਵ ਗੁਰੂ ਬਣਾਉਣ ਦੀਆਂ ਫੜ੍ਹਾਂ ਮਾਰਦੇ ਨਹੀਂ ਥੱਕਦੇ ਪਰ ਸਮੇਂ-ਸਮੇਂ ਆਉਂਦੀਆਂ ਰਿਪੋਰਟਾਂ ਬਿਲਕੁਲ ਉਲਟਾ ਪਾਸਾ ਪੇਸ਼ ਕਰਦੀਆਂ ਹਨ। ਹਰ ਸਾਲ ਆਲਮੀ ਪੱਧਰ 'ਤੇ ਕੌਮਾਂਤਰੀ ਭੁੱਖਮਰੀ ਸੂਚਕ ਅੰਕ ਦੇ ਨਾਂ ਹੇਠ ਰਿਪੋਰਟ ਪ੍ਰਕਾਸ਼ਿਤ ਹੁੰਦੀ ਹੈ ਜੋ ਵੱਖਵੱਖ ਦੇਸ਼ਾਂ ਦੀ ਲੋਕਾਈ ਦੀਆਂ ਜੀਵਨ ਹਾਲਤਾਂ ਬਾਰੇ ਚਾਨਣਾ ਪਾਉਂਦੀ ਹੈ। 2014 ਦੀ ਰਿਪੋਰਟ ਥੋੜ੍ਹੇ ਦਿਨ ਪਹਿਲਾਂ ਹੀ ਪ੍ਰਕਾਸ਼ਿਤ ਹੋਈ ਹੈ। ਦੁਨੀਆ ਦੇ 127 ਮੁਲਕਾਂ ਵਿਚੋਂ ਅੰਕੜੇ ਇਕੱਠੇ ਕਰ ਕੇ ਰਿਪੋਰਟ ਬਣਾਈ ਗਈ ਹੈ। ਰਿਪੋਰਟ ਨੇ ਮੋਦੀ ਹਕੂਮਤ ਦੇ ਵਿਕਾਸ ਦੇ ਦਾਅਵਿਆਂ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਰਿਪੋਰਟ ਮੁਤਾਬਕ 127 ਦੇਸ਼ਾਂ ਵਿਚੋਂ ਭੁੱਖਮਰੀ ਦੇ ਮਾਮਲੇ ਵਿਚ ਭਾਰਤ ਹੇਠਾਂ ਤੋਂ 105ਵੇਂ ਨੰਬਰ 'ਤੇ ਹੈ। ਮੋਦੀ ਹਕੂਮਤ ਦੇ 10 ਵਰ੍ਹਿਆਂ ਦੇ ਕਾਰਜਕਾਲ ਵਿਚ ਇਸ ਸਥਿਤੀ ਵਿਚ ਤੇਜ਼ੀ ਨਾਲ ਨਿਘਾਰ ਆਇਆ ਹੈ। 2014 ਵਿਚ ਮੋਦੀ ਦੀ ਤਾਜਪੋਸ਼ੀ ਵੇਲੇ ਭਾਰਤ ਭੁੱਖਮਰੀ ਸੂਚਕ ਅੰਕ ਵਿਚ 55ਵੇਂ ਨੰਬਰ 'ਤੇ ਆਉਂਦਾ ਸੀ। 2023 ਵਿਚ ਤਾਂ ਭਾਰਤ ਇਸ ਦਰਜਾਬੰਦੀ ਵਿਚ 111ਵੇਂ ਥਾਂ 'ਤੇ ਪਹੁੰਚ ਗਿਆ ਸੀ। ਇਸ ਵੇਲ਼ੇ ਭਾਰਤ ਵਿਚ ਭੁੱਖਮਰੀ ਦੀ ਸਥਿਤੀ ਗੰਭੀਰ ਹੈ ਜੋ ਖਤਰਨਾਕ ਵੀ ਬਣ ਸਕਦੀ ਹੈ। ਆਰਥਿਕ ਅਤੇ ਸਿਆਸੀ ਅਸਥਿਰਤਾ ਝੱਲ ਰਹੇ ਸ੍ਰੀਲੰਕਾ ਅਤੇ ਬੰਗਲਾਦੇਸ਼ ਸਮੇਤ ਨੇਪਾਲ ਦੀ ਹਾਲਤ ਭਾਰਤ ਨਾਲੋਂ ਕਿਤੇ ਵਧੀਆ ਹੈ। ਭੁੱਖਮਰੀ ਸੂਚਕ ਅੰਕ ਤਿੰਨ ਨੁਕਤਿਆਂ ਨੂੰ ਮਿਲਾ ਕੇ ਬਣਾਇਆ ਜਾਂਦਾ ਹੈ- ਕੁੱਲ ਆਬਾਦੀ 'ਚ ਕੁਪੋਸ਼ਿਤ/ਭੁੱਖਮਰੀ ਦਾ ਸ਼ਿਕਾਰ ਲੋਕਾਂ ਦੀ ਫੀਸਦ, 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦਾ ਭਾਰ ਤੇ ਕੱਦ ਅਤੇ ਸਾਲ ਵਿਚ ਪੈਦਾ ਹੋਣ ਵਾਲੇ ਬੱਚਿਆਂ ਦੀ ਮੌਤ ਦਰ। ਇਹਨਾਂ ਤਿੰਨਾਂ ਨੁਕਤਿਆਂ 'ਚ ਹੀ ਭਾਰਤ ਦੀ ਹਾਲਤ ਬਹੁਤ ਨਿੱਘਰੀ ਹੋਈ ਹੈ। ਭਾਰਤ ਦੀ ਕੁੱਲ ਆਬਾਦੀ ਦਾ 14 ਫੀਸਦ ਭੁੱਖਮਰੀ ਦਾ ਸ਼ਿਕਾਰ ਹੈ ਜਿਸ ਦੀ ਗਿਣਤੀ 20 ਕਰੋੜ ਦੇ ਬਰਾਬਰ ਬਣਦੀ ਹੈ। ਬ੍ਰਾਜ਼ੀਲ ਦੀ ਕੁੱਲ ਆਬਾਦੀ ਲਗਭਗ 20 ਕਰੋੜ ਹੈ ਅਤੇ ਇੰਨੇ ਲੋਕ ਹੀ ਭਾਰਤ ਚ ਭੁੱਖਮਰੀ ਦਾ ਸ਼ਿਕਾਰ ਹਨ। ਕੁੱਲ ਆਬਾਦੀ ਚੋਂ 35.5 ਫੀਸਦ ਬੱਚਿਆਂ (ਹਰ ਤੀਜਾ ਬੱਚਾ) ਦਾ ਕੱਦ ਆਪਣੀ ਉਮਰ ਤੋਂ ਛੋਟਾ ਹੈ ਅਤੇ 18.7 ਫੀਸਦ ਬੱਚਿਆਂ (ਹਰੇਕ ਪੰਜਵਾਂ ਬੱਚਾ) ਦਾ ਭਾਰ ਆਪਣੀ ਉਮਰ ਤੋਂ ਘੱਟ ਹੈ। ਇਸ ਦਾ ਇੱਕ ਕਾਰਨ ਜਿੱਥੇ ਇਹਨਾਂ ਬੱਚਿਆਂ ਨੂੰ ਚੰਗੀ ਖੁਰਾਕ ਨਾ ਮਿਲਣਾ ਹੈ ਉੱਥੇ ਬੱਚਿਆਂ ਦੀਆਂ ਮਾਵਾਂ 'ਚ ਖੂਨ ਦੀ ਕਮੀ, ਕਮਜ਼ੋਰ ਸਿਹਤ ਆਦਿ ਵੀ ਹੈ। ਸਾਲ ਵਿਚ ਜੰਮਣ ਵਾਲੇ ਬੱਚਿਆਂ ਵਿਚੋਂ ਹਰੇਕ 1000 ਮਗਰ 26 ਬੱਚਿਆਂ ਦੀ ਮੌਤ ਹੋ ਜਾਂਦੀ ਹੈ ਜਿਸ ਦਾ ਵੱਡਾ ਕਾਰਨ ਵੈਂਟੀਲੇਟਰ 'ਤੇ ਪਿਆ ਸਰਕਾਰੀ ਸਿਹਤ ਪ੍ਰਬੰਧ ਹੈ। ਰਿਪੋਰਟ ਨਸ਼ਰ ਹੋਣ ਤੋਂ ਬਾਅਦ ਕੇਂਦਰ ਸਰਕਾਰ ਨੇ ਆਪਣੀ ਮਾੜੀ ਕਾਰਗੁਜ਼ਾਰੀ ਨੂੰ ਮੰਨ ਕੇ ਸਥਿਤੀ ਸੁਧਾਰਨ ਬਾਰੇ ਗੱਲ ਕਰਨ ਦੀ ਥਾਂ ਰਿਪੋਰਟ ਨੂੰ ਹੀ ਗਲਤ ਗਰਦਾਨਣਾ ਸ਼ੁਰੂ ਕਰ ਦਿੱਤਾ। ਪਹਿਲਾ ਵੀ ਸਰਕਾਰ ਨੇ ਬੇਰੁਜ਼ਗਾਰੀ ਦੀ ਹਾਲਤ ਬਿਆਨਦੀ ਰਿਪੋਰਟ ਤੋਂ ਬਾਅਦ ਰੁਜ਼ਗਾਰ ਦਾ ਪ੍ਰਬੰਧ ਕਰਨ ਥਾਵੇਂ ਅੰਕੜਾ ਵਿਭਾਗ ਬੰਦ ਕਰਨ ਦਾ ਰਾਹ ਚੁਣਿਆ ਸੀ ਤਾਂ ਕਿ ਬੇਰੁਜ਼ਗਾਰੀ ਦੇ ਅੰਕੜਿਆਂ ਬਾਰੇ ਪਤਾ ਹੀ ਨਾ ਲੱਗ ਸਕੇ। ਗੋਦੀ ਮੀਡੀਆ ਵੀ ਰਿਪੋਰਟ ਨੂੰ ਗਲਤ ਸਾਬਤ ਕਰਨ ਲਈ ਘੰਟਾਘੰਟਾ ਲੰਮੇ ਪ੍ਰੋਗਰਾਮ ਕਰ ਰਿਹਾ ਹੈ ਪਰ ਸਮਾਜ ਵਿਚ ਵਿਚਰਦਾ ਹਰੇਕ ਤਰਕਸ਼ੀਲ ਅਤੇ ਇਨਸਾਫਪਸੰਦ ਹਕੀਕਤ ਜਾਣਦਾ ਹੈ ਕਿ ਪਰਦੇ ਪਾਉਣ ਨਾਲ ਸੱਚਾਈਆਂ ਲੁਕਦੀਆਂ ਨਹੀਂ। ਪੰਜਾਬ ਦਾ ਮਾਨਚੈਸਟਰ ਕਹੇ ਜਾਂਦੇ ਸ਼ਹਿਰ ਲੁਧਿਆਣੇ ਵਿਚ ਹਜ਼ਾਰਾਂ ਹੀ ਕੁਪੋਸ਼ਿਤ ਅਤੇ ਅੱਡੋ-ਅੱਡ ਬਿਮਾਰੀਆਂ ਨਾਲ ਗ੍ਰਸੇ ਮਜ਼ਦੂਰਾਂ ਦੇ ਬੱਚਿਆਂ ਨੂੰ ਆਮ ਦੇਖਿਆ ਜਾ ਸਕਦਾ ਹੈ ਪਰ ਹਕੂਮਤਾਂ ਅਤੇ ਗੋਦੀ ਮੀਡੀਆ ਨੂੰ ਇਹ ਹਕੀਕਤਾਂ ਨਹੀਂ ਦਿਸਦੀਆਂ। ਭੁੱਖਮਰੀ ਅਤੇ ਕੁਪੋਸ਼ਣ ਵਰਗੀਆਂ ਅਲਾਮਤਾਂ ਲਈ ਅਕਸਰ ਇਹ ਕੁਤਰਕ ਦਿੱਤਾ ਜਾਂਦਾ ਹੈ ਕਿ ਇੰਨੀ ਜ਼ਿਆਦਾ ਆਬਾਦੀ ਦਾ ਢਿੱਡ ਕਿਵੇਂ ਭਰਿਆ ਜਾ ਸਕਦਾ ਹੈ? ਇਸ ਆਮ ਜਿਹੇ ਪ੍ਰਚਾਰੇ ਜਾਂਦੇ ਝੂਠ ਨੂੰ ਕਈ ਸੂਝਵਾਨ ਲੋਕ ਵੀ ਸੱਚ ਮੰਨਣ ਲੱਗ ਜਾਂਦੇ ਹਨ ਪਰ ਕੀ ਇਸ ਵਿਚ ਸਚਾਈ ਹੈ? ਅੰਕੜਿਆਂ ਮੁਤਾਬਿਕ, 2023-24 ਵਿਚ ਭਾਰਤ ਅੰਦਰ ਅਨਾਜ ਦੀ ਰਿਕਾਰਡ ਪੈਦਾਵਾਰ 332 ਮਿਲੀਅਨ ਟਨ ਹੋਈ ਹੈ ਜੋ ਭਾਰਤ ਦੀ ਕੁੱਲ ਆਬਾਦੀ ਨੂੰ ਰਜਾਉਣ ਲਈ ਕਾਫੀ ਹੈ। ਭਾਰਤ ਸੰਸਾਰ ਵਿਚ ਅਨਾਜ ਪੈਦਾਕਾਰਾਂ ਦੀ ਸੂਚੀ ਵਿਚ ਮੂਹਰਲੀਆਂ ਥਾਵਾਂ 'ਤੇ ਆਉਂਦਾ ਹੈ ਅਤੇ ਵਿਦੇਸ਼ਾਂ ਨੂੰ ਅਨਾਜ ਬਰਾਮਦ ਵੀ ਕਰਦਾ ਹੈ। ਇੰਨੀ ਪੈਦਾਵਾਰ ਹੋਣ ਦੇ ਬਾਵਜੂਦ 20 ਕਰੋੜ ਆਬਾਦੀ ਭੁੱਖਮਰੀ ਨਾਲ ਜੂਝ ਰਹੀ ਹੈ ਤਾਂ ਇਸ ਦਾ ਕਾਰਨ ਅਨਾਜ ਦੀ ਪੈਦਾਵਾਰ ਤਾਂ ਬਿਲਕੁੱਲ ਵੀ ਨਹੀਂ ਹੈ। ਪਿਛਲੇ ਦੋ ਸਾਲਾਂ ਵਿਚ ਖਾਧ ਪਦਾਰਥਾਂ ਦੀਆਂ ਕੀਮਤਾਂ ਵਿਚ ਛੜੱਪੇ ਮਾਰ ਵਾਧਾ ਹੋਇਆ ਹੈ। 2022 ਵਿਚ ਖਾਧ ਪਦਾਰਥਾਂ ਦੀ ਮਹਿੰਗਾਈ ਦਰ 3.8 ਫੀਸਦ ਸੀ ਜੋ 2024 ਵਿਚ ਵਧ ਕੇ 7.5 ਫੀਸਦ ਤੱਕ ਚਲੀ ਗਈ ਹੈ ਜਿਸ ਦੀ ਮਾਰ ਦੇਸ਼ ਦੀ 90-95 ਫੀਸਦ ਆਬਾਦੀ 'ਤੇ ਪਈ ਹੈ। ਇਸ ਕਰ ਕੇ ਕਿਰਤੀ ਆਬਾਦੀ ਦੇ ਬਹੁਤ ਵੱਡੇ ਹਿੱਸੇ ਦੀ ਪੋਸ਼ਿਤ ਖੁਰਾਕ ਤੱਕ ਪਹੁੰਚ ਔਖੀ ਹੋਈ ਹੈ। 100-150 ਰੁਪਏ ਪ੍ਰਤੀ ਕਿਲੋ ਵਿਕਦੀਆਂ ਦਾਲਾਂ-ਸ਼ਬਜ਼ੀਆਂ, 150 ਰੁਪਏ ਪ੍ਰਤੀ ਲਿਟਰ ਤੇਲ ਆਦਿ ਖਰੀਦਣਾ ਕਿਰਤੀ ਆਬਾਦੀ ਦੇ ਵੱਸੋਂ ਬਾਹਰਾ ਹੈ। ਇਹਨਾਂ ਹਾਲਤਾਂ ਵਿਚ ਸਰਕਾਰਾਂ ਦਾ ਕੰਮ ਗਰੀਬ ਕਿਰਤੀ ਲੋਕਾਂ ਤੱਕ ਰਾਸ਼ਨ ਪਹੁੰਚਾਉਣ ਦਾ ਹੋਣਾ ਚਾਹੀਦਾ ਹੈ ਪਰ ਇਸ ਦੇ ਬਿਲਕੁੱਲ ਉਲਟ ਹਰ ਸਾਲ ਖਾਧ ਪਦਾਰਥ ਮੁਹੱਈਆ ਕਰਵਾਉਣ ਲਈ ਰੱਖੇ ਦਾਣ ਵਾਲੇ ਫੰਡਾਂ ਵਿਚ ਕਟੌਤੀ ਲਾਈ ਜਾ ਰਹੀ ਹੈ। ਆਪਣੇ ਸੂਬੇ ਪੰਜਾਬ ਦੀ ਹਾਲਤ ਦੀ ਗੱਲ ਕਰੀਏ ਤਾਂ ਮਾਸਟਰ ਦੇ ਮੁੰਡੇ ਨੇ ਗਰੀਬਾਂ ਨੂੰ ਮਿਲਣ ਵਾਲੇ ਰਾਸ਼ਣ 'ਚ ਹੋਰ ਕਟੌਤੀ ਲਾਈ ਹੈ। ਮਸ਼ਹੂਰੀ ਖੱਟਣ ਲਈ ਪ੍ਰਤੀ ਜੀਅ 5 ਕਿਲੋ ਆਟਾ ਘਰ-ਘਰ ਪਹੁੰਚਾਉਣ ਦੀ ਗੱਲ ਕਰਨ ਵਾਲੇ ਮੁੱਖ ਮੰਤਰੀ ਦੇ ਸੂਬੇ 'ਚ ਕਈ-ਕਈ ਮਹੀਨੇ ਗਰੀਬਾਂ ਦੇ ਘਰਾਂ ਚ ਆਟਾ ਨਹੀਂ ਪਹੁੰਚਦਾ। ਜਨਤਕ ਵੰਡ ਪ੍ਰਣਾਲੀ ਤਹਿਤ ਅਨਾਜ ਤੋਂ ਇਲਾਵਾ ਮਿਲਦੇ ਖਾਧ ਪਦਾਰਥਾਂ ਜਿਵੇਂ ਖੰਡ, ਤੇਲ, ਚਾਹਪੱਤੀ ਆਦਿ ਦਾ ਤਾਂ ਕਿਤੇ ਨਾਮੋ-ਨਿਸ਼ਾਨ ਹੀ ਨਹੀਂ ਹੈ। ਯੂਨੀਅਨ ਪੱਧਰ 'ਤੇ ਸ਼ੁਰੂ ਕੀਤੀਆਂ ਅੱਡੋ-ਅੱਡ ਸਕੀਮਾਂ ਵੀ ਲੀਡਰਾਂ ਅਤੇ ਨੌਕਰਸ਼ਾਹੀ ਦੇ ਢਿੱਡ ਭਰਨ ਦਾ ਸ੍ਰੋਤ ਹੀ ਬਣੀਆਂ ਹਨ। ਮਿਡ-ਡੇ-ਮੀਲ, ਰਾਸ਼ਟਰੀ ਪੋਸ਼ਣ ਮਿਸ਼ਨ ਵਰਗੀਆਂ ਸਕੀਮਾਂ 'ਚ ਘਪਲਿਆਂ ਬਾਰੇ ਖਬਰਾਂ ਆਉਂਦੀਆਂ ਹੀ ਰਹਿੰਦੀਆਂ ਹਨ। ਇੱਕ ਖਬਰ ਮੁਤਾਬਿਕ ਮਿਡ-ਡੇ-ਮੀਲ ਵਿਚ ਮਿਲਦੇ ਭੋਜਨ ਨਾਲ ਪਿਛਲੇ ਤਿੰਨ ਸਾਲਾਂ ਵਿਚ 900 ਵਿਦਿਆਰਥੀ ਬਿਮਾਰ ਹੋਏ। ਕੁੱਲ ਮਿਲਾ ਕੇ ਦੇਸ਼ ਦੀ ਹਾਲਤ ਦੀਆਂ ਜ਼ਿੰਮੇਵਾਰ ਰਾਜ ਕਰਨ ਵਾਲੀਆਂ ਧਿਰਾਂ ਹਨ। ਯੂਨੀਅਨ ਅਤੇ ਸੂਬਾ ਹਕੂਮਤਾਂ ਨੇ ਰਾਸ਼ਨ ਦੀ ਜਨਤਕ ਵੰਡ ਪ੍ਰਣਾਲੀ ਨੂੰ ਮਜ਼ਬੂਤ ਕਰਨ ਦੀ ਥਾਂ ਇਸ ਦਾ ਭੋਗ ਪਾਉਣ ਦਾ ਰਾਹ ਫੜਿਆ ਹੋਇਆ ਹੈ। ਖਾਣ ਲਈ ਸੰਤੁਲਿਤ ਪੋਸ਼ਟਿਕ ਭੋਜਨ ਮਨੁੱਖੀ ਹੱਕ ਹੈ ਜਿਸ ਨੂੰ ਲੋਕਾਂ ਦੇ ਟੈਕਸ ਨਾਲ ਚੱਲਣ ਵਾਲੀਆਂ ਸਰਕਾਰਾਂ ਨੇ ਮੁਹੱਈਆ ਕਰਵਾਉਣਾ ਹੁੰਦਾ ਹੈ ਪਰ ਆਜ਼ਾਦੀ ਬੀਤਣ ਦੇ 8 ਦਹਾਕੇ ਤੋਂ ਬਾਅਦ ਵੀ ਸਰਕਾਰਾਂ ਇਹ ਹੱਕ ਮੁਹੱਈਆ ਕਰਵਾਉਣ 'ਚ ਨਾਕਾਮਯਾਬ ਰਹੀਆਂ ਹਨ ਸਗੋਂ ਸਰਕਾਰਾਂ ਲੋਕਾਂ ਨੂੰ ਮਿਲਦੀਆਂ ਬਾਕੀਆਂ ਸਹੂਲਤਾਂ ਵਾਂਗ ਜਨਤਕ ਰਾਸ਼ਣ ਮੁਹੱਈਆ ਕਰਵਾਉਣ ਤੋਂ ਹੱਥ ਪਿੱਛੇ ਖਿੱਚ ਰਹੀਆਂ ਹਨ। ਇਸ ਲੰਮੇ ਅਮਲ ਤੋਂ ਬਾਅਦ ਮਜ਼ਦੂਰ ਕਿਰਤੀ ਆਬਾਦੀ ਨੂੰ ਸਮਝਣਾ ਚਾਹੀਦਾ ਹੈ ਕਿ ਆਪਣੇ ਬਹੁਤ ਬੁਨਿਆਦੀ ਮਨੁੱਖੀ ਹੱਕ ਨੂੰ ਲੈਣ ਲਈ ਵੀ ਇਕਜੁੱਟ ਹੋਣਾ ਪਏਗਾ। ਜਨਤਕ ਵੰਡ ਪ੍ਰਣਾਲੀ ਨੂੰ ਮਜ਼ਬੂਤ ਕਰਨ, ਇਹਦੇ ਤਹਿਤ ਮਿਲਣ ਵਾਲੀਆਂ ਖਾਧ ਪਦਾਰਥਾਂ ਦਾ ਘੇਰਾ ਵਧਾਉਣ, ਬਜਟ ਵਿਚ ਜਨਤਕ ਵੰਡ ਪ੍ਰਣਾਲੀ ਲਈ ਰੱਖੇ ਜਾਣ ਵਾਲੇ ਫੰਡ 'ਚ ਵਾਧਾ ਕਰਵਾਉਣ ਆਦਿ ਲਈ ਸੰਘਰਸ਼ ਦੇ ਰਾਹ ਪੈਣਾ ਪਏਗਾ। ਇਸ ਤਰ੍ਹਾਂ ਹੀ ਦੇਸ਼ ਵਿਚੋਂ ਭੁੱਖਮਰੀ ਅਤੇ ਕੁਪੋਸ਼ਣ ਵਰਗੀਆਂ ਅਲਾਮਤਾਂ ਨੂੰ ਖਤਮ ਕੀਤਾ ਜਾ ਸਕਦਾ ਹੈ।


## Important Contacts

### EMERGENCY

Fire | Police | Ambulance
**911**

Occupational First Aid
(Vancouver Campus)
**604-822-4444**

UBC Hospital Urgent Care
(8:00 a.m. – 10:00 p.m.)
**604-822-7662**

Poison Control Centre
**604-682-5050**

Campus Security
**604-822-2222**

### NON-EMERGENCY

Access & Diversity
**604-822-5844**

Ambulance (E-Comm)
**604-872-5151**

AMS Sexual Assault Support Centre
**604-827-5180**

Building Operations Call Centre
**604-822-2173**

Employee & Family Assistance Plan
**1-800-387-4765**

Counselling Services (Students)
**604-822-3811**

Equity & Inclusion Office
**604-822-6353**

Fire Department (Fire Prevention)
**311**

Office of the Ombudsperson for Students
**604-822-6149**

RCMP – University Detachment
**604-224-1322**

Safety & Risk Services
**604-822-2029**

Student Health Services
**604-822-7011**

### SIKH GURDWARAS

**Khalsa Diwan Society, New Westminster, BC**
604-759-2691

**Khalsa Diwan Society, Vancouver**
(604) 568-9500, (604) 324-2010

**Sri Guru Singh Sabha Gurdwara**
604-590-3232

**Gurdwara Sahib Brookside**
604-502-0602

**Gurdwara Kalgidhar Darbar**
604-504-5530

**BC Khalsa Darbar Society**
604-325-2290

**Guru Nanak Sikh Gurdwara**
604-598-1300

**Akali Singh Sikh Society**
604-254-3572

# PINE LIGHTING

## WE CARRY ALL MAJOR BRANDS

## YOU WILL SAVE MONEY

**Gurpreet Dhillon**
gurpreet@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Christine Dear**
christine@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Michelle Trafford**
michelle@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Jass Sidhu**
Jaskaran@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Erin McNab**
erin@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

# 604-591-8895

ਸਾਡਾ ਸਟੋਰ ਹੁਣ ਨਾਲ ਵਾਲੇ ਯੂਨਿਟ 6878 ਵਿੱਚ ਚਲਾ ਗਿਆ ਹੈ।

**6878 King Gorge Blvd Same Building, Different Unit**

## 6878 King Gorge Blvd. Surrey


# ਗੈਂਗਸਟਰਾਂ ਦਾ ਅੱਡਾ ਬਣੀ ਭਾਰਤ ਦੀ ਰਾਜਧਾਨੀ ਦਿੱਲੀ ਅਤੇ ਪੰਜਾਬ ਸਟੇਟ

## 700 ਤੋਂ ਵੱਧ ਸ਼ੂਟਰਾਂ ਵਾਲਾ ਗਰੋਹ ਲਾਰੰਸ ਬਿਸ਼ਨੋਈ ਦੇਸ਼ਾਂ -ਵਿਦੇਸ਼ਾਂ ਵਿਚ ਸਰਗਰਮ, ਫਿਰੋਜ਼ਪੁਰ ਵਿਚ ਖਿਡੌਣਿਆਂ ਨਾਲੋਂ ਵੱਧ ਸਪਲਾਈ ਹੁੰਦੇ ਹਨ ਨਾਜਾਇਜ਼ ਹਥਿਆਰ

ਭਾਰਤ ਦੀ ਰਾਜਧਾਨੀ ਦਿੱਲੀ ਤੇ ਸਟੇਟ ਪੰਜਾਬ ਅਪਰਾਧਿਕ ਗਰੋਹਾਂ ਦਾ ਅੱਡਾ ਬਣ ਗਿਆ ਹੈ ਤੇ ਅਜਿਹਾ ਲੱਗ ਰਿਹਾ ਹੈ ਕਿ ਜਿਵੇਂ ਇਸ ਰਾਜਧਾਨੀ ਦਾ ਹਰ ਦੂਜਾ ਜਾਂ ਤੀਜਾ ਵਿਅਕਤੀ ਕਿਸੇ ਨਾ ਕਿਸੇ ਗਿਰੋਹ ਦਾ ਸ਼ੂਟਰ ਹੋਵੇ। ਰੋਜ਼ਾਨਾ ਅਖ਼ਬਾਰ ਵਿਚ ਨਵੇਂ ਗੈਂਗ ਤੇ ਗੈਂਗਸਟਰ ਦਾ ਨਾਂਅ ਛਪਦਾ ਹੈ ਤੇ ਕਿਸੇ ਕੰਪਨੀ ਦੀ ਪ੍ਰੋਫਾਈਲ ਦੀ ਤਰ੍ਹਾਂ ਛਪਣ ਵਾਲੇ ਉਸ ਦੇ ਪ੍ਰੋਫਾਈਲ ਵਿਚ ਦੱਸਿਆ ਜਾਂਦਾ ਹੈ ਕਿ ਉਸ ਗੈਂਗਸਟਰ ਨੇ ਕਿਹੜੇ-ਕਿਹੜੇ ਕਾਰਨਾਮੇ ਕੀਤੇ ਹਨ, ਉਸ 'ਤੇ ਕਿੰਨੇ ਮੁਕੱਦਮੇ ਹਨ, ਉਹ ਇਸ ਸਮੇਂ ਕਿਹੜੀ ਜੇਲ੍ਹ ਵਿਚ ਜਾਂ ਕਿਸ ਦੇਸ਼ ਵਿਚ ਹੈ ਅਤੇ ਉਸ ਕੋਲ ਕਿੰਨੇ ਸ਼ੂਟਰ ਹਨ, ਜੋ ਉਸ ਦੇ ਇਕ ਇਸ਼ਾਰੇ 'ਤੇ ਕਿਸੇ 'ਤੇ ਵੀ ਗੋਲੀ ਚਲਾ ਸਕਦੇ ਹਨ। ਇਸ ਸਮੇਂ ਇਕ 700 ਤੋਂ ਵੱਧ ਸ਼ੂਟਰਾਂ ਵਾਲਾ ਗਰੋਹ ਲਾਰੰਸ ਬਿਸ਼ਨੋਈ ਸਭ ਤੋਂ ਵੱਡਾ ਗੈਂਗ ਹੈ, ਪਰ 100-200 ਸ਼ੂਟਰਾਂ ਵਾਲੇ ਵੀ ਕਈ ਗਰੋਹ ਹਨ। ਕੈਨੇਡਾ ਸਰਕਾਰ ਲਾਰੰਸ ਬਿਸ਼ਨੋਈ ਗੈਂਗ ਉਪਰ ਇਹ ਦੋਸ਼ ਲਗਾ ਚੁਕੀ ਹੈ ਕਿ ਇਹ ਸਰਕਾਰੀ ਗੈਂਗ ਹੈ ਜਿਸ ਦੀ ਪੁਸ਼ਤ ਪੁਨਾਹੀ ਭਾਰਤ ਸਰਕਾਰ ਕਰ ਰਹੀ ਹੈ।ਇਸ ਗੈਂਗ ਉਪਰ ਕੈਨੇਡਾ ਵਿਚ ਵਿਚ ਕਤਲ ਕਰਨ ਤੇ ਵਾਰਦਾਤਾਂ ਕਰਨ ਦੇ ਇਲਜਾਮ ਹਨ।ਖਾਲਿਸਤਾਨੀ ਹਰਦੀਪ ਸਿੰਘ ਨਿਝਰ ਕਤਲ ਕਾਂਡ ਦਾ ਦੋਸ਼ ਇਸੇ ਗੈਂਗ ਉਪਰ ਲਗਿਆ ਹੈ।

ਰਾਜਧਾਨੀ ਦਿੱਲੀ ਤੇ ਪੰਜਾਬ ਸਟੇਟ ਵਿਚ ਲਗਭਗ ਹਰ ਦਿਨ ਕਿਤੇ ਗੋਲੀ ਚੱਲਣ ਤੇ ਕਿਤੇ ਵਸੂਲੀ ਦੀ ਧਮਕੀ ਦਿੱਤੇ ਜਾਣ ਦਾ ਖ਼ਬਰ ਆ ਰਹੀ ਹੈ। ਪਤਾ ਨਹੀਂ ਅਸਲੀ ਬੌਸ ਭਾਵ ਗੈਂਗਸਟਰ ਨੂੰ ਪਤਾ ਵੀ ਹੋਵੇ ਜਾਂ ਨਹੀਂ, ਪਰ ਉਸ ਦੇ ਨਾਂਅ 'ਤੇ ਲੋਕਾਂ ਨੂੰ ਧਮਕੀਆਂ ਭਰੇ ਫ਼ੋਨ ਕੀਤੇ ਜਾ ਰਹੇ ਹਨ। ਅਜਿਹਾ ਵੀ ਹੁੰਦਾ ਹੈ ਕਿ ਆਪਣਾ ਨਾਂਅ ਬਣਾਉਣ ਦੇ ਚੱਕਰ ਵਿਚ ਕਿਸੇ ਨਾ ਕਿਸੇ 'ਤੇ ਗੋਲੀ ਚਲਾ ਦਿੱਤੀ ਜਾਂਦੀ ਹੈ ਜਾਂ ਕਤਲ ਕਰ ਦਿੱਤਾ ਜਾਂਦਾ ਹੈ ।ਬਾਅਦ ਵਿਚ ਕੋਈ ਵੱਡਾ ਗੈਂਗਸਟਰ ਇਸ ਦੀ ਜ਼ਿੰਮੇਵਾਰੀ ਲੈ ਲੈਂਦਾ ਹੈ।

ਇਹ ਨੌਜਵਾਨ ਦੇਸੀ ਅਸਲਾ ਆਪਣੇ ਕੋਲ ਰੱਖ ਕੇ ਆਪਣੇ ਬੇਹੱਦ ਤਾਕਤਵਰ ਹੋਣ ਤੇ ਆਪਣੇ ਇਲਾਕੇ ਦਾ 'ਦਾਦਾ' ਹੋਣ ਦਾ ਭਰਮ ਪਾਲ਼ ਲੈਂਦੇ ਹਨ।ਫਿਰੋਜ਼ਪੁਰ ਵਿਚ ਨਾਜਾਇਜ਼ ਅਸਲੇ ਦਾ ਆਲਮ ਇਹ ਹੈ ਕਿ ਜ਼ਿਲ੍ਹਾ ਫਿਰੋਜ਼ਪੁਰ ਵਿਚ ਉੱਚ ਕੁਆਲਟੀ ਦੇ ਨਾਜਾਇਜ਼ ਪਿਸਟਲ ਖਿਡੌਣਿਆਂ ਨਾਲੋਂ ਵੀ ਵੱਧ ਸਪਲਾਈ ਹੋ ਰਹੇ ਹਨ,ਜੋ ਕਦੇ ਕਦੇ ਪੁਲਿਸ ਚੈਕਿੰਗ ਦੌਰਾਨ ਪੁਲਿਸ ਦੇ ਅੜਿੱਕੇ ਵੀ ਚੜ੍ਹ ਜਾਂਦੇ ਹਨ।ਅਜਿਹਾ ਹੀ ਇਕ ਮਾਮਲਾ ਜ਼ਿਲ੍ਹੇ ਦੇ ਕਸਬਾ ਤਲਵੰਡੀ ਭਾਈ ਵਿਖੇ ਸਾਹਮਣੇ ਆਇਆ ਸੀ,ਜਿਥੇ ਫਿਰੋਜ਼ਪੁਰ ਲੁਧਿਆਣਾ ਹਾਈਵੇ 'ਤੇ ਮੁੱਖ ਚੌਂਕ ਵਿਚ ਲੱਗੇ ਨਾਕੇ ਦੌਰਾਨ




ਪੁਲਿਸ ਨੇ 11 ਪਿਸਟਲ ਅਤੇ 7 ਮੈਗਜ਼ੀਨ ਬਰਾਮਦ ਕੀਤੇ ਸਨ। ਮੋਗਾ ਪੁਲਿਸ ਨੇ ਗੈਂਗਸਟਰ ਦਲਵੀਰ ਸਿੰਘ ਉਰਫ ਲੱਕੀ ਨਿਵਾਸੀ ਪਿੰਡ ਚੜਿੱਕ ਜੋ ਕੈਨੇਡਾ ਰਹਿੰਦਾ ਹੈ ,ਦੇ ਗਿਰੋਹ ਨਾਲ ਸਬੰਧਤ 5 ਮੈਂਬਰਾਂ ਅਰਸ਼ਦੀਪ ਸਿੰਘ ਅਰਸ਼, ਗੁਰਜੀਤ ਸਿੰਘ ਜੱਗਾ, ਹਰਦੀਪ ਸਿੰਘ ਹਨੀ, ਕੁਲਦੀਪ ਸਿੰਘ ਲੱਡੂ, ਗਿਰਦੋਰ ਸਿੰਘ ਨੂੰ ਕਾਬੂ ਕਰ ਕੇ ਫਿਰੌਤੀ ਦੇ 1 ਲੱਖ 90 ਹਜ਼ਾਰ ਰੁਪਏ ਦੇ ਇਲਾਵਾ 4 ਫੋਨ ਬਰਾਮਦ ਕੀਤੇ ਗਏ ਸਨ।

ਇਥੇ ਜ਼ਿਕਰਯੋਗ ਹੈ ਕਿ ਦੋ ਕੁ ਸਾਲ ਪਹਿਲਾਂ ਦੇ ਅੰਕੜਿਆਂ ਅਨੁਸਾਰ ਪੰਜਾਬ ਵਿਚ 70 ਦੇ ਲਗਪਗ ਗਿਰੋਹ ਸਰਗਰਮ ਸਨ ਜੋ ਅਗਵਾ, ਕਤਲਾਂ, ਲੁੱਟਾਂ-ਖੋਹਾਂ ਤੇ ਫਿਰੌਤੀਆਂ ਵਸੂਲਣ ਜਿਹੇ ਅਪਰਾਧਾਂ ਵਿਚ ਸ਼ਾਮਲ ਰਹੇ ਹਨ।ਸੈਂਕੜੇ ਗ੍ਰਿਫ਼ਤਾਰੀਆਂ ਤੋਂ ਬਾਵਜੂਦ ਇਨ੍ਹਾਂ ਵਿਚੋਂ ਬਹੁਤ ਸਾਰੇ ਗੈਂਗ ਹਾਲੇ ਵੀ ਪੰਜਾਬ ਵਿਚ ਸਰਗਰਮ ਹਨ। ਬਹੁਤ ਸਾਰੇ ਸਮਰੱਥ ਗੈਂਗਸਟਰ ਹੁਣ ਕੈਨੇਡਾ, ਅਮਰੀਕਾ ਤੇ ਹੋਰ ਪੱਛਮੀ ਮੁਲਕਾਂ ਵਿਚ ਜਾ ਕੇ ਵਸ ਗਏ ਹਨ ਤੇ ਉੱਥੋਂ ਹੀ ਆਪਣੇ ਗਿਰੋਹ ਚਲਾ ਰਹੇ ਹਨ। ਇਹ ਸਮਾਜ ਵਿਰੋਧੀ ਅਨਸਰ ਸੋਸ਼ਲ ਮੀਡੀਆ ਦੀ ਡਟ ਕੇ ਦੁਰਵਰਤੋਂ ਕਰ ਰਹੇ ਹਨ। ਉਹ ਸ਼ਰੇਆਮ ਸੁਪਾਰੀ ਲੈ ਕੇ ਕਤਲ ਕਰਵਾਉਂਦੇ ਹਨ। ਬੀਤੇ ਕੁਝ ਸਮੇਂ ਦੌਰਾਨ ਪੰਜਾਬ ਵਿਚ ਭਾਵੇਂ ਗੈਂਗਸਟਰਾਂ ਵਿਰੁੱਧ ਵੱਡੀਆਂ ਕਾਰਵਾਈਆਂ ਕੀਤੀਆਂ ਗਈਆਂ ਹਨ ਪਰ ਫਿਰ ਵੀ ਉਨ੍ਹਾਂ ਦੀਆਂ ਗ਼ੈਰ-ਕਾਨੂੰਨੀ ਗਤੀਵਿਧੀਆਂ ਹਾਲੇ ਵੀ ਜਾਰੀ ਹਨ।ਕੈਨੇਡਾ ਵਿਚ ਰਹਿੰਦੇ ਗੋਲਡੀ ਬਰਾੜ ਜਿਹੇ ਗੈਂਗਸਟਰ 'ਤੇ ਸਿੱਧੂ ਮੂਸੇਵਾਲਾ ਤੇ ਡੇਰਾ ਸੱਚਾ ਸੌਦਾ ਦੇ ਪੈਰੋਕਾਰ ਪ੍ਰਦੀਪ ਸਿੰਘ ਦੇ ਕਤਲਾਂ ਸਮੇਤ 50 ਤੋਂ ਵੱਧ ਹੋਰ ਸੰਗੀਨ ਕਿਸਮ ਦੇ ਅਪਰਾਧਾਂ ਦੇ ਦੋਸ਼ ਹਨ। ਸਾਲ 2019 ਵਿਚ ਜਦੋਂ ਉਹ ਸਟੂਡੈਂਟ ਵੀਜ਼ਾ 'ਤੇ ਕੈਨੇਡਾ ਗਿਆ ਸੀ ਤਦ ਉਸ ਖ਼ਿਲਾਫ਼ ਕੋਈ ਵੀ ਮਾਮਲਾ ਨਹੀਂ ਸੀ ਪਰ ਉੱਥੇ ਜਾ ਕੇ ਉਹ ਅਪਰਾਧ ਜਗਤ ਦੇ ਢਹੇ ਚੜ੍ਹ ਗਿਆ।

ਲਾਰੈਂਸ ਬਿਸ਼ਨੋਈ ਭਾਵੇਂ ਜੇਲ੍ਹ ਵਿੱਚ ਹੋਵੇ ਪਰ ਉਹ ਆਪਣੇ ਗੈਂਗ ਨਾਲ ਲਗਾਤਾਰ ਸੰਪਰਕ ਵਿੱਚ ਰਹਿੰਦਾ ਹੈ। ਮੰਨਿਆ ਜਾਂਦਾ ਹੈ ਕਿ ਦੁਨੀਆ ਭਰ ਵਿੱਚ ਜਿੱਥੇ ਵੀ ਭਾਰਤੀ ਨੌਜਵਾਨ ਹਨ, ਉੱਥੇ ਲਾਰੈਂਸ ਬਿਸ਼ਨੋਈ ਗੈਂਗ ਦਾ ਨੈੱਟਵਰਕ ਹੈ।ਬਿਸ਼ਨੋਈ ਗੈਂਗ ਨੇ ਹਾਲ ਹੀ ਵਿੱਚ ਐਨਸੀਪੀ ਆਗੂ ਬਾਬਾ ਸਿੱਦੀਕੀ ਦੇ ਕਤਲ ਦੀ ਜ਼ਿੰਮੇਵਾਰੀ ਵੀ ਲਈ ਸੀ। ਇਸ ਦੌਰਾਨ ਲਾਰੈਂਸ ਬਿਸ਼ਨੋਈ ਦੇ ਚਚੇਰੇ ਭਰਾ ਨੇ ਉਸ ਬਾਰੇ ਹੈਰਾਨ ਕਰਨ ਵਾਲਾ ਖ਼ੁਲਾਸਾ ਕੀਤਾ ਹੈ।

ਗੈਂਗਸਟਰ ਦਾ ਪਰਿਵਾਰ ਹਰ ਸਾਲ ਉਸ 'ਤੇ 35 ਤੋਂ 40 ਲੱਖ ਰੁਪਏ ਖ਼ਰਚ ਕਰਦਾ ਹੈ। 50 ਸਾਲਾ ਰਮੇਸ਼ ਬਿਸ਼ਨੋਈ ਨੇ ਆਪਣੇ ਚਚੇਰੇ ਭਰਾ ਨਾਲ ਜੁੜੀਆਂ ਕਈ ਗੱਲਾਂ ਦੀ ਜਾਣਕਾਰੀ ਦਿੰਦਿਆਂ ਕਿਹਾ ਸੀ ਕਿ ਜਦੋਂ ਲਾਰੈਂਸ ਪੰਜਾਬ ਯੂਨੀਵਰਸਿਟੀ ਵਿੱਚ ਪੜ੍ਹਦਾ ਸੀ ਤਾਂ ਕੋਈ ਅੰਦਾਜ਼ਾ ਨਹੀਂ ਲਗਾ ਸਕਦਾ ਸੀ ਕਿ ਉਹ ਬਾਅਦ ਵਿੱਚ ਗੈਂਗਸਟਰ ਬਣ ਜਾਵੇਗਾ।ਲਾਰੈਂਸ ਹਮੇਸ਼ਾ ਮਹਿੰਗੇ ਕੱਪੜੇ ਅਤੇ ਜੁੱਤੇ ਪਹਿਨਦਾ ਸੀ। ਅੱਜ ਵੀ ਜਦੋਂ ਉਹ ਜੇਲ੍ਹ ਵਿੱਚ ਹੈ ਤਾਂ ਉਸ ਦਾ ਪਰਿਵਾਰ ਉਸ ਦੀ ਦੇਖਭਾਲ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਦਾ। ਦ ਡੇਲੀ ਗਾਰਡੀਅਨ ਦੀ ਰਿਪੋਰਟ ਮੁਤਾਬਕ ਰਮੇਸ਼ ਨੇ ਦੱਸਿਆ ਕਿ ਜੇਲ੍ਹ ਵਿਚ ਬੰਦ ਲਾਰੈਂਸ ਦਾ ਪਰਿਵਾਰ ਹਰ ਸਾਲ ਉਸ 'ਤੇ ਕਰੀਬ 40 ਲੱਖ ਰੁਪਏ ਖ਼ਰਚ ਕਰਦਾ ਹੈ।

ਪੰਜਾਬ ਦੇ ਫ਼ਿਰੋਜ਼ਪੁਰ ਵਿੱਚ ਜਨਮੇ ਲਾਰੈਂਸ ਬਿਸ਼ਨੋਈ ਦਾ ਅਸਲੀ ਨਾਂ ਬਲਕਰਨ ਬਰਾੜ ਹੈ। ਅੱਜਕਲ੍ਹ ਕੈਨੇਡਾ ਵਿਚ ਅਰਸ਼ ਡੱਲਾ ਮੋਗਾ ਜ਼ਿਲ੍ਹੇ ਦਾ ਰਹਿਣ ਵਾਲਾ ਬਹੁਤ ਮਸ਼ਹੂਰ ਹੈ।ਪੰਜਾਬ ਪੁਲਿਸ ਦਾ ਕਹਿਣਾ ਹੈ ਕਿ ਅਰਸ਼ ਡੱਲਾ ਹੁਣ ਕੈਨੇਡਾ ਵਿੱਚ ਹੈ ਜੋ ਪੰਜਾਬ ਵਿਚ ਖਾਲਿਸਤਾਨੀਆਂ ਨਾਲ ਮਿਲਕੇ ਵਾਰਦਾਤਾਂ ਕਰਾ ਰਿਹਾ ਹੈ।ਭਾਰਤੀ ਮੀਡੀਆ ਨੇ ਦਾਅਵਾ ਕੀਤਾ ਸੀ ਕਿ ਕੈਨੇਡਾ ਵਿਚ ਉਸਦੀ ਗ੍ਰਿਫਤਾਰੀ ਹੋਈ ਹੈ ,ਪਰ ਕੈਨੇਡਾ ਸਰਕਾਰ ਨੇ ਇਸ ਬਾਰੇ ਕੋਈ ਉਘ ਸੁਘ ਨਹੀਂ ਕੱਢੀ।ਦੱਸਿਆ ਜਾਂਦਾ ਹੈ ਕਿ ਕੈਨੇਡਾ 'ਵਿਚ ਉਂਟਾਰੀਓ ਦੇ ਗੁਏਲਫ ਸ਼ਹਿਰ ਵਿਖੇ ਬੀਤੇ ਦਿਨ ਹਸਪਤਾਲ ਵਿਚ ਅਚਾਨਕ ਪੁਲਿਸ ਦੇ ਹੱਥ ਆ ਗਏ ਭਾਰਤ ਤੋਂ ਭਗੌੜੇ ਗੈਂਗਸਟਰ ਅਰਸ਼ਦੀਪ ਸਿੰਘ ਗਿੱਲ ਉਰਫ਼ ਅਰਸ਼ ਡੱਲਾ (28) ਬਾਰੇ ਪਤਾ ਲੱਗਾ ਹੈ ਕਿ ਉਸ ਦੀ ਬੀਤੇ ਦਿਨੀ ਮਿਲਟਨ ਵਿਖੇ ਅਦਾਲਤ ਵਿਚ ਸੰਖੇਪ ਪੇਸ਼ੀ ਹੋਈ ਸੀ।

ਇਸ ਮੌਕੇ ਜੱਜ ਨੇ ਉਸ ਨੂੰ ਅਤੇ ਉਸ ਦੇ ਨਾਲ ਗ੍ਰਿਫ਼ਤਾਰ ਕੀਤੇ ਗਏ ਗੁਰਜੰਟ ਸਿੰਘ ਨੂੰ ਜੇਲ੍ਹ ਵਿਚ ਭੇਜ ਦਿੱਤਾ ਸੀ ਅਤੇ ਉਨ੍ਹਾਂ ਦੀ ਜ਼ਮਾਨਤ ਨਹੀਂ ਹੋਈ ਸੀ ।ਆਮ ਤੌਰ 'ਤੇ ਕੈਨੇਡਾ ਦੀ ਨਿਆਂ ਪ੍ਰਣਾਲੀ ਵਿਚ ਗ੍ਰਿਫ਼ਤਾਰੀ ਤੋਂ ਬਾਅਦ ਮੁਲਜ਼ਮਾਂ ਨੂੰ ਜ਼ਮਾਨਤ ਮਿਲਣਾ ਕੇਸ ਦੀ ਪ੍ਰਕ੍ਰਿਆ ਦਾ ਹਿੱਸਾ ਹੈ ਪਰ ਡੱਲਾ ਦੇ ਮਾਮਲੇ ਵਿਚ ਪਤਾ ਲੱਗਾ ਹੈ ਕਿ ਉਸ ਦੀ ਜ਼ਮਾਨਤ ਆਮ ਹਾਲਾਤ ਵਿਚ ਨਹੀਂ ਹੋ ਸਕੇਗੀ । ਇਹ ਵੀ ਕਿ ਜ਼ਮਾਨਤ ਦੀ ਅਰਜ਼ੀ ਦੀ ਵਿਸਥਾਰ ਸਹਿਤ ਲੰਬੀ ਸੁਣਵਾਈ ਹੋਣ ਦੀ ਸੰਭਾਵਨਾ ਰਹੇਗੀ ਕਿਉਂਕਿ ਮਾਮਲਾ ਅੰਤਰਰਾਸ਼ਟਰੀ ਪੱਧਰ ਦਾ ਅਤੇ ਹਿਰਾਸਤ ਵਿਚੋਂ ਛੱਡੇ ਜਾਣ 'ਤੇ ਮੁਲਜ਼ਮ ਵਲੋਂ ਦੇਸ਼ ਵਿਚੋਂ ਭੱਜ ਜਾਣ ਦਾ ਹੈ । ਸਰਕਾਰੀ ਵਕੀਲ ਅਤੇ ਪੁਲਿਸ ਵਲੋਂ ਉਸ ਖਿਲਾਫ਼ ਗੈਰ-ਕਾਨੂੰਨੀ ਹਥਿਆਰ ਰੱਖਣ, ਅਤੇ ਜਾਣਬੁੱਝ ਕੇ ਗੋਲੀ ਚਲਾਉਣ ਸਮੇਤ ਦਰਜਨ ਦੇ ਕਰੀਬ ਦੋਸ਼ਾਂ ਦੀ ਚਾਰਜਸ਼ੀਟ ਤਿਆਰ ਕੀਤੀ ਜਾ ਰਹੀ ਹੈ । ਇਸੇ ਦੌਰਾਨ ਅਰਸ਼ ਅਤੇ ਗੁਰਜੰਟ ਨੂੰ ਉਂਟਾਰੀਓ ਵਿਚ ਮਿਲਟਨ ਵਿਖੇ ਕੇਸ ਭੁਗਤ ਰਹੇ ਅਤੇ ਸਜ਼ਾ ਕੱਟ ਰਹੇ (ਖਤਰਨਾਕ) ਅਪਰਾਧੀਆਂ ਲਈ ਬਣੀ ਹੋਈ ਵੱਡੀ ਜੇਲ੍ਹ ਵਿਚ ਵੱਖ ਕਰਕੇ ਰੱਖਿਆ ਜਾ ਰਿਹਾ ਹੈ ।ਉਸ ਜੇਲ੍ਹ ਵਿਚੋਂ ਵਿਡੀਓ ਰਾਹੀਂ ਪੇਸ਼ੀਆਂ ਦਾ ਪ੍ਰਬੰਧ ਹੈ ਅਤੇ ਵਿਸ਼ੇਸ਼ ਅਦਾਲਤਾਂ ਵੀ ਜੇਲ੍ਹ ਦੇ ਅੰਦਰ ਹੀ ਲੱਗ ਜਾਂਦੀਆਂ ਹਨ ।

ਪੁਲਿਸ ਅਨੁਸਾਰ ਦਿੱਲੀ, ਮੁੰਬਈ ,ਪੰਜਾਬ ਵਿਚ ਅਜਿਹੇ ਮਹਾਨਗਰਾਂ ਵਿਚ ਬੇਰੁਜ਼ਗਾਰ ਨੌਜਵਾਨਾਂ ਦਾ ਇਕ ਵਿਸ਼ਾਲ ਅਪਰਾਧੀ ਸਮੂਹ ਘੁੰਮ ਰਿਹਾ ਹੈ, ਜਿਨ੍ਹਾਂ ਤੋਂ ਗੈਂਗਸਟਰਾਂ ਨੂੰ ਆਸਾਨੀ ਨਾਲ ਕੱਚਾ ਮਾਲ ਮਿਲ ਰਿਹਾ ਹੈ। ਗੈਂਗਸਟਰ ਪੈਸੇ ਤੇ ਐਸ਼- ਮੌਜ ਮਸਤੀ ਦੇ ਜੀਵਨ ਦਾ ਲਾਲਚ ਦੇ ਕੇ ਇਨ੍ਹਾਂ ਨੌਜਵਾਨਾਂ ਨੂੰ ਫਸਾ ਰਹੇ ਹਨ। ਆਮ ਲੋਕਾਂ ਦਾ ਮੰਨਣਾ ਹੈ ਕਿ ਰਾਜਨੀਤਕ ਲੋਕ ਗੈਂਗਸਟਰਾਂ ਨੂੰ ਆਪਣਾ ਹਥਿਆਰ ਬਣਾਕੇ ਵਰਤ ਰਹੇ ਹਨ।ਪੁਲਿਸ ਸਿਆਸੀ ਪ੍ਰਭਾਵ ਕਾਰਣ ਇਨ੍ਹਾਂ ਦਾ ਕੁਛ ਨਹੀਂ ਵਿਗਾੜ ਰਹੀ।

# ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰੇਗਾ ਕੈਨੇਡਾ?

**ਖਾਸ ਰਿਪੋਰਟ**

ਕੈਨੇਡਾ ਨੇ ਇਮੀਗਰੇਸ਼ਨ ਪ੍ਰਤੀ ਸਖਤੀ ਵਰਤਣੀ ਸ਼ੁਰੂ ਕਰ ਦਿਤੀ ਹੈ।ਹਾਲ ਹੀ ਵਿਚ ਕੈਨੇਡਾ ਵਿਚ ਗੈਰਕਾਨੂੰਨੀ ਤੌਰ 'ਤੇ ਮੌਜੂਦ ਪ੍ਰਵਾਸੀਆਂ ਵਿਰੁੱਧ ਸਖ਼ਤੀ ਵਰਤਣ ਦੇ ਸੰਕੇਤ ਦਿੰਦਿਆਂ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਹੈ ਕਿ ਸਸਤੇ ਮਜ਼ਦੂਰਾਂ ਦੀ ਉਪਲਬਧਤਾ ਵਾਲਾ ਦੌਰ ਬੀਤੇ ਦੀ ਗੱਲ ਹੋ ਚੁੱਕੀ ਹੈ ਅਤੇ ਹੁਣ ਕੈਨੇਡੀਅਨ ਇੰਪਲਾਈਜ਼ ਨੂੰ ਉੱਚੀਆਂ ਉਜਰਤ ਦਰਾਂ 'ਤੇ ਕਾਮੇ ਰੱਖਣੇ ਹੋਣਗੇ। ਮਾਰਕ ਮਿਲਰ ਦਾ ਕਹਿਣਾ ਸੀ ਕਿ ਕਿ ਟੈਂਪਰੇਰੀ ਵੀਜ਼ਾ 'ਤੇ ਆਏ ਵੱਡੀ ਗਿਣਤੀ ਵਿਚ ਲੋਕ ਵੀਜ਼ਾ ਮਿਆਦ ਲੰਘਣ ਤੋਂ ਬਾਅਦ ਵੀ ਵਾਪਸੀ ਨਹੀਂ ਕਰਦੇ ਅਤੇ ਇਸ ਤਰੀਕੇ ਨਾਲ ਉਹ ਕਾਨੂੰਨ ਤੋੜ ਰਹੇ ਹੁੰਦੇ ਹਨ।ਟੈਂਪਰੇਰੀ ਵੀਜ਼ਾ 'ਤੇ ਆਏ ਅਜਿਹੇ ਵਿਅਕਤੀਆਂ ਨੂੰ ਆਉਂਦੇ ਕੁਝ ਮਹੀਨਿਆਂ ਦੌਰਾਨ ਵੱਡੀ ਗਿਣਤੀ ਵਿਚ ਡਿਪੋਰਟ ਕੀਤਾ ਜਾ ਸਕਦਾ ਹੈ।ਮੰਨਿਆ ਜਾ ਰਿਹਾ ਹੈ ਕਿ ਡਿਪੋਰਟ ਕੀਤੇ ਜਾਣ ਵਾਲੇ ਪ੍ਰਵਾਸੀਆਂ ਵਿਚੋਂ ਜ਼ਿਆਦਾਤਰ ਉਹ ਲੋਕ ਹੋ ਸਕਦੇ ਹਨ ਜਿਨ੍ਹਾਂ ਨੂੰ ਪਿਛਲੇ ਅੱਠ ਸਾਲ ਦੌਰਾਨ ਦੇਸ਼ ਛੱਡਣ ਦੇ ਹੁਕਮ ਦਿੱਤੇ ਗਏ ਪਰ ਉਨ੍ਹਾਂ ਨੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੇ ਅਫ਼ਸਰਾਂ ਦੀਆਂ ਅੱਖਾਂ ਵਿਚ ਘਟਾ ਪਾਉਂਦਿਆਂ ਆਪਣਾ ਟਿਕਾਣਾ ਹੀ ਬਦਲ ਰਹੇ ਹਨ।

ਗ੍ਰੇਟਰ ਵੈਨਕੂਵਰ ਬੋਰਡ ਆਫ਼ ਟਰੇਡ ਵੱਲੋਂ ਕਰਵਾਏ ਸਮਾਗਮ ਵਿਚ ਪੁੱਜੇ ਇਮੀਗ੍ਰੇਸ਼ਨ ਮੰਤਰੀ ਨੇ ਕਿਹਾ ਕਿ ਰੁਜ਼ਗਾਰਦਾਤਾਵਾਂ ਅਤੇ ਕਾਮਿਆਂ ਦਰਮਿਆਨ ਸਭ ਤੋਂ ਮਾੜੇ ਸਬੰਧ ਦੇਖਣੇ ਹੋਣ ਤਾਂ ਆਰਜ਼ੀ ਵਿਦੇਸ਼ੀ ਕਾਮਿਆਂ ਦੀ ਸ਼੍ਰੇਣੀ ਵਿਚ ਦੇਖੇ ਜਾ ਸਕਦੇ ਹਨ ਜਿੱਥੇ ਕਿਰਤੀਆਂ ਦਾ ਵੱਡੇ ਪੱਧਰ 'ਤੇ ਸ਼ੋਸ਼ਣ ਕੀਤਾ ਜਾਂਦਾ ਹੈ। ਖੇਤੀ ਸੈਕਟਰ ਅਤੇ ਫੂਡ ਪ੍ਰੋਸੈਸਿੰਗ ਵਿਚ ਤਾਂ ਆਰਜ਼ੀ ਵਿਦੇਸ਼ੀ ਕਾਮਿਆਂ ਨੂੰ ਬਣਦਾ ਮਿਹਨਤਾਨਾ ਵੀ ਨਹੀਂ ਮਿਲਦਾ ਪਰ ਫੈਡਰਲ ਸਰਕਾਰ ਵੱਲੋਂ ਆਰਜ਼ੀ ਵਿਦੇਸ਼ੀ ਕਾਮਿਆਂ ਦੀ ਅਥਾਹ ਆਮਦ 'ਤੇ ਰੋਕ ਲਾ ਦਿੱਤੀ ਗਈ ਹੈ ਅਤੇ ਹੁਣ ਸਸਤੇ ਵਿਦੇਸ਼ੀ ਮਜ਼ਦੂਰ ਮਿਲਣ ਵਾਲਾ ਦੌਰ ਲੰਘ ਚੁੱਕਾ ਹੈ। ਮਾਰਕ ਮਿਲਰ ਨੇ ਦੱਸਿਆ ਕਿ ਨਵੇਂ ਵਰ੍ਹੇ ਵਿਚ ਦਾਖਲ ਹੁੰਦਿਆਂ ਹਾਲਾਤ ਹੋਰ ਬਿਹਤਰ ਹੋਣਗੇ ਅਤੇ ਆਰਜ਼ੀ ਵਿਦੇਸ਼ੀ ਕਾਮਿਆਂ ਦੀ ਗਿਣਤੀ ਹੋਰ ਘਟ ਜਾਵੇਗੀ। ਉਨ੍ਹਾਂ ਦਲੀਲ ਦਿੱਤੀ ਕਿ ਕੈਨੇਡਾ ਵਿਚ ਮੌਜੂਦ ਕਿਰਤੀਆਂ ਨੂੰ ਪੀਆਰ ਦੇਣ ਵੱਲ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ ਅਤੇ ਵਿਦੇਸ਼ਾਂ ਤੋਂ ਕਿਰਤੀ ਸੱਦਣ ਦਾ ਰੁਝਾਨ ਘਟਾਇਆ ਗਿਆ ਹੈ।

ਦੱਸ ਦੇਈਏ ਕਿ ਗਲੋਬਲ ਨਿਊਜ਼ ਵੱਲੋਂ ਪ੍ਰਕਾਸ਼ਤ ਇਕ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਕਿ ਅਪਰਾਧਕ ਸਰਗਰਮੀਆਂ ਵਿਚ ਸ਼ਾਮਲ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦੇ ਹੁਕਮ ਤਾਂ ਜਾਰੀ ਹੋਏ ਪਰ 2018 ਤੱਕ 1,200 ਲੋਕ ਕੈਨੇਡਾ ਵਿਚ ਹੀ ਮੌਜੂਦ ਸਨ। ਉਧਰ ਅਮਰੀਕਾ ਚੋਣਾਂ ਵਿਚ ਡੋਨਾਲਡ ਟਰੰਪ ਦੀ ਜਿੱਤ ਮਗਰੋਂ ਪੈਦਾ ਹੋਏ ਹਾਲਾਤ ਬਾਰੇ ਮਾਰਕ ਮਿਲਰ ਨੇ ਕਿਹਾ ਕਿ ਉਹ ਟੌਮ ਹੋਮੈਨ ਨਾਲ ਸਿੱਧੀ ਗੱਲਬਾਤ ਕਰਨਾ ਚਾਹੁਣਗੇ। ਬਿਨਾਂ ਸ਼ੱਕ ਗੱਲਬਾਤ ਰਾਹ ਸੁਖਾਲਾ ਨਹੀਂ ਹੋਵੇਗਾ ਪਰ ਕੈਨੇਡਾ ਉਮੀਦ ਕਰਦਾ ਹੈ ਕਿ ਨਵੀਂ ਅਮਰੀਕੀ ਸਰਕਾਰ ਸੇਫ ਥਰਡ ਕੰਟਰੀ ਐਗਰੀਮੈਂਟ ਦੀ ਪਾਲਣਾ ਯਕੀਨੀ ਬਣਾਵੇਗੀ।

ਕੈਨੇਡਾ ਪੜਾਈ ਲਈ ਜਾਣ ਵਾਲੇ ਵਿਦਿਆਰਥੀਆਂ ਲਈ ਇਕ ਬਹੁਤ ਹੀ ਹੈਰਾਨ ਕਰਨ ਵਾਲੀ ਤੇ ਚਿੰਤਾ ਵਾਲੀ ਖਬਰ ਸਾਹਮਣੇ ਆਈ ਹੈ। ਕੈਨੇਡਾ ਦੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਇੰਚਾਰਜ ਇਮੀਗ੍ਰੇਸ਼ਨ ਅਧਿਕਾਰੀ ਨੇ ਖੁਲਾਸਾ ਕੀਤਾ ਹੈ ਕਿ ਇਸ ਸਾਲ ਕੈਨੇਡੀਅਨ ਕਾਲਜਾਂ ਅਤੇ ਯੂਨੀਵਰਸਿਟੀਆਂ ਤੋਂ 10,000 ਤੋਂ ਵੱਧ ਵਿਦੇਸ਼ੀ ਵਿਦਿਆਰਥੀ ਮਨਜ਼ੂਰੀ ਪੱਤਰਾਂ ਨੂੰ ਸੰਭਾਵੀ ਤੌਰ 'ਤੇ ਫਰਾਡ ਦੱਸਿਆ ਗਿਆ ਹੈ।

ਇਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ ਵੱਲੋਂ ਜਾਰੀ ਅੰਕੜਿਆਂ ਵਿਚ ਬਹੁਤ ਸਾਰੇ ਵਿਦੇਸ਼ੀ ਵਿਦਿਆਰਥੀ ਮਿਲੇ ਹਨ ਜਿਨ੍ਹਾਂ ਨੇ ਕਿਹਾ ਹੈ ਕਿ ਉਨ੍ਹਾਂ ਕੋਲ ਪੜ੍ਹਨ ਲਈ ਇੱਕ ਅਸਲੀ ਜਗ੍ਹਾ ਹੈ ਪਰ ਹੋ ਸਕਦਾ ਹੈ ਕਿ ਕੈਨੇਡਾ ਵਿਚ ਦਾਖਲ ਹੋਣ ਲਈ ਅਰਜ਼ੀ ਵਿਚ ਉਹ ਇਕ ਫਰਜ਼ੀ ਪੱਤਰ ਨੱਥੀ ਕਰ ਰਹੇ ਹੋਣ।ਪਿਛਲੇ ਸਾਲ ਸਥਾਈ ਨਿਵਾਸ ਲਈ ਅਰਜ਼ੀ ਦੇਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਇੱਕ ਸਮੂਹ ਨੂੰ ਦੇਸ਼ ਨਿਕਾਲੇ ਦਾ ਸਾਹਮਣਾ ਕਰਨ ਤੋਂ ਬਾਅਦ ਸਖ਼ਤ ਜਾਂਚਾਂ ਦੀ ਸ਼ੁਰੂਆਤ ਕੀਤੀ ਗਈ ਸੀ ਕਿਉਂਕਿ ਭਾਰਤ ਵਿੱਚ ਇੱਕ ਗੈਰ-ਲਾਇਸੈਂਸੀ ਇਮੀਗ੍ਰੇਸ਼ਨ ਸਲਾਹਕਾਰ ਨੇ ਅਧਿਐਨ ਪਰਮਿਟ ਲਈ ਆਪਣੀਆਂ ਅਰਜ਼ੀਆਂ ਦੇ ਨਾਲ ਜਾਅਲੀ ਸਵੀਕ੍ਰਿਤੀ ਪੱਤਰ ਜਮ੍ਹਾਂ ਕਰਵਾਏ ਸਨ।

ਇਮੀਗ੍ਰੇਸ਼ਨ ਵਿਭਾਗ ਵਿਚ ਅੰਤਰਰਾਸ਼ਟਰੀ ਵਿਦਿਆਰਥੀ ਸ਼ਾਖਾ ਦੇ ਡਾਇਰੈਕਟਰ-ਜਨਰਲ ਬ੍ਰੌਨਵਿਨ ਮੇਅ ਨੇ ਪਿਛਲੇ ਹਫ਼ਤੇ ਸੰਸਦ ਮੈਂਬਰਾਂ ਨੂੰ ਦੱਸਿਆ ਕਿ ਜਦੋਂ ਤੋਂ ਆਈਆਰਸੀਸੀ ਨੇ ਪਿਛਲੇ ਸਾਲ ਕਾਲਜਾਂ ਅਤੇ ਯੂਨੀਵਰਸਿਟੀਆਂ ਤੋਂ ਮਨਜ਼ੂਰੀ ਪੱਤਰਾਂ ਦੀ ਪੁਸ਼ਟੀ ਕਰਨੀ ਸ਼ੁਰੂ ਕੀਤੀ ਹੈ। ਅਧਿਕਾਰੀਆਂ ਨੇ "ਮਨਜ਼ੂਰੀ ਦੇ 10,000 ਤੋਂ ਵੱਧ ਸੰਭਾਵੀ ਤੌਰ 'ਤੇ ਧੋਖਾਧੜੀ ਵਾਲੇ ਪੱਤਰਾਂ ਨੂੰ ਰੋਕਿਆ ਹੈ।" ਉਸ ਨੇ ਕਿਹਾ ਕਿ ਵਿਭਾਗ ਦੁਆਰਾ ਪਿਛਲੇ 10 ਮਹੀਨਿਆਂ ਵਿੱਚ ਜਾਂਚ ਕੀਤੀਆਂ ਗਈਆਂ ਸਟੱਡੀ ਪਰਮਿਟ ਅਰਜ਼ੀਆਂ ਨਾਲ ਜੁੜੇ 500,000 ਮਨਜ਼ੂਰੀ ਪੱਤਰਾਂ ਵਿੱਚੋਂ 93 ਫੀਸਦੀ ਕਾਲਜ ਜਾਂ ਯੂਨੀਵਰਸਿਟੀ ਸਹੀ ਤਸਦੀਕ ਕੀਤੀਆਂ ਗਈਆਂ। ਪਰ 2 ਪ੍ਰਤੀਸ਼ਤ ਗੈਰ ਪ੍ਰਮਾਣਿਕ, 1 ਫੀਸਦੀ ਦੀ ਜਗ੍ਹਾ ਕਾਲਜ ਜਾਂ ਯੂਨੀਵਰਸਿਟੀ ਦੁਆਰਾ ਰੱਦ ਕਰ ਦਿੱਤੀ ਗਈ ਸੀ, ਜਦੋਂ ਕਿ ਦੂਜੇ ਮਾਮਲਿਆਂ ਵਿਚ ਕਾਲਜ ਅਤੇ ਯੂਨੀਵਰਸਿਟੀਆਂ ਇਹ ਦੱਸਣ ਵਿੱਚ ਅਸਫਲ ਰਹੀਆਂ ਕਿ ਕੀ ਬਿਨੈਕਾਰਾਂ ਨੂੰ ਪੜ੍ਹਨ ਲਈ ਜਗ੍ਹਾ ਦੀ ਪੇਸ਼ਕਸ਼ ਕਰਨ ਵਾਲੇ ਪੱਤਰ ਅਸਲ ਸਨ। ਉਸ ਨੇ ਕਾਮਨਜ਼ ਇਮੀਗ੍ਰੇਸ਼ਨ ਕਮੇਟੀ ਨੂੰ ਦੱਸਿਆ ਕਿ ਆਈਆਰਸੀਸੀ ਫਰਜ਼ੀ ਪੱਤਰਾਂ ਦੇ ਸਰੋਤ ਬਾਰੇ ਹੋਰ ਪੁੱਛਗਿੱਛ ਕਰ ਰਹੀ ਹੈ।

ਐਨੀ ਬਿਊਡੋਇਨ, ਇੱਕ ਸਾਬਕਾ ਇਮੀਗ੍ਰੇਸ਼ਨ ਅਧਿਕਾਰੀ ਜੋ ਹੁਣ ਇੱਕ ਰਜਿਸਟਰਡ ਇਮੀਗ੍ਰੇਸ਼ਨ ਸਲਾਹਕਾਰ ਹੈ, ਨੇ ਕਿਹਾ ਕਿ ਉਹ ਸੰਭਾਵੀ ਧੋਖਾਧੜੀ ਦੇ ਪੈਮਾਨੇ ਤੋਂ ਹੈਰਾਨ ਨਹੀਂ ਸੀ। ਉਸਨੇ ਕਿਹਾ ਕਿ ਵਿਸਤ੍ਰਿਤ ਪ੍ਰਣਾਲੀ ਦੀ ਸ਼ੁਰੂਆਤ ਤੋਂ ਪਹਿਲਾਂ, ਪ੍ਰਸ਼ਨਾਤਮਕ ਸਵੀਕ੍ਰਿਤੀ ਪੱਤਰਾਂ ਨੂੰ ਵੇਖਣਾ ਅਸਧਾਰਨ ਨਹੀਂ ਸੀ। ਇੱਕ ਮਾਮਲੇ ਵਿੱਚ ਉਸਨੇ ਨੌਜਵਾਨ ਕੋਰੀਆਈ ਔਰਤਾਂ ਦੇ ਇੱਕ ਸਮੂਹ ਨੂੰ ਦੇਖਿਆ। ਸਾਰੀਆਂ ਨੂੰ ਇੱਕੋ ਸੰਸਥਾ ਤੋਂ ਇੱਕੋ ਮਨਜ਼ੂਰੀ ਪੱਤਰ ਮਿਲੇ ਸਨ। ਮੰਨਿਆ ਜਾ ਰਿਹਾ ਹੈ ਕਿ ਉਹ ਸੈਕਸ-ਤਸਕਰੀ ਨਾਲ ਜੁੜੇ ਹੋਏ ਸਨ।ਉਸ ਨੇ ਕਿਹਾ ਕਿ ਇਹ ਵੱਡੀ ਧੋਖਾਧੜੀ ਹੈ। ਅਸੀਂ ਖੁਸ਼ ਸੀ ਜਦੋਂ ਆਈਆਰਸੀਸੀ ਨੇ ਇਹ ਜਾਂਚ ਕਰਨ ਦਾ ਇੱਕ ਤੇਜ਼, ਕੁਸ਼ਲ ਤਰੀਕਾ ਰੱਖਿਆ ਕਿ ਕੀ ਮਨਜ਼ੂਰੀ ਪੱਤਰ ਅਸਲੀ ਜਾਰੀ ਕੀਤੇ ਗਏ ਸਨ।

ਐੱਨਡੀਪੀ ਇਮੀਗ੍ਰੇਸ਼ਨ ਆਲੋਚਕ ਜੈਨੀ ਕਵਾਨ ਨੇ ਕਿਹਾ ਕਿ ਸਰਕਾਰ ਵੱਲੋਂ ਹਾਲ ਹੀ ਵਿੱਚ 10,000 ਜਾਅਲੀ ਦਾਖਲਾ ਪੱਤਰਾਂ ਦਾ ਪਰਦਾਫਾਸ਼ ਕੀਤੇ ਜਾਣ ਦਾ ਖੁਲਾਸਾ ਬਹੁਤ ਚਿੰਤਾਜਨਕ ਹੈ। ਇਹ ਗੈਰ-ਸੰਵੇਦਨਸ਼ੀਲ ਹੈ ਕਿ ਲਿਬਰਲਾਂ ਨੇ ਬੇਈਮਾਨਾਂ ਨੂੰ ਇੰਨੇ ਲੰਬੇ ਸਮੇਂ ਤੱਕ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਸ਼ੋਸ਼ਣ ਅਤੇ ਦੁਰਵਿਵਹਾਰ ਕਰਨ ਦੀ ਇਜਾਜ਼ਤ ਦਿੱਤੀ। ਸਰਕਾਰ ਨੂੰ ਨਾ ਸਿਰਫ ਇਹ ਪਛਾਣ ਕਰਨ ਦੀ ਜ਼ਰੂਰਤ ਹੈ ਕਿ ਉਹ ਕੌਣ ਹਨ ਬਲਕਿ ਉਨ੍ਹਾਂ ਨੂੰ ਉਨ੍ਹਾਂ ਸੰਸਥਾਵਾਂ ਦੀ ਵੀ ਪਛਾਣ ਕਰਨ ਦੀ ਜ਼ਰੂਰਤ ਹੈ ਜੋ ਕਿਸੇ ਵੀ ਧੋਖਾਧੜੀ ਦੀਆਂ ਯੋਜਨਾਵਾਂ ਵਿੱਚ ਸ਼ਾਮਲ ਹਨ। ਓਟਵਾ ਨੇ ਪਿਛਲੇ ਸਾਲ ਭਾਰਤ, ਚੀਨ ਅਤੇ ਵੀਅਤਨਾਮ ਦੇ ਵਿਦਿਆਰਥੀਆਂ ਦੇ 2,000 ਸ਼ੱਕੀ ਮਾਮਲਿਆਂ ਦੀ ਜਾਂਚ ਸ਼ੁਰੂ ਕੀਤੀ ਸੀ। ਇਸ ਵਿਚ ਪਾਇਆ ਗਿਆ ਕਿ ਵਿਦੇਸ਼ਾਂ ਦੇ ਇਮੀਗ੍ਰੇਸ਼ਨ ਸਲਾਹਕਾਰਾਂ ਦੁਆਰਾ ਲਗਭਗ 1,485 ਨੂੰ ਕੈਨੇਡਾ ਆਉਣ ਲਈ ਜਾਅਲੀ ਦਸਤਾਵੇਜ਼ ਜਾਰੀ ਕੀਤੇ ਗਏ ਸਨ। ਕਈਆਂ ਨੂੰ ਕਾਲਜਾਂ ਤੋਂ ਮਨਜ਼ੂਰੀ ਪੱਤਰ ਜਾਅਲੀ ਪਾਏ ਜਾਣ ਤੋਂ ਬਾਅਦ ਕੈਨੇਡਾ ਵਿੱਚ ਦਾਖਲ ਹੋਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ, ਪਰ ਬਾਕੀ ਪਹਿਲਾਂ ਹੀ ਆ ਚੁੱਕੇ ਸਨ।

# ਕੈਨੇਡਾ ਵਿੱਚ ਸਟੱਡੀ ਵੀਜ਼ਾ ਨਿਯਮਾਂ ਵਿੱਚ ਬਦਲਾਅ, ਵਿਦਿਆਰਥੀਆਂ ਲਈ ਨਵੀਆਂ ਚੁਣੌਤੀਆਂ

ਸਰੀ : ਕੈਨੇਡਾ ਨੇ ਸਟੱਡੀ ਵੀਜ਼ਾ ਨਾਲ ਸਬੰਧਿਤ ਨਵੀਆਂ ਨੀਤੀਆਂ ਦਾ ਐਲਾਨ ਕੀਤਾ ਹੈ, ਜਿਸ ਨਾਲ ਕੈਨੇਡਾ ਵਿੱਚ ਪੜ੍ਹਾਈ ਕਰ ਰਹੇ ਅਤੇ ਨਵੇਂ ਵਿਦਿਆਰਥੀਆਂ ਉੱਤੇ ਨਿਰਧਾਰਿਤ ਪ੍ਰਭਾਵ ਪੈਣ ਦੀ ਸੰਭਾਵਨਾ ਹੈ। ਹੁਣ ਕੈਨੇਡਾ ਵਿੱਚ ਸਟੱਡੀ ਵੀਜ਼ਾ ਉੱਪਰ ਆਏ ਵਿਦਿਆਰਥੀਆਂ ਲਈ ਆਪਣਾ ਕਾਲਜ ਬਦਲਣਾ ਪਹਿਲਾਂ ਦੇ ਮੁਕਾਬਲੇ ਜਿਆਦਾ ਮੁਸ਼ਕਿਲ ਹੋ ਗਿਆ ਹੈ। ਸਰਕਾਰ ਦੇ ਇਸ ਕਦਮ ਦੇ ਪਿੱਛੇ ਮੁੱਖ ਤੌਰ 'ਤੇ ਅਸਥਾਈ ਪਰਵਾਸੀਆਂ ਦੀ ਗਿਣਤੀ ਘਟਾਉਣ ਅਤੇ ਸਿਸਟਮ ਵਿੱਚ ਸਥਿਰਤਾ ਲਿਆਉਣ ਦੀ ਕੋਸ਼ਿਸ਼ ਹੈ।




ਪਹਿਲਾਂ, ਵਿਦਿਆਰਥੀ ਆਪਣਾ ਕਾਲਜ ਬਦਲਣ ਲਈ ਸਿਰਫ਼ ਆਫ਼ਰ ਲੈਟਰ ਅਤੇ ਆਪਣੇ ਸਟੱਡੀ ਪਰਮਿਟ ਨੂੰ ਅਪਡੇਟ ਕਰਕੇ ਕੈਨੇਡਾ ਇਮੀਗ੍ਰੇਸ਼ਨ ਮੰਤਰਾਲੇ ਨੂੰ ਸੂਚਿਤ ਕਰ ਸਕਦੇ ਸਨ। ਪਰ ਹੁਣ, ਵਿਦਿਆਰਥੀਆਂ ਨੂੰ ਕਾਲਜ ਬਦਲਣ ਲਈ ਮੁੜ ਸਟੱਡੀ ਪਰਮਿਟ ਲਈ ਅਰਜ਼ੀ ਦੇਣੀ ਪਵੇਗੀ। ਇਸਦੇ ਨਾਲ ਜੁੜੇ ਨਵੇਂ ਨਿਯਮਾਂ 'ਚ ਵਿਦਿਆਰਥੀ ਨੂੰ ਕਾਲਜ ਬਦਲਣ ਲਈ ਪਹਿਲਾਂ ਮਨਜ਼ੂਰਸ਼ੁਦਾ ਕਾਲਜ ਤੋਂ ਆਫ਼ਰ ਲੈਟਰ ਅਤੇ ਪ੍ਰਵਿੰਸ ਤੋਂ ਅਟੈਸਟੇਸ਼ਨ ਲੈਟਰ ਪ੍ਰਾਪਤ ਕਰਨਾ ਪਵੇਗਾ। ਸਟੱਡੀ ਪਰਮਿਟ ਲਈ ਅਰਜ਼ੀ ਦੇਣ ਦੀ ਫੀਸ 150 ਡਾਲਰ ਹੋਵੇਗੀ। ਨਵੀਂ ਅਰਜ਼ੀ ਦੇ ਦੌਰਾਨ ਵੀਜ਼ਾ ਅਧਿਕਾਰੀ ਅਰਜ਼ੀ ਦੀ ਗਹਿਰਾਈ ਨਾਲ ਜਾਂਚ ਕਰਨਗੇ। ਜੇਕਰ ਅਰਜ਼ੀ ਦੀਆਂ ਲੋੜੀਂਦੀਆਂ ਸ਼ਰਤਾਂ ਪੂਰੀਆਂ ਨਹੀਂ ਹੁੰਦੀਆਂ, ਤਾਂ ਸਟੱਡੀ ਪਰਮਿਟ ਰੱਦ ਕੀਤਾ ਜਾ ਸਕਦਾ ਹੈ। ਇਮੀਗ੍ਰੇਸ਼ਨ ਮਾਹਰਾਂ ਅਤੇ ਵਿਦਿਆਰਥੀਆਂ ਦੇ ਦਾਅਵੇ ਮੁਤਾਬਕ, ਨਵੇਂ ਨਿਯਮਾਂ ਨਾਲ ਵਿਦਿਆਰਥੀਆਂ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਨਵੇਂ ਵਿਦਿਆਰਥੀ ਅਤੇ ਪਹਿਲਾਂ ਤੋਂ ਕੈਨੇਡਾ ਵਿੱਚ ਮੌਜੂਦ ਵਿਦਿਆਰਥੀ, ਜਿਨ੍ਹਾਂ ਨੇ ਆਪਣੀ ਪੜ੍ਹਾਈ ਸ਼ੁਰੂ ਕੀਤੀ ਹੈ, ਨੂੰ ਕਾਲਜ ਬਦਲਣ ਲਈ ਮੁੜ ਤੋਂ ਸਟੱਡੀ ਪਰਮਿਟ ਲਈ ਅਰਜ਼ੀ ਦੇਣੀ ਪਵੇਗੀ।

ਬਹੁਤ ਸਾਰੇ ਵਿਦਿਆਰਥੀ ਵਰਕ ਪਰਮਿਟ ਹਾਸਲ ਕਰਨ ਲਈ ਪਬਲਿਕ ਕਾਲਜਾਂ ਵਿੱਚ ਟਰਾਂਸਫਰ ਹੁੰਦੇ ਸਨ। ਹੁਣ ਇਸ ਪ੍ਰਕਿਰਿਆ ਦੇ ਮੁਸ਼ਕਿਲ ਹੋਣ ਨਾਲ ਉਹਨਾਂ ਦੇ ਯੋਜਨਾਵਾਂ ਵਿੱਚ ਵਿਘਨ ਪੈ ਸਕਦਾ ਹੈ। ਮੁੜ ਤੋਂ ਅਰਜ਼ੀ ਦੇਣ ਦੀ ਲਾਗਤ, ਨਵੇਂ ਆਫ਼ਰ ਲੈਟਰ ਪ੍ਰਾਪਤ ਕਰਨ ਦੀ ਲਾਗਤ ਅਤੇ ਹੋਰ ਦਸਤਾਵੇਜ਼ੀ ਕਾਰਵਾਈਆਂ ਵਿਦਿਆਰਥੀਆਂ ਲਈ ਵਿੱਤੀ ਬੋਝ ਵਧਾ ਸਕਦੀਆਂ ਹਨ। ਜੇਕਰ ਅਰਜ਼ੀ ਰੱਦ ਹੋ ਜਾਂਦੀ ਹੈ, ਤਾਂ ਵਿਦਿਆਰਥੀਆਂ ਨੂੰ ਆਪਣੇ ਮੂਲ ਦੇਸ਼ ਵਾਪਸ ਜਾਣਾ ਪਵੇਗਾ।

ਕੈਨੇਡਾ ਸਰਕਾਰ ਨੇ ਇੰਟਰਨੈਸ਼ਨਲ ਵਿਦਿਆਰਥੀਆਂ ਦੇ ਕੰਮ ਦੇ ਘੰਟਿਆਂ ਵਿੱਚ ਕੁਝ ਸਮਝੌਤਾ ਕੀਤਾ ਹੈ। ਹੁਣ ਵਿਦਿਆਰਥੀ ਆਫ਼ ਕੈਂਪਸ 24 ਘੰਟੇ ਕੰਮ ਕਰ ਸਕਦੇ ਹਨ। ਇਹ ਬਦਲਾਅ ਸਰਕਾਰ ਵੱਲੋਂ ਦੇਸ਼ ਵਿੱਚ ਮੌਜੂਦਾ ਕੰਮਿਆਂ ਦੀ ਘਾਟ ਨੂੰ ਦੂਰ ਕਰਨ ਦੇ ਯਤਨ ਦੇ ਤਹਿਤ ਕੀਤਾ ਗਿਆ ਹੈ। ਹਾਲਾਂਕਿ, ਇਹ ਛੂਟ ਅਸਥਾਈ ਹੈ ਅਤੇ ਇਸ ਦੇ ਅੰਤਮ ਤਾਰੀਖ ਦਾ ਐਲਾਨ ਨਹੀਂ ਹੋਇਆ।

ਪੰਜਾਬ ਤੋਂ ਇਮੀਗ੍ਰੇਸ਼ਨ ਮਾਹਰ ਕੁਲਦੀਪ ਸਿੰਘ ਨੇ ਕਿਹਾ ਕਿ ਨਵੇਂ ਨਿਯਮਾਂ ਨਾਲ ਬਹੁਤ ਸਾਰੇ ਵਿਦਿਆਰਥੀਆਂ ਲਈ ਪਰੇਸ਼ਾਨੀ ਵਧੀ ਹੈ। ਉਹ ਕਹਿੰਦੇ ਹਨ, "ਅਚਾਨਕ ਨਵੀਆਂ ਨੀਤੀਆਂ ਦਾ ਐਲਾਨ ਕਰਨ ਨਾਲ ਵਿਦਿਆਰਥੀ ਅਤੇ ਇਮੀਗ੍ਰੇਸ਼ਨ ਸੇਕਟਰ ਦੋਵੇਂ ਪ੍ਰਭਾਵਿਤ ਹੋ ਰਹੇ ਹਨ। ਬਹੁਤ ਸਾਰੇ ਵਿਦਿਆਰਥੀ ਜਿਨ੍ਹਾਂ ਨੇ ਜਨਵਰੀ ਸੈਸ਼ਨ ਲਈ ਅਰਜ਼ੀ ਦਿੱਤੀ ਹੈ, ਉਹਨਾਂ ਨੂੰ ਹੁਣ ਕਾਲਜ ਬਦਲਣ ਵਿੱਚ ਮੁਸ਼ਕਿਲ ਹੋਵੇਗੀ।"

ਸਰਕਾਰ ਨੇ ਟੈਂਪੋਰਰੀ ਰੈਜ਼ੀਡੈਂਟਸ ਦੀ ਗਿਣਤੀ ਘਟਾਉਣ ਦੇ ਉਦੇਸ਼ ਨਾਲ ਇਹ ਕਦਮ ਚੁੱਕਿਆ ਹੈ। ਇਹ ਫੈਸਲਾ ਇੱਕ ਵੱਡੀ ਯੋਜਨਾ ਦਾ ਹਿੱਸਾ ਹੈ, ਜੋ ਸਥਾਈ ਪਰਵਾਸੀਆਂ ਅਤੇ ਅਸਥਾਈ ਪਰਵਾਸੀਆਂ ਦੀ ਗਿਣਤੀ ਨੂੰ ਸੰਤੁਲਿਤ ਕਰਨ ਲਈ ਬਣਾਈ ਗਈ ਹੈ।

ਨਵੇਂ ਨਿਯਮ ਵਿਦਿਆਰਥੀਆਂ ਲਈ ਸਿਸਟਮਿਕ ਚੁਣੌਤੀਆਂ ਪੈਦਾ ਕਰ ਰਹੇ ਹਨ। ਹਾਲਾਂਕਿ ਕੁਝ ਵਿਦਿਆਰਥੀਆਂ ਨੂੰ 24 ਘੰਟੇ ਕੰਮ ਕਰਨ ਦੀ ਸਹੂਲਤ ਨਾਲ ਲਾਭ ਹੋਵੇਗਾ, ਪਰ ਕਾਲਜ ਬਦਲਣ ਦੀ ਸਖ਼ਤ ਪ੍ਰਕਿਰਿਆ ਵਿਦਿਆਰਥੀਆਂ ਲਈ ਵੱਡੀ ਚਿੰਤਾ ਬਣੀ ਹੋਈ ਹੈ।

# ਵੈਨਕੂਵਰ ਹਵਾਈ ਅੱਡੇ 'ਤੇ ਬੋਇੰਗ-767 ਜੈਟ ਰਨਵੇ ਖਿਸਕਿਆ

ਸਰੀ, (ਸਿਮਰਨਜੀਤ ਸਿੰਘ): ਵੈਨਕੂਵਰ ਦੇ ਹਵਾਈ ਅੱਡੇ 'ਤੇ ਇੱਕ ਬੋਇੰਗ 767 ਕਾਰਗੋ ਜੈਟ ਤਕਨੀਕੀ ਖਰਾਬੀ ਕਾਰਨ ਰਨਵੇ ਤੋਂ ਖਿਸਕਗਿਆ। ਅੰਤਰਰਾਸ਼ਟਰੀ ਫਲਾਈਟ ਟ੍ਰੈਕਿੰਗ ਡੇਟਾਬੇਸ ਫਲਾਈਟਰੈਡਰ 24 ਤੋਂ ਪ੍ਰਾਪਤ ਜਾਣਕਾਰੀ ਅਨੁਸਾਰ, ਜੈਟ ਰਨਵੇ ਤੋਂ ਕਾਫੀ ਦੇਰ ਬਾਅਦ ਰੁਕਿਆ ਜਦੋਂ ਉਹ ਉੱਤਰਦੇ ਹੋਏ 200 ਕਿਮੀ/ਘੰਟਾ ਦੀ ਗਤੀ 'ਤੇ ਉਡ ਕਰ ਰਿਹਾ ਸੀ। ਟ੍ਰਾਂਸਪੋਰਟੇਸ਼ਨ ਸੇਫਟੀ ਬੋਰਡ ਨੇ ਕਿਹਾ ਕਿ ਉਹ ਇਸ ਘਟਨਾ ਦੀ ਜਾਂਚ ਕਰ ਰਿਹਾ ਹੈ, ਜਦੋਂ ਜੈਟ ਨੇ ਸ਼ਾਮ 1:45 ਵਜੇ ਉੱਤਰਦੇ ਹੋਏ ਨੋਰਥ ਰਨਵੇ ਦੇ ਅੰਤ ਤੋਂ ਬਾਹਰ ਚਲਾ ਗਿਆ। ਇਸ ਘਟਨਾ ਤੋਂ ਬਾਅਦ ਬਾਕੀ ਦੀਆਂ ਕਈ ਫਟਾਈਟਾਂ ਵੀ ਰੁੱਕੀਆਂ ਰਹੀਆਂ ਅਤੇ ਉਡਾਨ 'ਚ ਦੇਰੀ ਹੋਣ ਕਾਰਨ ਯਾਤਰੀਆਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਸੇਫ਼ਟੀ ਬੋਰਡ ਦੀ ਵੈੱਬਸਾਈਟ ਅਨੁਸਾਰ ਜਹਾਜ਼ ਦਾ ਰਨਵੇਅ ਤੋਂ ਉਤਰਨਾ ਜਹਾਜ਼ ਨੂੰ ਨੁਕਸਾਨ ਪਹੁੰਚ ਸਕਦਾ ਹੈ ਅਤੇ ਕਈ ਮਾਮਲਿਆਂ ਵਿਚ ਸੱਟਾਂ ਜਾਂ ਮੌਤ ਦਾ ਕਾਰਨ ਵੀ ਬਣ ਸਕਦਾ ਹੈ। ਬੋਰਡ ਦਾ ਕਹਿਣਾ ਹੈ ਕਿ ਜਦੋਂ ਰਨਵੇਅ ਦੇ ਆਲੇ ਦੁਆਲੇ ਢੁਕਵਾਂ ਖੇਤਰ ਜਾਂ ਜਹਾਜ਼ਾਂ ਨੂੰ ਰੋਕਣ ਲਈ ਢੁਕਵਾਂ ਸਿਸਟਮ ਨਹੀਂ ਹੁੰਦਾ ਤਾਂ ਨਤੀਜੇ ਖ਼ਾਸ ਤੌਰ 'ਤੇ ਗੰਭੀਰ ਹੋ ਸਕਦੇ ਹਨ। ਏਅਰਪੋਰਟ ਨੇ ਯਾਤਰੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਏਅਰਪੋਰਟ ਲਈ ਰਵਾਨਾ ਹੋਣ ਤੋਂ ਪਹਿਲਾਂ ਆਪਣੀਆਂ ਉਡਾਣਾਂ ਦੇ ਸਮੇਂ ਅਤੇ ਸਥਿਤੀ ਬਾਰੇ ਸੁਚੇਤ ਰਹਿਣ। This report was written by Simranjit Singh as part of the Local Journalism Initiative.




# ਸਰੀ ਵਿੱਚ ਨਜਾਇਜ਼ ਨਸ਼ਿਆਂ ਵੱਡੀ ਖੇਪ ਬਰਾਮਦ, ਤਿੰਨ ਗ੍ਰਿਫਤਾਰ



ਸਰੀ, (ਸਿਮਰਨਜੀਤ ਸਿੰਘ): ਸਰੀ ਆਰਸੀਐਮਪੀ ਵਲੋਂ ਨਜਾਇਜ਼ ਨਸ਼ਿਆਂ ਦੀ ਵੱਡੀ ਖੇਪ ਬਰਾਮਦ ਕੀਤੀ ਗਈ ਹੈ ਅਤੇ ਇਸ ਮਾਮਲੇ ਵਿੱਚ ਤਿੰਨ ਲੋਕ ਗ੍ਰਿਫਤਾਰ ਕੀਤੇ ਗਏ ਹਨ। ਸਟਾਫ ਸਾਰਜੰਟ ਗਲੇਨ ਲੀਸਨ ਨੇ ਦੱਸਿਆ ਕਿ ਜਾਂਚ ਦੌਰਾਨ ਮੈਟਰੋ ਵੈਨਕੂਵਰ ਵਿੱਚ ਸੱਤ ਥਾਵਾਂ 'ਤੇ ਛਾਪੇ ਮਾਰੇ ਗਏ। ਮਲਜ਼ਮਾਂ ਦੀ ਗ੍ਰਿਫ਼ਤਾਰੀ ਦੌਰਾਨ ਤਿੰਨ ਗ੍ਰਿਫਤਾਰ ਕੀਤੇ ਗਏ ਹਨ। ਲੀਸਨ ਦੇ ਮੁਤਾਬਕ, ਇਨ੍ਹਾਂ ਦੇ ਖਿਲਾਫ਼ ਦੋਸ਼ ਪੇਸ਼ ਕਰਨ ਦੀ ਪ੍ਰਕਿਰਿਆ ਜਾਰੀ ਹੈ।

ਪੁਲਿਸ ਨੇ ਬਹੁਤ ਵੱਡੀ ਮਾਤਰਾ ਵਿੱਚ ਨਸ਼ੇ ਜ਼ਬਤ ਕੀਤੇ ਹਨ, ਜਿਨ੍ਹਾਂ ਵਿੱਚ 36 ਕਿਲੋਗ੍ਰਾਮ ਫੈਂਟਾਨਾਈਲ, 23 ਕਿਲੋਗ੍ਰਾਮ ਐਮਡੀਐਮਏ, 20 ਕਿਲੋਗ੍ਰਾਮ ਕੋਕੇਨ, 23 ਕਿਲੋਗ੍ਰਾਮ ਮੈਥੈਮਫੇਟਾਮੀਨ ਅਤੇ ਹੋਰ ਨਸ਼ੀਲੇ ਪਦਾਰਥ ਸ਼ਾਮਲ ਹਨ। ਇਸ ਤੋਂ ਇਲਾਵਾ, $119,000 ਨਕਦ ਰਕਮ ਅਤੇ ਤਿੰਨ ਵਾਹਨ ਵੀ ਕਬਜ਼ੇ ਵਿੱਚ ਲਏ ਗਏ ਹਨ।

ਪੁਲਿਸ ਦੇ ਅਨੁਸਾਰ, ਇਹ ਮਲਜ਼ਮ ਨਜਾਇਜ਼ ਹਥਿਆਰਾਂ ਦੇ ਕਾਰੋਬਾਰ ਵਿੱਚ ਵੀ ਸ਼ਾਮਲ ਸਨ, ਜਿਨ੍ਹਾਂ ਵਿੱਚ 3ਡੀ-ਪਰਿੰਟ ਕੀਤੀਆਂ 'ਘੋਸਟ ਗੰਨ' ਅਤੇ ਅਮਰੀਕਾ ਤੋਂ ਆਏ ਹਥਿਆਰ ਵੀ ਸ਼ਾਮਲ ਹਨ।

ਲੀਸਨ ਨੇ ਕਿਹਾ ਕਿ ਇਸ ਹਫ਼ਤੇ ਪੇਸ਼ ਕੀਤੀ ਗਈ ਇਹ ਜ਼ਬਤੀ ਸਰੀ ਵਿੱਚ ਪਿਛਲੇ ਕੁਝ ਮਹੀਨਿਆਂ ਵਿੱਚ ਹੋਏ ਨਜਾਇਜ਼ ਨਸ਼ਿਆਂ ਦੇ ਹੋਰ ਮਾਮਲਿਆਂ ਨਾਲ ਸੰਬੰਧਿਤ ਨਹੀਂ ਹੈ। ਮਾਹਿਰਾਂ ਨੇ ਜ਼ੋਰ ਦਿੱਤਾ ਕਿ ਨਸ਼ਿਆਂ ਦੇ ਪੁਨਰਵਿਤਰਣ ਨੂੰ ਰੋਕਣ ਲਈ ਸਿਰਫ ਜ਼ਬਤੀਆਂ ਹੀ ਹੱਲ ਨਹੀਂ ਹਨ। ਐਸਿਸਟੈਂਟ ਕਮਿਸ਼ਨਰ ਬ੍ਰਾਇਨ ਐਡਵਰਡਸ ਨੇ ਕਿਹਾ, "ਨਸ਼ਿਆਂ ਦੀ ਰੋਕਥਾਮ ਲਈ ਕਮਿਊਨਿਟੀ ਨੂੰ ਸਿਰਫ ਕਾਰਵਾਈ 'ਤੇ ਨਿਰਭਰ ਨਹੀਂ ਕਰਨੀ ਚਾਹੀਦੀ। ਸਾਨੂੰ ਨਸ਼ਿਆਂ ਨਾਲ ਹੋਣ ਵਾਲੇ ਜੀਵਨ-ਨਾਸਕ ਪ੍ਰਭਾਵਾਂ ਨੂੰ ਰੋਕਣ ਲਈ ਪਹਿਲਾਂ ਤੋਂ ਹੀ ਸਰਗਰਮ ਕਦਮ ਚੁੱਕਣੇ ਪੈਣਗੇ।"This report was written by Simranjit Singh as part of the Local Journalism Initiative.

JOB AND FAIR
owned by L.S Fair Enterprise

We Provide a reliable and Flexible Workforce,

Ready to meet your labor needs anywhere, Ensuring efficient and timely support across various Locations.

» Move In & Out Cleaning
» One Off Deep Cleaning
» After Builder Cleaning
» Appliances Cleaning Incl. Oven
» Commercial Cleaning
» Pressure Cleaning
» Professional Carpet Cleaning

JASVINDER SINGH

CELL : +1 236-632-6301 | +1 604-512-5001
Email: jobandfair@gmail.com | Web: jobandfair.ca
12844 - 66B Ave. Surrey, B.C.



SABZI MANDI SUPERMARKET
Serving our Community since 2003
KELOWNA LOCATION NOW OPEN!!!
VISIT US FOR OPENING SPECIALS AND THE BEST PRICES IN ALL OF KELOWNA
HOT PRICE FRESH TOMATOES ਟਮਾਟਰ 99¢ /lb
HOT PRICE FRESH CILANTRO ਧਨੀਆਂ Bunch 2 for 99¢
HOT PRICE FRESH FENUGREEK METHI ਮੇਥੀ Bunch 1.69 ea
HOT PRICE LONG ENGLISH CUCUMBERS ਖੀਰੇ 79¢ ea
PUNJABI BY NATURE MUSTARD OIL ਪੰਜਾਬੀ ਬਾਈ ਨੇਚਰ ਸਰੋਂ ਦਾ ਤੇਲ 1L 6.99 ea
UNBEATABLE DEAL BROWN SUGAR ਭੂਰੀ ਖੰਡ 8lb 5.99 ea
HEER Quality Comes First
Brown Cane Sugar
ਖਾਲਿਸ ਗੰਨੇ ਦੀ ਖੰਡ
Le Cassonade de Canne de prime
BC GREEN CABBAGE ਪੱਤ ਗੋਭੀ 69¢ /lb
ROSHNI BASMATI RICE ਰੋਸ਼ਨੀ ਬਾਸਮਤੀ ਚਾਵਲ 8lb 8.99 ea
US #1 POTATOES ਆਲੂ 10lb 3.99 ea
MDH SPICES ਐਮ. ਡੀ. ਐਚ. ਮਸਾਲੇ Select Varieties 1.99 ea
PUNJABI BY NATURE SOYA CHAAP ਪੰਜਾਬੀ ਬਾਈ ਨੇਚਰ ਸੋਯਾ ਚਾਪ 850g 3.99 ea
MERI CHAI TEA ਮੇਰੀ ਚਾਹ 216's 5.99 ea
LEHAR GACHAK ਲੈਹਰ ਗੱਚਕ 400g 3.49 ea
JUMBO CARROTS ਵਡੀਆਂ ਗਾਜਰਾਂ 88¢ /lb
AAP KI PASAND COOKIES ਆਪ ਕੀ ਪਸੰਦ ਕੁਕੀਆਂ 2.2lb 5.99 ea
GUR & SAUNF BISCUITS
AMBAY BESAN ਅੰਬੇ ਬੇਸਣ 4lb 3.99 ea
AASHIRVAAD MULTIGRAIN FLOUR ਆਸ਼ਿਰਵਾਦ ਮੱਲਟੀਗਰੇਨ ਆਟਾ 10lb 8.99 ea
ROSHNI TAMARIND ਰੋਸ਼ਨੀ ਇਮਲੀ 400g 2 for $5
PEELED GARLIC ਲਸਣ 5lb Jar 12.99 ea
PUNJABI BY NATURE ATTA COOKIES ਪੰਜਾਬੀ ਬਾਈ ਨੇਚਰ ਆਟਾ ਕੁਕੀਆਂ 700g 5.99 ea
AMBROSIA APPLES ਐਮਬਰੋਜ਼ਾ ਸੇਬ 99¢ /lb
BC GALA APPLES ਬੀ.ਸੀ. ਗੈਲਾ ਸੇਬ 88¢ /lb
FRESH OPO ਲੌਕੀ 1.29 /lb
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. November 22, 2024 - Wed. November 27, 2024
MasterCard VISA AMERICAN EXPRESS Interac
American Express accepted at three locations.
Prices in effect while quantities last and are subject to change without notice. We reserve the right to limit quantities. Photos are for illustrative purposes only and may not depict actual sale item.
SABZI MANDI SUPERMARKET
STORES OPEN 7 DAYS A WEEK
Visit one of our great locations so we can serve you today!
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
You can also visit us online at www.sabzimandicanada.com